Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2



Vol 17 * Issue 214 Daily Newspaper Friday, November 09, 2018 Tel: 905-793-2202 Fax: 905-793-2282 news@punjabipost.ca



ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ਼ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed


# ਟਰੂਡੋ ਤੇ ਫੋਰਡ ਵੱਲੋਂ 1984 ਦੀ ਸਿੱਖ ਨਸਲਕੁਸ਼ੀ ਸਬੰਧੀ ਬਿਆਨ ਜਾਰੀ ਨਾ ਕੀਤੇ ਜਾਣ ਤੋਂ ਸਿੱਖ ਨਿਰਾਸ਼ : ਡਬਲਿਊਐਸਓ

ਓਟਵਾ, 8 ਨਵੰਬਰ (ਪੋਸਟ ਬਿਊਰੋ) : ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਵੱਲੋਂ ਬਿਆਨ ਜਾਰੀ ਕਰਕੇ ਇਸ ਗੱਲ ਉੱਤੇ ਅਫਸੋਸ ਕੀਤਾ ਗਿਆ ਹੈ ਕਿ 1984 ਵਿੱਚ ਸਿੱਖਾਂ ਦੀ ਹੋਈ ਨਸਲਕੁਸ਼ੀ ਦੇ ਸਬੰਧ ਵਿੱਚ ਨਾ ਤਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਤੇ ਨਾ ਹੀ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਕੋਈ ਬਿਆਨ ਜਾਰੀ ਕੀਤਾ ਗਿਆ। 1984 ਵਿੱਚ ਨਵੰਬਰ ਦੇ ਮਹੀਨੇ ਦੇ ਪਹਿਲੇ ਹਫਤੇ ਵਿੱਚ ਹੋਈ ਸਿੱਖਾਂ ਦੀ ਨਸਲਕੁਸ਼ੀ ਦੇ ਸਬੰਧ ਵਿੱਚ ਦੁਨੀਆ ਭਰ ਵਿੱਚ ਤੇ ਕੈਨੇਡਾ ਵਿੱਚ ਇਸ ਦੌਰਾਨ ਮਨਾਏ ਜਾਣ ਵਾਲੇ ਯਾਦਗਾਰੀ ਸਮਾਰੋਹਾਂ ਵਿੱਚ ਟਰੂਡੋ ਤੇ ਫੋਰਡ ਵੱਲੋਂ ਕੋਈ ਬਿਆਨ ਜਾਰੀ ਨਾ ਕੀਤੇ ਜਾਣ ਕਾਰਨ ਡਬਲਿਊਐਸਓ ਖਫਾ ਹੈ।



1984 ਵਿੱਚ ਭਾਰਤ ਵਿੱਚ ਹੋਏ ਸਿੱਖਾਂ ਵਿਰੋਧੀ ਦੰਗਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਪੁਰਸ਼, ਔਰਤਾਂ ਤੇ ਬੱਚਿਆਂ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਕੋਹ ਕੋਹ ਕੇ ਮਾਰ ਦਿੱਤਾ ਗਿਆ ਸੀ। ਇਹ ਘਟਨਾ ਭਾਰਤੀ ਇਤਿਹਾਸ ਦੇ ਕਾਲੇ ਪੰਨਿਆਂ ਵਿੱਚ ਦਰਜ ਹੈ। ਇਹ ਹਮਲੇ ਜਾਣਬੁੱਝ ਕੇ ਤੇ ਬੜੀ ਹੀ ਸੋਚੀ ਸਮਝੀ ਸਾਜ਼ਿਸ਼ ਤਹਿਤ ਭਾਰਤ ਦੀ ਤਤਕਾਲੀਨ ਸੱਤਾਧਾਰੀ ਧਿਰ ਕਾਂਗਰਸ ਦੇ ਮੈਂਬਰਾਂ ਦੀ ਦੇਖਰੇਖ ਤੇ ਅਗਵਾਈ ਵਿੱਚ ਹੋਏ ਸਨ। ਇਸ ਦੌਰਾਨ ਪੁਲਿਸ ਨੇ ਵੀ ਜਾਂ ਤਾਂ ਅੱਖਾਂ ਮੀਟ ਲਈਆਂ ਤੇ ਜਾਂ ਫਿਰ ਆਪ ਵੀ ਹਮਲਾਵਰਾਂ ਦਾ ਹੀ ਸਾਥ ਦਿੱਤਾ। ਭਾਰਤ ਵਿੱਚ ਉਸ ਸਮੇਂ ਚਾਰ ਦਿਨਾਂ ਦੇ ਅੰਦਰ ਅੰਦਰ ਹੀ 30,000 ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ।

2014 ਵਿੱਚ ਲਿਬਰਲ ਪਾਰਟੀ ਦੇ ਆਗੂ ਵਜੋਂ ਪ੍ਰਧਾਨ ਮੰਤਰੀ ਟਰੂਡੋ ਨੇ ਇੱਕ ਬਿਆਨ ਜਾਰੀ ਕੀਤਾ ਸੀ ਜਿਸ ਵਿੱਚ ਉਨ੍ਹਾਂ ਆਖਿਆ ਸੀ ਕਿ ਇਸ ਹਫਤੇ ਪਾਰਲੀਆਮੈਂਟ ਵਿੱਚ ਜਿਵੇਂ ਉਨ੍ਹਾਂ ਆਖਿਆ ਸੀ ਕਿ ਸਾਨੂੰ ਭਾਰਤ ਸਰਕਾਰ ਨੂੰ ਸੱਚ ਤੋਂ ਪਰਦਾ ਚੁੱਕਣ ਲਈ ਆਖਦੇ ਰਹਿਣਾ ਚਾਹੀਦਾ ਹੈ ਤੇ ਜਿਨ੍ਹਾਂ ਦੇ 1984 ਵਾਲੇ ਜ਼ਖ਼ਮ ਅਜੇ ਵੀ ਅੱਲ੍ਹੇ ਹਨ ਉਨ੍ਹਾਂ ਨੂੰ ਇਨਸਾਫ ਦਿਵਾਉਣ ਵਿੱਚ ਕੋਈ ਚੂਕ ਨਹੀਂ ਕਰਨੀ ਚਾਹੀਦੀ। ਇਸ ਦੇ ਨਾਲ ਹੀ ਭਾਰਤੀ ਲੋਕਾਂ ਦੀ ਜਵਾਬਦੇਹੀ ਵੀ ਤੈਅ ਕਰਨੀ ਚਾਹੀਦੀ ਹੈ। 1984 ਨਾਲ ਸਬੰਧਤ ਸਵਾਲਾਂ ਦੇ ਜਵਾਬ ਦਿੱਤੇ ਜਾਣੇ ਚਾਹੀਦੇ ਹਨ। ਸੱਚਾਈ ਤੇ ਸੁਲ੍ਹਾ ਨੇ ਕੈਨੇਡਾ ਨੂੰ ਵੀ ਮਜ਼ਬੂਤ ਕੀਤਾ ਹੈ ਤੇ ਇਸ ਨਾਲ ਭਾਰਤ ਨੂੰ ਵੀ ਫਾਇਦਾ ਹੋਵੇਗਾ। ਉਨ੍ਹਾਂ ਆਖਿਆ ਸੀ ਕਿ ਅਸੀਂ ਕੈਨੇਡਾ ਤੇ ਵਿਦੇਸ਼ਾਂ ਵਿੱਚ ਖੁੱਲ੍ਹੇਪਣ, ਨਿਆਂ, ਮਨੁੱਖੀ ਅਧਿਕਾਰਾਂ ਲਈ ਲੜਦੇ ਰਹੇ ਹਾਂ ਤੇ ਲੜਦੇ ਰਹਾਂਗੇ। ਅਸੀਂ ਰਲ ਕੇ ਅੱਗੇ ਵੱਧ ਸਕਦੇ ਹਾਂ ਤੇ ਵਧਾਂਗੇ। ...ਬਾਕੀ ਪੰਨਾ 6 'ਤੇ

# ਬੰਬਾਰਡੀਅਰ ਕਰੇਗੀ 5,000 ਕਾਮਿਆਂ ਦੀ ਛਾਂਗੀ



ਓਨਟਾਰੀਓ, 8 ਨਵੰਬਰ (ਪੋਸਟ ਬਿਊਰੋ) : ਬੰਬਾਰਡੀਅਰ ਇਨਕਾਰਪੋਰੇਸ਼ਨ ਵੱਲੋਂ ਵੀਰਵਾਰ ਨੂੰ ਇਹ ਐਲਾਨ ਕੀਤਾ ਗਿਆ ਹੈ ਕਿ ਅਗਲੇ 12 ਤੋਂ 18 ਮਹੀਨਿਆਂ ਵਿੱਚ ਉਹ 5,000 ਤੋਂ ਵੱਧ ਕਾਮਿਆਂ ਦੀ ਛਾਂਗੀ ਕਰੇਗੀ।

ਬੰਬਾਰਡੀਆ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ 3000 ਦੇ ਨੇੜੇ ਤੇੜੇ ਨੌਕਰੀਆਂ ਖਤਮ ਕੀਤੀਆਂ ਜਾਣਗੀਆਂ ਜਿਨ੍ਹਾਂ ਵਿੱਚੋਂ ਬਹੁਤੀਆਂ ਬੰਬਾਰਡੀਅਰ ਦੀ ਹੋਮ ਪ੍ਰੋਵਿੰਸ ਕਿਊਬਿਕ ਤੇ 500 ਓਨਟਾਰੀਓ ਵਿੱਚੋਂ ਖਤਮ ਕੀਤੀਆਂ ਜਾਣਗੀਆਂ। ਯੂਨੀਫਰ ਲੋਕਲ 122, ਜੋ ਕਿ ਡਾਊਨਜ਼ਵਿਊ ਵਿਖੇ 2000 ਯੂਨੀਅਨ ਦੇ ਕਾਮਿਆਂ ਦੀ ਨੁਮਾਇੰਦਗੀ ਕਰਦੇ ਹਨ, ਦੇ ਪ੍ਰੈਜ਼ੀਡੈਂਟ ਸਕੌਟ ਮੈਕਲਮੌਇਲ ਨੇ ਆਖਿਆ ਕਿ ਟੋਰਾਂਟੋ ਵਿੱਚ ਨੌਕਰੀਆਂ ਖੁੱਸਣ ਦੇ ਸਬੰਧ ਵਿੱਚ ਕੋਈ ਗੱਲਬਾਤ ਨਹੀਂ ਹੋਈ।

ਦੁਨੀਆਂ ਭਰ ਵਿੱਚ ਕੀਤੀ ਜਾਣ ਵਾਲੀ ਇਹ ਕਟੌਤੀ, ਜੋ ਕਿ ਕੰਪਨੀ ਦੀ ਵਰਕਫੋਰਸ ਦਾ 7 ਫੀ ਸਦੀ ਬਣਦੀ ਹੈ, ਅਸਲ ਵਿੱਚ ਨਵੇਂ ਸਿਰੇ ਤੋਂ ਕੰਪਨੀ ਨੂੰ ਪੈਰਾਂ ਸਿਰ ਕਰਨ ਦੀ ਯੋਜਨਾ ਦਾ ਹਿੱਸਾ ਹੈ। ਇਸ ਦੇ ਨਾਲ ਹੀ ਕੰਪਨੀ ਨੂੰ 900 ਮਿਲੀਅਨ ਡਾਲਰ ਦੀ ਆਮਦਨ ਆਪਣੀ ਸੰਪਤੀ ਵੇਚ ਕੇ ਮਿਲੇਗੀ ਜਿਸ ਨਾਲ ਬੰਬਾਰਡੀਅਰ ਨੂੰ 2021 ਤੱਕ 250 ਮਿਲੀਅਨ ਡਾਲਰ ਦੀ ਬਚਤ ਵੀ ਹੋਵੇਗੀ। ...ਬਾਕੀ ਪੰਨਾ 6 'ਤੇ


JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO
BUSINESS | TRUCKING
R.E.S.P | COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axxel Insurance Brokers Ltd.

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6


# ਮਰੀਨ ਸੈਨਿਕ ਨੇ ਕੈਲੇਫੋਰਨੀਆ ਵਿੱਚ 12 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰਿਆ

ਥਾਊਜ਼ੈਂਡ ਓਕਸ, ਕੈਲੇਫੋਰਨੀਆ, 8 ਨਵੰਬਰ (ਪੋਸਟ ਬਿਊਰੋ) : ਦੱਖਣੀ ਕੈਲੇਫੋਰਨੀਆ ਵਿੱਚ ਸਥਿਤ ਇੱਕ ਮਿਊਜ਼ਿਕ ਬਾਰ ਵਿੱਚ ਚੱਲ ਰਹੀ ਕਾਲਜ ਨਾਈਟ ਦੌਰਾਨ ਕਾਲੇ ਰੰਗ ਦੇ ਕੱਪੜਿਆਂ ਵਿੱਚ ਪਹੁੰਚੇ ਮਰੀਨ ਨੇ ਸਮੋਕ ਬੰਬ ਤੇ ਹੈਂਡਗੰਨ ਦੀ ਮਦਦ ਨਾਲ 12 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਫਿਰ ਆਪਣੀ ਜਾਨ ਵੀ ਲੈ ਲਈ। ਇਸ ਦੌਰਾਨ ਦਹਿਸ਼ਤ ਕਾਰਨ ਭਜਨੱਠ ਮਚ ਗਈ ਤੇ ਸੈਂਕੜੇ ਲੋਕ ਭੱਜਣ ਵਿੱਚ ਕਾਮਯਾਬ ਵੀ ਹੋ ਗਏ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।



ਅਧਿਕਾਰੀਆਂ ਨੇ ਆਖਿਆ ਕਿ ਇਸ ਹਮਲੇ ਸਬੰਧੀ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਹਮਲਾਵਰ ਦੀ ਪਛਾਣ 28 ਸਾਲਾ ਇਆਨ ਡੇਵਿਡ ਲੌਂਗ ਵਜੋਂ ਹੋਈ ਹੈ, ਜੋ ਕਿ ਅਫਗਾਨਿਸਤਾਨ ਵਿੱਚ ਸਾਬਕਾ ਮਸ਼ੀਨਗੰਨਰ ਤੇ ਸੀਨੀਅਰ ਸੈਨਿਕ ਸੀ। ਪਿਛਲੀ ਬਹਾਰ ਵਿੱਚ ਵੀ ਗੁੱਸੇ ਵਾਲੇ ਵਿਵਹਾਰ ਕਾਰਨ ਘਟੀ ਘਟਨਾ ਕਰਕੇ ਉਸ ਦੇ ਘਰ ਉੱਤੇ ਪੁਲਿਸ ਵੱਲੋਂ ਉਸ ਤੋਂ ਪੁੱਛਗਿੱਛ ਕੀਤੀ ਗਈ ਸੀ। ਵੈਂਚੂਰਾ ਕਾਊਂਟੀ ਸ਼ੈਰਿਫ ਸਾਰਜੈਂਟ ਜੈਫ ਡੀਨ ਨੇ ਦੱਸਿਆ ਕਿ ਇਸ ਦੌਰਾਨ ਬਾਰ ਵਿੱਚ 11 ਲੋਕ ਮਾਰੇ ਗਏ ਤੇ ਸੱਭ ਤੋਂ ਪਹਿਲਾਂ ਮੌਕੇ ਉੱਤੇ ਪਹੁੰਚਣ ਵਾਲਾ ਸੀਨੀਅਰ ਸ਼ੈਰਿਫ ਸਾਰਜੈਂਟ ਵੀ ਮਾਰਿਆ ਗਿਆ।

ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਹਮਲੇ ਦੌਰਾਨ ਹਿੰਮਤ ਵਿਖਾਏ ਜਾਣ ਉੱਤੇ ਪੁਲਿਸ ਦੀ ਸ਼ਲਾਘਾ ਕੀਤੀ ਤੇ ਮ੍ਰਿਤਕਾਂ ਦੇ ਸਨਮਾਨ ਵਿੱਚ ਝੰਡੇ ਅੱਧੇ ਝੁਕੇ ਰਹਿਣ ਦਾ ਹੁਕਮ ਜਾਰੀ ਕੀਤਾ।


HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

FREE Examination 5yrs follow you up Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration | Real Estate
Family Law | Business Closing
Corporate | Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator) 647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ASIAN FOOD CENTRE





## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109

chatr MOBILE

LIMITED TIME OFFER

# 6GB OF DATA FOR ONLY $45/MO.

NO OVERAGE CHARGES IN-ZONE

LET'S GET GOING
CHATRMOBILE.COM

VISIT OUR LOCATION TODAY!

**379 MAIN ST. N., BRAMPTON, (905) 451-0379** | **2456 LAKE SHORE BLVD W., (416) 259-3654**

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਵਧ ਗਈ ਠੰਢ ਤੇ ਧੁੰਦ ਆ ਸ਼ੁਰੂ ਹੋਈ,
ਮੌਸਮ ਰਿਹਾ ਹੈ ਬਦਲ ਪੰਜਾਬ ਅੰਦਰ।
ਕਿਹੜੀ ਘੜੀ ਬਰਸਾਤ ਆ ਹੋਣ ਵਾਲੀ,
ਆਵੇ ਲੇਖਾ ਨਹੀਂ ਪੂਰਾ ਹਿਸਾਬ ਅੰਦਰ।
ਕੁੜੀਆਂ-ਮੁੰਡੇ ਲਪੇਟੀ ਨੇ ਮੂੰਹ ਫਿਰਦੇ,
ਪਵੇ ਸਮਝ ਨਹੀਂ ਕੌਣ ਨਕਾਬ ਅੰਦਰ।
ਪੁੱਛ ਲਓ ਕਿਸੇ ਨੂੰ ਰੋਕ ਕੇ ਰਾਹ ਕੋਈ,
ਸੁਣਨੀ ਪੈਂਦੀ ਆ ਕੌੜ ਜਵਾਬ ਅੰਦਰ।
ਪਹਿਲਾਂ ਵਾਲਾ ਪੰਜਾਬ ਤਾਂ ਰਿਹਾ ਹੀ ਨਹੀਂ,
ਬੜਾ ਹੁੰਦਾ ਸੀ ਜੀਹਦੇ 'ਤੇ ਮਾਣ ਮਿੱਤਰ।
ਬਣ ਗਿਆ ਤੁੰਮੇ ਦੀ ਕੌੜ ਹੈ ਬੇਰ ਮਿੱਠਾ,
ਬੰਦਾ ਬੰਦੇ ਨੂੰ ਆਉਂਦਾ ਈ ਖਾਣ ਮਿੱਤਰ।

ਤੀਸ ਮਾਰ ਖਾਂ

# ਬੇਅਦਬੀ ਕੇਸ ਵਿੱਚ ਮਲੇਸ਼ੀਆ ਤੋਂ ਮੁੜਦੇ ਜਿੰਮੀ ਸਮੇਤ ਚਾਰ ਡੇਰਾ ਪ੍ਰੇਮੀ ਹੋਰ ਗ੍ਰਿਫ਼ਤਾਰ

ਬਠਿੰਡਾ, 8 ਨਵੰਬਰ, (ਪੋਸਟ ਬਿਊਰੋ)- ਤਿੰਨ ਸਾਲ ਪਹਿਲਾਂ ਪਿੰਡ ਗੁਰੂਸਰ ਜਲਾਲ ਵਾਲੇ ਬੇਅਦਬੀ ਕੇਸ ਵਿੱਚ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਦਿੱਲੀ ਹਵਾਈ ਅੱਡੇ ਤੋਂ ਭਗਤਾ ਭਾਈਕਾ ਦੇ ਡੇਰਾ ਪ੍ਰੇਮੀ ਜਤਿੰਦਰਬੀਰ ਸਿੰਘ ਅਰੋੜਾ ਉਰਫ਼ ਜਿੰਮੀ ਨੂੰ ਗ੍ਰਿਫ਼ਤਾਰ ਕੀਤਾ ਤੇ ਤਿੰਨ ਹੋਰ ਡੇਰਾ ਪ੍ਰੇਮੀਆਂ ਨੂੰ ਭਗਤਾ ਤੋਂ ਫੜਿਆ ਹੈ, ਪਰ ਪੁਲੀਸ ਅਫਸਰ ਇਸ ਬਾਰੇ ਚੁੱਪ ਹਨ। ਜਿੰਮੀ ਓਦੋਂ ਬੇਅਦਬੀ ਕੇਸਾਂ ਵਿਚ ਗ੍ਰਿਫਤਾਰੀ ਤੋਂ ਬਚ ਕੇ ਵਿਦੇਸ਼ ਦੌੜ ਗਿਆ ਸੀ।

ਮਿਲੀ ਜਾਣਕਾਰੀ ਅਨੁਸਾਰ ਜਿੰਮੀ ਜਦੋਂ ਮਲੇਸ਼ੀਆ ਤੋਂ ਦੀਵਾਲੀ ਦੀ ਰਾਤ ਮੁੜਨ ਵਾਲਾ ਸੀ ਤਾਂ ਪੁਲੀਸ ਨੂੰ ਸੂਚਨਾ ਮਿਲ ਗਈ। ਇਸ ਪਿੱਛੋਂ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਨੇ ਏਅਰ ਪੋਰਟਾਂ ਨੂੰ ਲੁੱਕ ਆਊਟ ਨੋਟਿਸ ਭੇਜ ਦਿੱਤੇ। ਜਦੋਂ ਉਹ ਦਿੱਲੀ ਹਵਾਈ ਅੱਡੇ 'ਤੇ ਉਤਰਿਆ ਤਾਂ ਕੁਝ ਸਮੇਂ ਬਾਅਦ ਡੀ ਆਈ ਜੀ ਰਣਬੀਰ ਸਿੰਘ ਖਟੜਾ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਅੱਜ ਰਾਮਪੁਰਾ ਫੂਲ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਉਸ ਦਾ ਪੰਜ ਦਿਨਾ ਪੁਲੀਸ ਰਿਮਾਂਡ ਦੇ ਦਿੱਤਾ ਹੈ। ਇਸ ਗ੍ਰਿਫਤਾਰੀ ਨਾਲ ਪੁਲੀਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਚਾਰ ਵੱਡੇ ਕੇਸ ਹੱਲ ਕਰ ਲਏ ਦੱਸੇ ਜਾਂਦੇ ਹਨ।

ਅਸਲ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਚਾਰ ਵੱਡੇ ਕੇਸ ਪਿਛਲੀ ਅਕਾਲੀ ਸਰਕਾਰ ਸਮੇਂ ਲਗਪਗ 25 ਕਿਲੋਮੀਟਰ ਦੇ ਘੇਰੇ ਵਿਚ ਹੋਏ ਸਨ, ਜਿਨ੍ਹਾਂ ਵਿਚੋਂ ਦੋ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਦੀ ਜਾਂਚ ਸੀ ਬੀ ਆਈ ਨੂੰ ਦਿੱਤੀ ਗਈ ਅਤੇ ਭਗਤਾ ਭਾਈਕਾ ਅਤੇ ਮੱਲਕੇ ਦੀ ਜਾਂਚ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਨੂੰ ਮਿਲੀ ਸੀ। ਸੀ ਬੀ ਆਈ ਜਾਂਚ ਦੇ ਨਤੀਜੇ ਅਜੇ ਨਹੀਂ ਆਏ। ਵਿਸ਼ੇਸ਼ ਜਾਂਚ ਟੀਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ ਤੇ ਪੱਤਰੇ ਖਿਲਾਰਨ ਤੋਂ ਬਿਨਾਂ ਪਿੰਡ ਮੱਲਕੇ ਅਤੇ ਗੁਰੂਸਰ ਵਿਚ ਹੋਏ ਬੇਅਦਬੀ ਕੇਸ ਹੱਲ ਕਰਨ ਦਾ ਕੰਮ ਦਿੱਤਾ ਗਿਆ ਸੀ। ਵਿਸ਼ੇਸ਼ ਜਾਂਚ ਟੀਮ ਕਈ ਦਿਨਾਂ ਤੋਂ ਭਗਤਾ ਭਾਈਕਾ ਦੇ ਡੇਰਾ ਪੈਰੋਕਾਰ ਜਿੰਮੀ ਦਾ ਪਿੱਛਾ ਕਰ ਰਹੀ ਸੀ। ਉਹ ਆਪਣੇ ਵਿਆਹ ਦੇ ਬਾਅਦ ਮਲੇਸ਼ੀਆ ਖਿਸਕ ਗਿਆ ਸੀ ਅਤੇ ਓਥੋਂ ਮੁੜਦਾ ਫੜਿਆ ਗਿਆ ਹੈ।

ਵਰਨਣ ਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਕੁਝ ਦਿਨ ਪਹਿਲਾਂ ਸੰਗਰੂਰ ਜੇਲ੍ਹ ਵਿੱਚੋਂ ਪ੍ਰਿਥੀ ਨਾਮ ਦੇ ਡੇਰਾ ਪ੍ਰੇਮੀ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਤੇ ਉਸ ਦੀ ਪੁੱਛਗਿੱਛ ਨਾਲ ਪਿੰਡ ਮੱਲਕੇ ਦੇ ਦੋ ਡੇਰਾ ਪ੍ਰੇਮੀ ਗ੍ਰਿਫਤਾਰ ਕੀਤੇ ਸਨ ਜਿਨ੍ਹਾਂ ਤੋਂ ਪਿੰਡ ਮੱਲਕੇ ਦਾ ਬੇਅਦਬੀ ਕੇਸ ਹੱਲ ਹੋ ਗਿਆ ਸੀ। ਆਖ਼ਰੀ ਕੇਸ ਗੁਰੂਸਰ ਮਹਿਰਾਜ ਦਾ ਸੀ, ਜਿਸ ਦਾ ਰਾਹ ਪੱਧਰਾ ਹੋ ਗਿਆ ਜਾਪਦਾ ਹੈ ਅਤੇ ਅਗਲੀ ਕਾਰਵਾਈ ਛੇਤੀ ਆਰੰਭੀ ਜਾਵੇਗੀ।

# ਦੀਵਾਲੀ ਬੋਨਸ ਨਾ ਮਿਲਣ 'ਤੇ ਰੁੱਸਿਆ ਏਅਰ ਇੰਡੀਆ ਦਾ ਗ੍ਰਾਊਂਡ ਸਟਾਫ, ਕੀਤੀ ਹੜਤਾਲ



ਮੁੰਬਈ, 8 ਨਵੰਬਰ (ਪੋਸਟ ਬਿਊਰੋ)- ਦੀਵਾਲੀ ਬੋਨਸ ਨਾ ਮਿਲਣ 'ਤੇ ਏਅਰ ਇੰਡੀਆ ਦੇ 400 ਦੇ ਕਰੀਬ ਗ੍ਰਾਊਂਡ ਸਟਾਫ ਨੇ ਬੁੱਧਵਾਰ ਰਾਤ ਹੜਤਾਲ ਕਰ ਦਿੱਤੀ ਜਿਸ ਨਾਲ ਕਰੀਬ 16 ਅੰਤਰ-ਰਾਸ਼ਟਰੀ ਅਤੇ 8 ਘਰੇਲੂ ਫਲਾਈਟਾਂ ਪ੍ਰਭਾਵਿਤ ਹੋਈਆਂ।

ਏਅਰ ਇੰਡੀਆ ਟ੍ਰਾਂਸਪੋਰਟ ਸਰਵਿਸਜ਼ ਲਿਮਿਟਡ ਦੇ ਠੇਕਾ ਅਧਾਰਿਤ ਸਟਾਫ, ਜਿਵੇਂ ਕਿ ਲੋਡਿੰਗ, ਅਨਲੋਡਿੰਗ, ਕਾਰਗੋ, ਸਫਾਈ ਕਰਮੀ, ਚੈਕਿੰਗ-ਇਨ ਆਦਿ ਸਟਾਫ ਨੇ ਅਚਾਨਕ ਹੜਤਾਲ ਕਰ ਦਿੱਤੀ। ਜਿਸ ਨਾਲ ਯਾਤਰੀਆਂ ਨੂੰ ਸਮਾਨ ਚੈਕ-ਇਨ ਕਰਨ ਅਤੇ ਏਅਰਪੋਰਟ ਵਿਚਲੀਆਂ ਕਾਰਵਾਈਆਂ ਕਰਨ ਲਈ ਦੇਰੀ ਹੋਈ।

# ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਭਾਰਤ ਸਰਕਾਰ ਮਨਾਏਗੀ

ਨਵੀਂ ਦਿੱਲੀ, 8 ਨਵੰਬਰ, (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਕੇਂਦਰ ਸਰਕਾਰ ਅਗਲੇ ਸਾਲ ਅਪਰੈਲ 'ਚ ਸ਼ਰਧਾ ਭਾਵਨਾ ਨਾਲ ਮਨਾਵੇਗੀ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਹੇਠ ਇਥੇ ਕੌਮੀ ਅਮਲ ਕਮੇਟੀ (ਐਨ ਆਈ ਸੀ) ਦੀ ਬੈਠਕ ਦੌਰਾਨ ਅੱਜ ਇਹ ਫ਼ੈਸਲਾ ਲਿਆ ਗਿਆ।

ਗ੍ਰਹਿ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸੰਸਾਰ ਭਰ ਵਿੱਚ ਭਾਈਚਾਰਕ ਵਰ੍ਹੇ ਵਜੋਂ ਮਨਾਇਆ ਜਾਵੇਗਾ ਤੇ ਕਲਚਰਲ ਸਬੰਧਾਂ ਦੀ ਭਾਰਤੀ ਕੌਂਸਲ (ਆਈ ਸੀ ਸੀ ਆਰ) ਵੱਲੋਂ ਭਾਰਤੀ ਮਿਸ਼ਨਾਂ ਰਾਹੀਂ ਸੰਸਾਰ ਵਿੱਚ ਵਿਸ਼ੇਸ਼ ਸਮਾਗਮ ਕੀਤੇ ਜਾਣਗੇ। ਐਨ ਆਈ ਸੀ ਨੇ ਜਲ੍ਹਿਆਂਵਾਲਾ ਬਾਗ ਕਾਂਡ ਦੇ ਸ਼ਤਾਬਦੀ ਸਾਲ ਨੂੰ ਵੀ ਮਨਾਉਣ ਦਾ ਫ਼ੈਸਲਾ ਲਿਆ ਹੈ।

ਇਸ ਬੈਠਕ ਵਿੱਚ ਸ਼ਾਮਲ ਪੰਜਾਬ ਦੇ ਸੈਰ ਸਪਾਟਾ ਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਅੰਮ੍ਰਿਤਸਰ 'ਚ ਕੌਮੀ ਅੰਤਰ ਧਰਮ ਅਧਿਐਨ ਇੰਸਟੀਚਿਊਟ ਬਣਾਉਣ ਦੀ ਤਜਵੀਜ਼ ਹੈ ਅਤੇ ਗ੍ਰਹਿ ਮੰਤਰੀ ਨੇ ਇਸ ਬਾਰੇ ਮਦਦ ਦਾ ਭਰੋਸਾ ਦਿੱਤਾ ਹੈ। ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਬਾਰੇ ਪੁੱਛੇ ਸਵਾਲ ਬਾਰੇ ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਨੂੰ ਅਸਾਨੀ ਨਾਲ ਦਰਸ਼ਨਾਂ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਐਨ ਆਈ ਸੀ ਬੈਠਕ ਵਿੱਚ ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ, ਸਭਿਆਚਾਰ ਮਾਮਲਿਆਂ ਦੇ ਕੇਂਦਰੀ ਮੰਤਰੀ ਮਹੇਸ਼ ਸ਼ਰਮਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧ ਤੇ ਹੋਰ ਆਗੂ ਵੀ ਹਾਜ਼ਰ ਸਨ।

ਦੂਸਰੇ ਪਾਸੇ ਜਲ੍ਹਿਆਂਵਾਲਾ ਬਾਗ ਕਾਂਡ ਦੀ ਅਗਲੇ ਸਾਲ ਆ ਰਹੀ ਸ਼ਤਾਬਦੀ ਬਾਰੇ ਜਲ੍ਹਿਆਂਵਾਲਾ ਬਾਗ ਯਾਦਗਾਰੀ ਟਰਸੱਟ ਸਾਰੇ ਪ੍ਰੋਗਰਾਮਾਂ ਦੀ ਰੂਪ ਰੇਖਾ ਬਣਾਵੇਗਾ, ਜਿਸ ਹੇਠ ਸ਼ਤਾਬਦੀ ਸਮਾਗਮਾਂ ਤੋਂ ਇਲਾਵਾ ਯਾਦਗਾਰ ਨੂੰ ਹੋਰ ਸੁੰਦਰ ਬਣਾਉਣ ਦਾ ਵੀ ਕੰਮ ਹੋਵੇਗਾ। ਟਰਸੱਟ ਦੇ ਮੈਂਬਰ ਤੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਦਿੱਲੀ ਵਿਖੇ ਹੋਈ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼ਤਾਬਦੀ ਸਾਲ ਯਾਦਗਾਰੀ ਢੰਗ ਨਾਲ ਮਨਾਇਆ ਜਾਵੇਗਾ ਤੇ ਦੇਸ਼ ਵਿਚ ਨਵੀਂ ਪੀੜ੍ਹੀ ਨੂੰ ਜਲਿਆਂਵਾਲਾ ਬਾਗ ਦੇ ਸਾਕੇ ਤੋਂ ਜਾਣੂੰ ਕਰਾਇਆ ਜਾਵੇਗਾ।

# ਬੰਦੀ ਛੋੜ ਦਿਵਸ ਮੌਕੇ ਸਿੱਖਾਂ ਲਈ ਇੱਕੋ ਵੇਲੇ ਤਿੰਨ ਜਥੇਦਾਰਾਂ ਦੇ ਸੰਦੇਸ਼ ਜਾਰੀ

ਅੰਮ੍ਰਿਤਸਰ, 8 ਨਵੰਬਰ, (ਪੋਸਟ ਬਿਊਰੋ)- ਅਕਾਲ ਤਖ਼ਤ ਸਾਹਿਬ ਦੇ ਨਵੇਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬੰਦੀ ਛੋੜ ਦਿਵਸ ਮੌਕੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦੇ ਵਕਤ ਦੇਸ਼ ਅਤੇ ਰਾਜਾਂ ਦੀਆਂ ਸਰਕਾਰਾਂ, ਕਾਨੂੰਨ ਤੇ ਅਦਾਲਤਾਂ ਨੂੰ ਲੋਕ ਕਟਹਿਰੇ ਵਿਚ ਖੜ੍ਹੇ ਕਰਦੇ ਹੋਏ ਕਿਹਾ ਕਿ ਇਨ੍ਹਾਂ ਨੇ ਸਿੱਖਾਂ ਨੂੰ ਨਿਆਂ ਦੀ ਥਾਂ ਦਰਦ ਦਿੱਤਾ ਤੇ ਦੇਸ਼ ਵਿਚ ਬੇਗਾਨਗੀ ਦਾ ਅਹਿਸਾਸ ਕਰਾਇਆ ਹੈ। ਪਹਿਲੀ ਵਾਰ ਸੰਦੇਸ਼ ਜਾਰੀ ਕਰਦੇ ਹੋਏ ਕਾਰਜਕਾਰੀ ਜਥੇਦਾਰ ਦਾ ਗਰਮ ਖਿਆਲੀ ਧਿਰਾਂ ਦੇ ਲੋਕਾਂ ਨੇ ਵਿਰੋਧ ਕੀਤਾ ਤੇ ਕਾਲੀਆਂ ਝੰਡੀਆਂ ਦਿਖਾਈਆਂ। ਦੂਸਰੇ ਪਾਸੇ ਸਰਬੱਤ ਖ਼ਾਲਸਾ ਦੇ ਥਾਪੇ ਹੋਏ ਜਥੇਦਾਰਾਂ ਜਗਤਾਰ ਸਿੰਘ ਹਵਾਰਾ ਤੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਨੇ ਵੀ ਵੱਖੋ-ਵੱਖ ਸੰਦੇਸ਼ ਜਾਰੀ ਕੀਤੇ। ਪਹਿਲਾ ਮੌਕਾ ਹੈ ਕਿ ਤਿੰਨ ਜਥੇਦਾਰਾਂ ਨੇ ਸਿੱਖ ਕੌਮ ਦੇ ਨਾਂ ਵੱਖ-ਵੱਖ ਸੰਦੇਸ਼ ਜਾਰੀ ਕੀਤੇ ਹਨ।

ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਤੋਂ ਸਿੱਖ ਕੌਮ ਲਈ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਗੁਰਬਾਣੀ ਦੇ ਗਿਆਨ ਨਾਲ ਦੁਨੀਆਂ ਵਿੱਚੋਂ ਅੰਧਕਾਰ ਖਤਮ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਥਕ ਧਿਰਾਂ ਇਕ-ਦੂਜੇ ਦੀ ਭੰਡੀ ਦੀ ਥਾਂ ਗੁਰਬਾਣੀ ਦੀ ਰੌਸ਼ਨੀ ਵਿਚ ਗੁਰਮਤਿ ਕਾਰਜ ਅੱਗੇ ਵਧਾਉਣ ਤੇ 2019 ਵਿਚ ਮਨਾਏ ਜਾ ਰਹੇ 550 ਸਾਲਾ ਪ੍ਰਕਾਸ਼ ਪੁਰਬ ਦੀ ਵਿਉਂਤਬੰਦੀ ਕਰਨ। ਕੌਮ ਦੇ ਨਾਂ ਕਾਰਜਕਾਰੀ ਜਥੇਦਾਰ ਵੱਲੋਂ ਸੰਦੇਸ਼ ਦੇਣ ਸਮੇਂ ਸਰਬੱਤ ਖ਼ਾਲਸਾ ਦੇ ਪ੍ਰਬੰਧਕਾਂ ਵਿਚੋਂ ਜਰਨੈਲ ਸਿੰਘ ਸਖੀਰਾ ਅਤੇ ਉਸ ਦੇ ਸਾਥੀਆਂ ਨੇ ਗਿਆਨੀ ਹਰਪ੍ਰੀਤ ਸਿੰਘ ਦਾ ਵਿਰੋਧ ਕੀਤਾ। ਇਕ ਧਿਰ ਨੇ ਕਾਲੇ ਝੰਡੇ ਦਿਖਾਈ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਪੱਖ ਵਿੱਚ ਅਤੇ ਸਰਬੱਤ ਖਾਲਸਾ ਜਥੇਦਾਰਾਂ ਜਗਤਾਰ ਸਿੰਘ ਹਵਾਰਾ ਤੇ ਧਿਆਨ ਸਿੰਘ ਮੰਡ ਦੇ ਪੱਖ ਵਿੱਚ ਨਾਅਰੇ ਲਾਏ।

ਇਸ ਵਾਰ ਇਹ ਪਹਿਲੀ ਵਾਰ ਹੋਇਆ ਹੈ ਕਿ ਤਿੰਨ ਜਥੇਦਾਰਾਂ ਨੇ ਵੱਖ ਵੱਖ ਥਾਈਂ ਸਿੱਖ ਕੌਮ ਲਈ ਸੰਦੇਸ਼ ਜਾਰੀ ਕੀਤੇ ਹਨ। ਅਕਾਲ ਤਖਤ ਦੇ ਨਾਂ ਉਤੇ ਸਿੱਖਾਂ ਨੂੰ ਇਕੱਠੇ ਕਰਨ ਦੇ ਵੱਖ ਵੱਖ ਸੰਦੇਸ਼ਾਂ ਨੇ ਸਿੱਖਾਂ ਵਿੱਚ ਦੁਚਿੱਤੀ ਵਧਾ ਦਿੱਤੀ ਹੈ। ਸਾਲ 2015 ਦੇ ਸਰਬੱਤ ਖ਼ਾਲਸਾ ਦੇ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਜੇਲ੍ਹ ਤੋਂ ਲਿਖਿਆ ਸੰਦੇਸ਼ ਆਇਆ ਹੈ, ਜਿਸ ਨੇ ਬੰਦੀ ਛੋੜ ਦਿਵਸ ਦਾ ਇਤਿਹਾਸ ਦੱਸ ਕੇ ਸਿੱਖਾਂ ਨੂੰ ਬਾਣੀ ਅਤੇ ਬਾਣੇ ਦੇ ਧਾਰਨੀ ਹੋਣ ਦੀ ਅਪੀਲ ਕੀਤੀ ਤੇ ਅਕਾਲ ਤਖ਼ਤ ਦੀ ਪ੍ਰਭੂਸੱਤਾ ਦੇ ਸਿਧਾਂਤ ਨੂੰ ਸਵਾਰਥੀ ਸਿਆਸਤਦਾਨਾਂ ਦੇ ਚੁੰਗਲ ਤੋਂ ਮੁਕਤ ਕਰਵਾਉਣ ਦੇ ਨਾਲ ਪੰਥਕ ਏਕਤਾ ਜ਼ਰੂਰੀ ਦੱਸ ਕੇ ਸਿੱਖ-ਹਿੱਤਾਂ ਲਈ 'ਵਰਲਡ ਸਿੱਖ ਪਾਰਲੀਮੈਂਟ' ਦੀ ਸਥਾਪਨਾ ਬਾਰੇ ਹਵਾਲਾ ਦਿੱਤਾ ਹੈ। ਸਰਬੱਤ ਖਾਲਸਾ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਨੇ ਵੀ ਵੱਖਰਾ ਸੰਦੇਸ਼ ਦਿੱਤਾ ਹੈ। ਬਰਗਾੜੀ ਇਨਸਾਫ਼ ਮੋਰਚੇ ਵਿੱਚ ਬੈਠੇ ਅਕਾਲ ਤਖ਼ਤ ਦੇ ਬਦਲਵੇਂ ਜਥੇਦਾਰ ਧਿਆਨ ਸਿੰਘ ਮੰਡ ਨੇ ਬੰਦੀ ਛੋੜ ਦਿਵਸ ਮੌਕੇ ਸਿੱਖ ਕੌਮ ਦੇ ਨਾਂ ਸੰਦੇਸ਼ ਵਿੱਚ ਬਾਦਲਾਂ ਨੂੰ 'ਸ਼ੈਤਾਨ' ਕਹਿ ਕੇ ਪੰਜਾਬ ਤੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਥਾਂ ਬਚਾਉਣ ਨੂੰ ਜ਼ੋਰ ਲਾ ਰਹੀਆਂ ਹਨ। ਧਿਆਨ ਸਿੰਘ ਮੰਡ ਨੇ ਪੈਗੰਬਰ ਮੁਹੰਮਦ ਸਾਹਿਬ ਵੱਲੋਂ ਜ਼ੈਦ ਨੂੰ ਦਿੱਤੀ ਨਸੀਹਤ ਯਾਦ ਕਰਾਈ ਕਿ 'ਪਿਆਰੇ ਜ਼ੈਦ, ਸਾਵਧਾਨ ਰਹੋ, ਸ਼ੈਤਾਨ ਅਗਲੀ ਵਾਰ ਮੁਸਲਮਾਨ ਦਾ ਭੇਸ ਧਾਰ ਕੇ ਤੁਹਾਡੇ ਵਿੱਚ ਇੰਜ ਪ੍ਰਵੇਸ਼ ਕਰੇਗਾ, ਜਿਵੇਂ ਮੋਮਨ ਹੋਵੇ। ਯਾਦ ਰੱਖਣਾ ਇਹ ਸ਼ੈਤਾਨ ਸਭ ਤੋਂ ਖ਼ਤਰਨਾਕ ਹੋਵੇਗਾ, ਤੁਸੀਂ ਉਸ ਨੂੰ ਪਛਾਣ ਨਹੀਂ ਸਕੋਗੇ'। ਮੰਡ ਨੇ ਕਿਹਾ ਕਿ 'ਅੱਜ ਸ਼ੈਤਾਨ ਬਾਦਲਾਂ ਦਾ ਰੂਪ ਧਾਰ ਕੇ ਖਾਲਸਾ ਪੰਥ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਤੁਸੀਂ ਉਸ ਨੂੰ ਸਿੱਖ ਸਮਝ ਕੇ ਤਾਜ ਤੇ ਤਖ਼ਤ ਸੌਂਪੇ, ਪਰ ਉਹ ਗੁਰੂ ਗ੍ਰੰਥ ਅਤੇ ਗੁਰੂ ਪੰਥ ਲਈ ਕੱਫ਼ਨ ਤਿਆਰ ਕਰ ਰਿਹਾ ਹੈ।'

# ਚੀਨ ਦਾ ਪ੍ਰਭਾਵ ਰੋਕਣ ਨੂੰ ਪਾਪੂਆ ਨਿਊ ਗੀਨੀ ਦੀ ਮਦਦ ਕਰੇਗਾ ਆਸਟਰੇਲੀਆ

ਸਿਡਨੀ, 8 ਨਵੰਬਰ (ਪੋਸਟ ਬਿਊਰੋ)- ਪ੍ਰਸ਼ਾਂਤ ਮਹਾਸਾਗਰ 'ਚ ਚੀਨ ਦੀ ਵਧਦੀ ਸਰਗਰਮਤਾ ਅਤੇ ਆਪਣੇ ਹਿੱਤਾਂ ਦੀ ਰੱਖਿਆ ਲਈ ਆਸਟਰੇਲੀਆ ਨੇ ਟਾਪੂ ਦੇਸ਼ ਪਾਪੂਆ ਨਿਊ ਗਿਨੀ (ਪੀ. ਐਨ. ਜੀ.) ਨੂੰ ਨੌਂ-ਸੈਨਿਕ ਅੱਡਾ ਬਣਾਉਣ 'ਚ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।

ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੇ ਵੀਰਵਾਰ ਨੂੰ ਇਥੇ ਆਖਿਆ ਕਿ ਅਸੀਂ ਪੀ. ਐਨ. ਜੀ. ਨੂੰ ਮਾਨੁਸ ਟਾਪੂ 'ਤੇ ਨੌਂ-ਸੈਨਾ ਬੇਸ ਬਣਾਉਣ 'ਚ ਮਦਦ ਕਰਨਗੇ। ਇਸ ਦਾ ਵਿਕਾਸ ਸੰਯੁਕਤ ਰੂਪ ਤੋਂ ਕੀਤਾ ਜਾਵੇਗਾ। ਉਨ੍ਹਾਂ ਨੇ ਹਾਲਾਂਕਿ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਇਸ ਅੱਡੇ ਦਾ ਇਸਤੇਮਾਲ ਆਸਟਰੇਲੀਆਈ ਨੌਂ-ਸੈਨਾ ਵੀ ਕਰੇਗੀ ਜਾਂ ਨਹੀਂ। ਮੌਰੀਸਨ ਨੇ ਇਹ ਵੀ ਨਹੀਂ ਦੱਸਿਆ ਕਿ ਆਸਟਰੇਲੀਆ ਇਸ ਦੇ ਲਈ ਕਿੰਨਾ ਧਨ ਮੁਹੱਈਆ ਕਰਾਵੇਗਾ? ਚੀਨ ਦੀ ਵਧਦੀ ਨੌਂ-ਸੈਨਿਕ ਗਤੀਵਿਧੀਆਂ ਤੋਂ ਪਹਿਲਾਂ ਪ੍ਰਸ਼ਾਂਤ ਖੇਤਰ 'ਚ ਆਸਟਰੇਲੀਆ ਦੀ ਨੌਂ-ਸੈਨਾ ਦਾ ਕਾਫੀ ਪ੍ਰਭਾਵ ਸੀ। ਇਸ ਨੂੰ ਬਣਾਏ ਰੱਖਣ ਲਈ ਉਹ ਚੀਨੀ ਗਤੀਵਿਧੀਆਂ ਨੂੰ ਸੀਮਤ ਕਰਨਾ ਚਾਹੁੰਦੇ ਹਨ। ਚੀਨ ਦੀ ਦੂਰਸੰਚਾਰ ਕੰਪਨੀ ਹੁਆਵੇ ਦਾ ਪ੍ਰਭਾਵ ਘੱਟ ਕਰਨ ਲਈ ਆਸਟਰੇਲੀਆ ਸਮੁੰਦਰ 'ਚ ਇੰਟਰਨੈੱਟ ਕੇਬਲ ਵਿਛਾਉਣ 'ਚ ਵੀ ਪੀ. ਐਨ. ਜੀ. ਨੂੰ ਮਦਦ ਦੇ ਰਿਹਾ ਹੈ। ਚੀਨ ਨੇ ਇਸ ਸਾਲ ਦੀ ਸ਼ੁਰੂਆਤ 'ਚ ਮਾਨੁਸ ਟਾਪੂ 'ਤੇ ਨੌਂ-ਸੈਨਿਕ ਅੱਡਾ ਬਣਾਉਣ 'ਚ ਪੀ. ਐਨ. ਜੀ. ਨੂੰ ਮਦਦ ਦੀ ਪੇਸ਼ਕਸ਼ ਕੀਤੀ ਸੀ। ਇਸ ਨਾਲ ਆਸਟਰੇਲੀਆ ਅਤੇ ਉਸ ਦੇ ਸਹਿਯੋਗੀ ਦੇਸ਼ ਪ੍ਰੇਸ਼ਾਨ ਹੋ ਗਏ ਸਨ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੋੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੌਕੇਜ, ਮਹਾਵਾਰ੍ਹੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

UK Truck Training Centre
Ministry Approved Private Carrier College
Automatic & Manual Trucks
• 1 on 1 Training
Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਸਿੱਖਸ ਫਾਰ ਜਸਟਿਸ ਵੱਲੋਂ ਭਾਰਤੀ ਫ਼ੌਜ ਦੇ ਮੁਖੀ ਜਨਰਲ ਰਾਵਤ ਨੂੰ ਧਮਕੀ



ਚੰਡੀਗੜ੍ਹ, 8 ਨਵੰਬਰ, (ਪੋਸਟ ਬਿਊਰੋ)- ਗਰਮ ਖਿਆਲੀ ਜਥੇਬੰਦੀ 'ਸਿੱਖਸ ਫਾਰ ਜਸਟਿਸ' ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਸੋਸ਼ਲ ਮੀਡੀਆ ਤੋਂ ਭਾਰਤੀ ਫ਼ੌਜ ਦੇ ਮੁਖੀ ਜਨਰਲ ਬਿਪਿਨ ਰਾਵਤ ਨੂੰ ਧਮਕੀ ਦਿੱਤੀ ਹੈ ਕਿ ਰਿਫਰੈਂਡਮ 2020 ਤੋਂ ਦੂਰ ਰਹਿਣ ਅਤੇ ਜੇ ਇਸ ਰਿਫਰੈਂਡਮ 2020 ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਤਾਂ ਸਿੱਖਸ ਫਾਰ ਜਸਟਿਸ ਕੌਮਾਂਤਰੀ ਅਦਾਲਤ 'ਚ ਕਾਨੂੰਨੀ ਕਾਰਵਾਈ ਕਰੇਗੀ।

ਫ਼ੌਜ ਦੇ ਮੁਖੀ ਜਨਰਲ ਰਾਵਤ ਨੇ ਪਿਛਲੇ ਦਿਨੀ ਰਿਫਰੈਂਡਮ 2020 ਤੇ ਬਾਹਰੀ ਤਾਕਤਾਂ ਵੱਲੋਂ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਬਿਆਨ ਦੇਣ ਤੋਂ ਬਾਅਦ ਪੰਨੂ ਨੇ ਸੋਸ਼ਲ ਮੀਡੀਆ ਟਵਿੱਟਰ ਉਤੇ ਇਹ ਧਮਕੀ ਦਿੱਤੀ ਹੈ। ਭਾਰਤੀ ਫੌਜ ਦੇ ਮੁਖੀ ਜਨਰਲ ਰਾਵਤ ਨੇ ਪਿੱਛੇ ਜਿਹੇ ਦਿੱਲੀ ਵਿੱਚ 'ਭਾਰਤ ਦੀ ਅੰਦਰੂਨੀ ਸੁਰੱਖਿਆ ਦੀ ਬਦਲਦੀ ਸਥਿਤੀ' ਵਿਸ਼ੇ ਉੱਤੇ ਸੈਮੀਨਾਰ ਦੌਰਾਨ ਕਿਹਾ ਸੀ ਕਿ ਬਾਹਰੀ ਤਾਕਤਾਂ ਪੰਜਾਬ ਵਿੱਚ ਖਾੜਕੂਵਾਦ ਬਹਾਲ ਕਰਨ ਦੇ ਯਤਨ ਕਰ ਰਹੀਆਂ ਹਨ, ਇਸ ਬਾਰੇ ਜੇ ਤੁਰੰਤ ਕਾਰਵਾਈ ਨਾ ਕੀਤੀ ਗਈ ਤਾਂ ਦੇਰ ਹੋ ਜਾਵੇਗੀ।

ਵਰਨਣ ਯੋਗ ਹੈ ਕਿ ਫ਼ੌਜ ਦੇ ਮੁਖੀ ਜਨਰਲ ਰਾਵਤ ਤੋਂ ਪਹਿਲਾਂ ਵੀ ਸਿੱਖਸ ਫਾਰ ਜਸਟਿਸ ਪੰਜਾਬ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਪੰਜਾਬ ਪੁਲਸ ਦੇ ਮੁਖੀ ਸੁਰੇਸ਼ ਅਰੋੜਾ ਨੂੰ ਵੀ ਏਦਾਂ ਦੀ ਧਮਕੀ ਦਿੱਤੀ ਸੀ। ਅਮਰਿੰਦਰ ਸਿੰਘ ਤੇ ਰਾਜਨਾਥ ਸਿੰਘ ਨੂੰ 7 ਸਤੰਬਰ ਦੀ ਧਮਕੀ ਵਿੱਚ ਕਿਹਾ ਸੀ ਕਿ ਜੇ ਉਹ ਦੂਜੇ ਦੇਸ਼ ਜਾਣਗੇ ਤਾਂ ਉਨਾਂ ਦਾ ਵਿਰੋਧ ਹੋਵੇਗਾ। ਓਦੋਂ ਪਹਿਲਾਂ ਟਵਿੱਟਰ ਨੇ ਗੁਰਪਤਵੰਤ ਸਿੰਘ ਪੰਨੂ ਦਾ ਅਕਾਊਂਟ ਬਲਾਕ ਕਰ ਦਿੱਤਾ ਸੀ, ਜਿਸ ਪਿੱਛੋਂ ਉਸ ਨੇ ਕੈਪਟਨ ਅਮਰਿੰਦਰ ਸਿੰਘ ਤੇ ਰਾਜਨਾਥ ਸਿੰਘ ਨੂੰ ਕਾਨੂੰਨੀ ਲੜਾਈ ਦੀ ਧਮਕੀ ਦਿੱਤੀ ਹੈ। ਗੁਰਪਤਵੰਤ ਸਿੰਘ ਪੰਨੂ ਆਪਣੀ ਸੰਸਥਾ ਦੇ ਇਕ ਪ੍ਰਚਾਰਕ ਸ਼ਬਨਮਦੀਪ ਸਿੰਘ ਨੂੰ ਪਟਿਆਲਾ ਪੁਲਿਸ ਵੱਲੋਂ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰਨ ਤੋਂ ਵੀ ਭੜਕ ਪਿਆ ਤੇ ਉਸ ਨੇ ਯੂਟਿਊਬ ਉੱਤੇ ਵੀਡੀਓ ਸੰਦੇਸ਼ ਪਾ ਕੇ ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਨੂੰ ਅੰਤਰਰਾਸ਼ਟਰੀ ਅਦਾਲਤ 'ਚ ਕਾਨੂੰਨੀ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਸੀ।

# ਪੰਜਾਬ ਦੇ ਲੋਕਾਂ ਵੱਲੋਂ 'ਹਰੀ ਦੀਵਾਲੀ' ਮਨਾਉਣ ਨੂੰ ਚੋਖਾ ਹੁੰਗਾਰਾ

ਪਟਿਆਲਾ, 8 ਨਵੰਬਰ, (ਪੋਸਟ ਬਿਊਰੋ)- ਪੰਜਾਬ ਵਿਚ 'ਹਰੀ ਦੀਵਾਲੀ' ਮਨਾਉਣ ਦੇ ਸੱਦੇ ਨੂੰ ਚੋਖਾ ਹੁੰਗਾਰਾ ਮਿਲਿਆ ਅਤੇ ਇਸ ਰਾਜ ਦਾ ਹਵਾ ਗੁਣਵੱਤਾ ਸੂਚਕ ਅੰਕ ਪਿਛਲੇ ਸਾਲ ਤੋਂ 29 ਫ਼ੀਸਦੀ ਹੇਠਾਂ ਰਿਹਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪੰਜਾਬ ਦੇ ਛੇ ਸ਼ਹਿਰਾਂ ਦੀ ਹਵਾ ਗੁਣਵੱਤਾ ਮਾਪਣ ਲਈ ਲਾਏ ਯੰਤਰਾਂ ਤੋਂ ਇਹ ਤੱਥ ਮਿਲੇ ਹਨ।

ਇਸ ਦੇ ਸੰਬੰਧ ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰ ਸੈਕਟਰੀ ਕਰੁਨੇਸ਼ ਗਰਗ ਨੇ ਕਿਹਾ ਹੈ ਕਿ ਮੰਡੀ ਗੋਬਿੰਦਗੜ੍ਹ, ਲੁਧਿਆਣਾ, ਜਲੰਧਰ, ਖੰਨਾ, ਅੰਮ੍ਰਿਤਸਰ ਤੇ ਪਟਿਆਲਾ ਵਿਚ ਹਵਾ ਗੁਣਵੱਤਾ ਮਾਪਣ ਵਾਲੇ ਯੰਤਰਾਂ ਦੇ ਡੇਟਾ ਅਨੁਸਾਰ ਇਸ ਸਾਲ ਪੰਜਾਬ ਦਾ ਹਵਾ ਗੁਣਵੱਤਾ ਸੂਚਕ ਅੰਕ ਔਸਤਨ 234 ਰਿਹਾ, ਪਿਛਲੇ ਵਰ੍ਹੇ ਔਸਤ 328 ਸੀ। ਹਵਾ ਦੀ ਗੁਣਵੱਤਾ ਵਿਚ ਇਸ ਸੁਧਾਰ ਨੂੰ ਉਤਸ਼ਾਹ ਜਨਕ ਮੰਨ ਕੇ ਬੋਰਡ ਦੇ ਚੇਅਰਮੈਨ ਪ੍ਰੋ. ਐੱਸ ਐੱਸ ਮਰਵਾਹਾ ਨੇ ਕਿਹਾ ਪਿਛਲੇ ਸਾਲਾਂ ਦੌਰਾਨ ਦੀਵਾਲੀ ਮੌਕੇ ਪਟਾਕੇ ਚਲਾਉਣ ਨਾਲ ਹੋਏ ਪ੍ਰਦੂਸ਼ਣ ਖ਼ਿਲਾਫ਼ ਸਰਕਾਰੀ ਅਤੇ ਗ਼ੈਰ-ਸਰਕਾਰੀ ਪੱਧਰ 'ਤੇ ਫੈਲਾਈ ਜਾਗਰੂਕਤਾ ਮੁਹਿੰਮ ਦੇ ਸਿੱਟੇ ਨਿਕਲੇ ਹਨ।



ਦੀਵਾਲੀ ਮਗਰੋਂ ਵੀਰਵਾਰ ਨੂੰ ਦਿੱਲੀ ਦੇ ਰਾਜਪਥ ਖੇਤਰ ਵਿੱਚ ਪਸਰੀ ਸਮੌਗ, ਤਿਉਹਾਰ ਦੀ ਰਾਤ ਚਲਾਈ ਗਈ ਅਤਿਸ਼ਬਾਜ਼ੀ ਦਾ ਸੱਚ ਬਿਆਨਦੀ ਹੋਈ।

ਦੂਸਰੇ ਪਾਸੇ ਦਿੱਲੀ ਦੀਵਾਲੀ ਪਿੱਛੋਂ ਗੈਸ ਚੈਂਬਰ ਬਣੀ ਪਈ ਹੈ ਤੇ ਇਸ ਸਾਲ ਇਸ ਦਾ ਪ੍ਰਦੂਸ਼ਣ ਪੱਧਰ 'ਗੰਭੀਰ ਤੇ ਐਮਰਜੈਂਸੀ' ਵਾਲਾ ਹੋ ਗਿਆ। ਦਿੱਲੀ ਦਾ ਪ੍ਰਦੂਸ਼ਣ ਤੈਅ ਹੱਦ ਤੋਂ 11 ਗੁਣਾ ਵੱਧ ਅਤੇ ਹਵਾ ਦੀ ਅਸ਼ੁੱਧਤਾ ਦਾ ਅੰਕੜਾ 642 ਹੋ ਗਿਆ, ਜੋ 'ਗੰਭੀਰ ਅਤੇ ਹੰਗਾਮੀ ਹਾਲਤ' ਵਾਲਾ ਕਿਹਾ ਜਾਂਦਾ ਹੈ। ਇਹ ਵੱਡੀ ਪੱਧਰ ਉੱਤੇ ਚਲਾਏ ਪਟਾਕਿਆਂ ਨਾਲ ਹੋਇਆ ਹੈ। ਸੁਪਰੀਮ ਕੋਰਟ ਦੇ ਹੁਕਮ ਦੇ ਬਾਵਜੂਦ ਵੱਡੀ ਪੱਧਰ ਉੱਤੇ ਪਟਾਕੇ ਚਲਾਏ ਗਏ। ਇਸ ਪਿੱਛੋਂ ਦਿੱਲੀ ਵਿੱਚ ਵੱਡੀਆਂ ਅਤੇ ਦਰਮਿਆਨੀਆਂ ਗੱਡੀਆਂ ਦਾ ਦਾਖ਼ਲਾ 8 ਤੋਂ 11 ਨਵੰਬਰ 2018 ਤੱਕ ਰਾਤ 11 ਵਜੇ ਤੋਂ ਬੰਦ ਕੀਤਾ ਗਿਆ ਹੈ। ਇਸ ਪਾਬੰਦੀ ਤੋਂ ਜ਼ਰੂਰੀ ਚੀਜ਼ਾਂ ਸਪਲਾਈ ਕਰਨ ਵਾਲੀਆਂ ਗੱਡੀਆਂ ਨੂੰ ਛੋਟ ਰਹੇਗੀ।

# ਡੈਮੋਕਰੈਟਾਂ ਦਾ ਸਦਨ 'ਤੇ ਕਬਜ਼ਾ, ਟਰੰਪ ਨੇ ਚੋਣ ਨਤੀਜੇ ਆਪਣੀ ਸ਼ਾਨਦਾਰ ਜਿੱਤ ਆਖੇ



ਵਾਸ਼ਿੰਗਟਨ, 8 ਨਵੰਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੱਧ-ਕਾਲੀ ਚੋਣਾਂ ਦੇ ਨਤੀਜੇ ਨੂੰ ਆਪਣੀ ਸ਼ਾਨਦਾਰ ਜਿੱਤ ਆਖਿਆ ਹੈ, ਪਰ ਵਿਰੋਧੀ ਧਿਰ ਡੈਮੋਕਰੈਟਿਕ ਪਾਰਟੀ ਨੇ ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਵਿਚ ਜਿੱਤ ਹਾਸਲ ਕਰ ਲਈ ਹੈ। ਬੇਹੱਦ ਫਸਵੀਆਂ ਚੋਣਾਂ ਦੌਰਾਨ ਰੀਪਬਲਿਕਨ ਪਾਰਟੀ ਨੇ ਉਤਲੇ ਸਦਨ, ਸੈਨੇਟ, ਵਿੱਚ ਬਹੁਮਤ ਕਾਇਮ ਰੱਖ ਲਿਆ ਹੈ।

ਰਾਸ਼ਟਰਪਤੀ ਟਰੰਪ, ਜਿਸ ਨੇ ਬੀਤੇ ਦੋ ਮਹੀਨੇ ਵਿਚ 30 ਦੇ ਕਰੀਬ ਰੈਲੀਆਂ ਕੀਤੀਆਂ ਹਨ, ਨੇ ਮੱਧ-ਕਾਲੀ ਚੋਣਾਂ ਦੇ ਨਤੀਜੇ ਨੂੰ ਆਪਣੀ ਸ਼ਾਨਦਾਰ ਜਿੱਤ ਮੰਨਦੇ ਹੋਏ ਕਿਹਾ ਕਿ ਦੇਸ਼ ਦੇ ਲੋਕਾਂ ਦੀ ਖੁਸ਼ਹਾਲੀ ਲਈ ਆਰਥਿਕ ਵਿਕਾਸ ਦਰ, ਮੁੱਢਲੇ ਢਾਂਚੇ, ਵਪਾਰ ਵਰਗੇ ਖੇਤਰਾਂ ਨੂੰ ਪੱਕੇ ਪੈਰੀਂ ਕਰਨ ਲਈ ਉਹ ਡੈਮੋਕਰੈਟਾਂ ਨਾਲ ਮਿਲ ਕੇ ਚੱਲਣ ਨੂੰ ਤਿਆਰ ਹਨ।

ਦੂਸਰੇ ਪਾਸੇ ਡੈਮੋਕਰੈਟਾਂ ਨੇ ਪ੍ਰਤੀਨਿਧ ਸਭਾ ਵਿਚ ਜਿੱਤ ਦਰਜ ਕਰਕੇ ਰੀਪਬਲਿਕਨ ਏਕ-ਅਧਿਕਾਰ ਤੋੜ ਦਿੱਤਾ ਤੇ ਰਾਸ਼ਟਰਪਤੀ ਟਰੰਪ ਦੀਆਂ ਤਾਕਤਾਂ ਉੱਤੇ ਰੋਕ ਲਾ ਦਿੱਤੀ ਹੈ। ਪ੍ਰਤੀਨਿਧ ਸਭਾ ਵਿਚ ਡੈਮੋਕਰੈਟਾਂ ਨੇ ਰਿਪਬਲਿਕਨਾਂ ਤੋਂ 28 ਸੀਟਾਂ ਖੋਹੀਆਂ ਹਨ। ਪਹਿਲਾਂ ਏਥੇ ਰੀਪਬਲਿਕਨਾਂ ਕੋਲ 235 ਸੀਟਾਂ ਤੇ ਡੈਮੋਕਰੈਟਾਂ ਕੋਲ 193 ਸਨ। ਭਾਰਤੀ ਮੂਲ ਦੇ ਲੋਕਾਂ ਵਿੱਚੋਂ 'ਸਮੋਸਾ ਕੌਕਸ' ਦੇ ਚਾਰ ਜਣੇ ਰਾਜਾ ਕ੍ਰਿਸ਼ਨਾਮੂਰਤੀ, ਪ੍ਰਮਿਲਾ ਜਯਾਪਾਲ, ਰੋਅ ਖੰਨਾ ਅਤੇ ਐਮੀ ਬੇਰਾ ਜਿੱਤ ਗਏ ਹਨ। ਇਹ ਨਵਾਂ ਸਦਨ ਨਵੇਂ ਸਾਲ ਵਿਚ ਜਨਵਰੀ ਤੋਂ ਸਰਗਰਮ ਹੋਵੇਗਾ। ਇੱਕ ਸੌ ਮੈਂਬਰਾਂ ਦੀ ਸੈਨੇਟ ਵਿੱਚ ਹਾਕਮ ਰਿਪਬਲਿਕਨ ਪਾਰਟੀ ਕੋਲ 51-49 ਦਾ ਬਹੁਮਤ ਸੀ ਤੇ ਉਹ ਆਪਣਾ ਬਹੁਮਤ ਬਚਾਉਣ ਵਿਚ ਕਾਮਯਾਬ ਰਹੀ ਹੈ। ਇਸ ਵਾਰ 35 ਸੀਟਾਂ ਉੱਤੇ ਚੋਣ ਹੋਈ ਹੈ। ਤਾਜ਼ਾ ਨਤੀਜਿਆਂ ਅਨੁਸਾਰ ਰਿਪ-ਬਲਿਕਨਾਂ ਕੋਲ 51 ਸੀਟਾਂ ਤੇ ਡੈਮੋਕਰੈਟਾਂ ਕੋਲ 46 ਸੀਟਾਂ ਹਨ। ਸਦਨ ਵਿਚ ਇਸ ਵਾਰ ਇੱਕ ਸੌ ਦੇ ਕਰੀਬ ਔਰਤ ਮੈਂਬਰਾਂ ਆਈਆਂ ਹਨ। ਇਨ੍ਹਾਂ ਵਿਚੋਂ 28 ਔਰਤਾਂ ਸਦਨ ਵਿਚ ਪਹਿਲੀ ਵਾਰ ਜਿੱਤ ਕੇ ਆਈਆਂ ਹਨ।

# ਪਟਿਆਲਾ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਖਾਲਿਸਤਾਨ ਗਦਰ ਫੋਰਸ ਦੇ ਸ਼ਬਨਮਦੀਪ ਵੱਲੋਂ ਅਹਿਮ ਖੁਲਾਸੇ

ਪਟਿਆਲਾ, 8 ਨਵੰਬਰ (ਪੋਸਟ ਬਿਊਰੋ)- ਇੰਟੈਲੀਜੈਂਸ ਵਿੰਗ ਵੱਲੋਂ ਭੇਜੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਪਟਿਆਲਾ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਖਾਲਿਸਤਾਨ ਗਦਰ ਫੋਰਸ ਦੇ ਸ਼ਬਮਨਦੀਪ ਸਿੰਘ ਜਿਸਦਾ ਅਦਾਲਤ ਨੇ 6 ਨਵੰਬਰ ਤੱਕ ਪੁਲਿਸ ਰਿਮਾਂਡ ਦਿੱਤਾ ਹੈ ਤੋਂ ਪੁੱਛਗਿੱਛ ਦੌਰਾਨ ਬਹੁਤ ਅਹਿਮ ਖੁਲਾਸੇ ਹੋਏ ਹਨ। ਇਸ ਬਾਰੇ ਪੁਲਿਸ ਲਾਈਨ ਵਿਖੇ ਕੀਤੇ ਪੱਤਰਕਾਰ ਸੰਮੇਲਨ ਦੌਰਾਨ ਪਟਿਆਲਾ ਦੇ ਐਸ.ਐਸ.ਪੀ. ਸ. ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪੁੱਛਗਿਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਰੈਫਰੰਡਮ 20-20 ਦੀ ਆੜ ਵਿੱਚ ਪੰਜਾਬ ਦੇ ਨੌਜਵਾਨਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਕੇ ਪੰਜਾਬ ਦੇ ਸਾਂਤਮਈ ਮਾਹੌਲ ਨੂੰ ਲਾਬੂ ਲਾਉਣ ਦੀ ਫਿਰਾਕ ਵਿੱਚ ਹੈ।

ਐਸ.ਐਸ. ਪੀ. ਨੇ ਦੱਸਿਆ ਕਿ ਸ਼ਬਨਮਦੀਪ ਸਿੰਘ ਦੀ ਨਿਸਾਨਦੇਹੀ ਤੇ ਉਸਦੇ ਸਾਥੀ ਗੁਰਸੇਵਕ ਸਿੰਘ ਸੇਵਕ ਵਾਸੀ ਰਤਨਗੜ ਦਿੜਬਾ ਨੂੰ ਵੀ ਕੇਸ ਵਿੱਚ ਨਾਮਜਦ ਕੀਤਾ ਗਿਆ ਹੈ। ਸ. ਸਿੱਧੂ ਨੇ ਦੱਸਿਆ ਕਿ ਸ਼ਬਨਮਦੀਪ ਸਿੰਘ ਨੇ ਪੁੱਛਗਿਛ ਦੌਰਾਨ ਮੰਨਿਆ ਹੈ ਕਿ ਉਸਨੇ ਦਿਵਾਲੀ ਤੋਂ ਪਹਿਲਾ ਪਟਿਆਲਾ ਦੇ ਬੱਸ ਅੱਡੇ ਦੇ ਨੇੜਲੇ ਖੇਤਰ ਵਿੱਚ ਭੀੜ ਭੜੱਕੇ ਵਾਲੇ ਸਥਾਨ 'ਤੇ ਗਰਨੇਡ ਸੁੱਟਕੇ ਵਾਰਦਾਤ ਨੂੰ ਅੰਜਾਮ ਦੇਣਾ ਸੀ, ਪਰ ਉਹ ਵਾਰਦਾਤ ਤੋਂ ਪਹਿਲਾਂ ਹੀ ਪੁਲਿਸ ਦੇ ਅੜਿੱਕੇ ਆ ਗਿਆ।

ਐਸ.ਐਸ.ਪੀ ਨੇ ਦੱਸਿਆ ਕਿ ਸ਼ਬਨਮਦੀਪ ਸਿੰਘ ਵਟਸਐਪ ਅਤੇ ਸੋਸ਼ਲ ਮੀਡੀਆ ਰਾਹੀਂ ਆਪਣੇ ਵਿਦੇਸ਼ੀ ਆਕਾਵਾਂ ਦੇ ਸੰਪਰਕ ਵਿੱਚ ਸੀ ਅਤੇ ਉਸ 'ਤੇ ਵਾਰਦਾਤ ਨੂੰ ਦਿਵਾਲੀ ਤੋਂ ਪਹਿਲਾਂ ਅੰਜਾਮ ਦੇਣ ਦਾ ਦਬਾਅ ਪਾਇਆ ਜਾ ਰਿਹਾ ਸੀ। ਐਸ.ਐਸ.ਪੀ ਨੇ ਦੱਸਿਆ ਕਿ ਪੁੱਛਗਿਛ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਗਰਨੇਡ ਹਮਲੇ ਵਾਲੀ ਵਾਰਦਾਤ ਨੂੰ ਅੰਜਾਮ ਦੇਣ ਲਈ ਉਸਨੂੰ 10 ਲੱਖ ਰੁਪਏ ਮਿਲਣੇ ਸਨ ਅਤੇ ਪਹਿਲਾਂ ਕੀਤੀਆਂ ਛੋਟੀਆਂ ਮੋਟੀਆਂ ਵਾਰਦਾਤਾਂ ਲਈ ਉਹ 1 ਲੱਖ ਰੁਪਏ ਹਾਸਲ ਵੀ ਕਰ ਚੁੱਕਾ ਸੀ।

# ਪੰਜਾਬੀ ਸਾਹਿਤਕਾਰਾਂ ਵੱਲੋਂ ਅਧਿਆਪਕ ਸੰਘਰਸ਼ ਦੇ ਹੱਕ 'ਚ ਨਾਅਰਾ

ਚੰਡੀਗੜ੍ਹ, 8 ਨਵੰਬਰ (ਅਸ਼ਵਨੀ): ਸਾਂਝਾ ਅਧਿਆਪਕ ਮੋਰਚਾ ਪੰਜਾਬ ਵਲੋਂ 7 ਅਕਤੂਬਰ ਤੋਂ ਅਧਿਆਪਕ ਮੰਗਾਂ ਲਈ ਜੋ ਪੱਕਾ ਮੋਰਚਾ ਪਟਿਆਲੇ ਵਿਖੇ ਚਲ ਰਿਹਾ ਹੈ ਅਤੇ ਸਾਰੇ ਪੰਜਾਬ ਵਿੱਚ ਅਧਿਆਪਕ ਸੜਕਾਂ ਉੱਤੇ ਆਏ ਹੋਏ ਹਨ,ਇਸ ਸੰਘਰਸ਼ ਨੂੰ ਹੋਰ ਬਲ ਉਦੋਂ ਮਿਲਿਆ ਜਦੋਂ ਪੰਜਾਬ ਦੇ ਸਾਹਿਤਕਾਰਾਂ ਨੇ ਵੀ ਅਧਿਆਪਕਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ। ਪੰਜਾਬ ਦੇ ਵਿਦਿਆਰਥੀ, ਮਜ਼ਦੂਰ, ਕਿਸਾਨ ਅਤੇ ਹੋਰ ਮਹਿਕਮਿਆਂ ਦੇ ਮੁਲਾਜ਼ਮ ਪਹਿਲਾਂ ਹੀ ਉਹਨਾਂ ਦੇ ਸੰਘਰਸ਼ ਵਿੱਚ ਸਰੀਰਕ ਤੌਰ ਤੇ ਸ਼ਾਮਿਲ ਹਨ । ਅੱਜ ਇੱਥੇ ਸਾਹਿਤਕਾਰਾਂ ਵਲੋਂ ਸਾਂਝਾ ਬਿਆਨ ਜਾਰੀ ਕਰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਪ੍ਰੋ ਸੰਧੂ ਵਰਿਆਣਵੀ ਨੇ ਦੱਸਿਆ ਕਿ ਪੰਜਾਬੀ ਸਾਹਿਤ ਐਕਡਮੀ ਦੇ ਜਨਰਲ ਸਕੱਤਰ ਡਾ ਸੁਰਜੀਤ ਸਿੰਘ , ਸਾਬਕਾ ਪ੍ਰਧਾਨ ਪ੍ਰੋ ਗੁਰਭਜਨ ਸਿੰਘ ਗਿੱਲ , ਸਾਬਕਾ ਪ੍ਰਧਾਨ ਡਾ ਸੁਖਦੇਵ ਸਿੰਘ ਸਿਰਸਾ , ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੂਬਾ ਪ੍ਰਧਾਨ ਡਾ. ਸਰਬਜੀਤ ਸਿੰਘ ਅਤੇ ਪ੍ਰਗਤੀਸ਼ੀਲ ਲੇਖਕ ਸੰਘ(ਰਜਿ ) ਪੰਜਾਬ ਦੇ ਸੂਬਾ ਸਕੱਤਰ ਡਾ. ਸੁਰਜੀਤ ਜੱਜ ਨੇ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਦੀ ਨਿਖੇਧੀ ਕੀਤੀ ਹੈ । ਉਹਨਾਂ ਅਧਿਆਪਕਾਂ ਦੀਆਂ ਸੇਵਾਵਾਂ ਪੂਰੇ ਸਕੇਲਾਂ ਵਿੱਚ ਲਾਗੂ ਕਰਨ ਤੇ ਜ਼ੋਰ ਦਿੱਤਾ ਹੈ।

ਇਸ ਮੌਕੇ ਡਾ. ਕਰਮਜੀਤ ਸਿੰਘ, ਡਾ. ਰਜਨੀਸ਼ ਬਹਾਦਰ, ਸੁਸ਼ੀਲ ਦੋਸਾਂਝ, ਇੰਦਰਜੀਤ ਸਿੰਘ ਪੁਰੇਵਾਲ, ਅਜੈ ਤਨਵੀਰ, ਸੁਖਵਿੰਦਰ ਪੱਪੀ, ਭਗਵੰਤ ਰਸੂਲਪੁਰੀ ਅਤੇ ਰਣਦੀਪ ਸੰਗਤਪੁਰਾ, ਗੁਰਬਚਨ ਸਿੰਘ ਭੁੱਲਰ ,ਉੱਘੇ ਸਾਹਿਤਕਾਰਾਂ ਅਤਰਜੀਤ ,ਡਾ ਸੁਮੇਲ ਸਿੰਘ ਸਿੱਧੂ,ਡਾ ਅਨੂਪ ਸਿੰਘ, ਹਰਮੀਤ ਵਿਦਿਆਰਥੀ ,ਅਜਮੇਰ ਸਿੱਧੂ, ਡਾ ਬਲਜਿੰਦਰ ਨਸਰਾਲੀ,ਪ੍ਰੋ ਨੀਤੂ ਅਰੋੜਾ ,ਸਾਂਵਲ ਧਾਮੀ, ਡਾ, ਬਲਵੰਤ ਸਿੰਘ ਸੰਧੂ ਨੇ ਕਿਹਾ ਹੈ ਕਿ ਜਿਹੜੇ ਅਧਿਆਪਕਾਂ ਨੂੰ ਸਸਪੈਂਡ ਕੀਤਾ ਗਿਆ ਹੈ ਅਤੇ ਜਬਰੀ ਬਦਲੀਆਂ ਕੀਤੀਆਂ ਜਾ ਰਹੀਆਂ ਹਨ ਕੀ ਪੰਜਾਬ ਵਿੱਚ ਆਪਣੇ ਵਿਚਾਰ ਪ੍ਰਗਟ ਕਰਨ ਜਾਂ ਅਧਿਕਾਰਾਂ ਦੀ ਲੜਾਈ ਲੜਨ ਲਈ ਕੋਈ ਸਪੇਸ ਬਾਕੀ ਨਹੀਂ ਬਚੀ ? ਇਹਨਾਂ ਸਾਹਿਤਕਾਰਾਂ ਨੇ ਕਿਹਾ ਹੈ ਕਿ ਸਰਕਾਰ ਨੂੰ ਅਜਿਹੇ ਨਾਦਰਸ਼ਾਹੀ ਫਰਮਾਨ ਜਾਰੀ ਕਰਨ ਦੀ ਵਜਾਏ ਪੰਜਾਬ ਦੇ ਗਰੀਬ ਬੱਚਿਆਂ ਦੇ ਭਵਿੱਖ ਨੂੰ ਬਚਾਉਣ ਲਈ ਅਧਿਆਪਕ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ ।

ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਡਾ ਜਸਵਿੰਦਰ ਸਿੰਘ (ਸਾਬਕਾ ਪ੍ਰੋਫੈਸਰ )ਡਾ ਰਾਜਿੰਦਰਪਾਲ ਸਿੰਘ ਬਰਾੜ,ਡਾ ਸੁਰਜੀਤ ਸਿੰਘ ਭੱਟੀ ,ਡਾ ਧਨਵੰਤ ਕੌਰ ,ਡਾ ਭੀਮਇੰਦਰ ਸਿੰਘ,ਡਾ ਚਰਨਜੀਤ ਕੌਰ, ਡਾ ਗੁਰਮੁਖ ਸਿੰਘ ਅਤੇ ਡਾ. ਮੋਹਨ ਤਿਆਗੀ ਨੇ ਕਿਹਾ ਹੈ ਕਿ ਸਿੱਖਿਆ ਨਾਗਰਿਕਾਂ ਡਾ ਮੁਢਲਾ ਅਧਿਕਾਰ ਹੈ । ਸਰਕਾਰ ਘੱਟਤਨਖਾਹਾਂ ਤੇ ਅਧਿਆਪਕਾਂ ਨੂੰ ਰੱਖ ਕੇ ਦੇਸ਼ ਨੂੰ ਕਿਹੋ ਜਿਹੇ ਨਾਗਰਿਕ ਦੇਣਾ ਚਾਹੁੰਦੀ ਹੈ ।

ਪਰਵਾਸੀ ਸਾਹਿਤਕਾਰਾਂ ਅਮਰੀਕਾ ਤੋਂ ਸੁਖਵਿੰਦਰ ਕੰਬੋਜ਼, ਅਸ਼ੋਕ ਭੌਰਾ ,ਯੂ ਕੇ ਤੋਂ ਸੁਖਦੇਵ ਸਿੱਧੂ , ਤਰਲੋਚਨ ਮੁਠੱਡਾ, ਕਨੇਡਾ ਤੋਂ ਪਰਮਿੰਦਰ ਕੌਰ ਸਵੈਚ, ਜਸਵੀਰ ਮੰਗੂਵਾਲ ਅਤੇ ਆਸਟ੍ਰੇਲੀਆ ਤੋਂ ਸਰਬਜੀਤ ਸੋਹੀ ਤੋਂ ਇਲਾਵਾ ਡਾ ਜਗਵਿੰਦਰ ਸਿੰਘ ਯੋਧਾ , ਪ੍ਰੋ ਜੇ ,ਬੀ, ਸੇਖੋਂ, ਪ੍ਰੋ ਬਲਵੀਰ ਕੌਰ ਰੀਹਲ ,ਵਿਜੈ ਬੰਬੇਲੀ, ਗੁਰਮੀਤ ਆਰਿਫ , ਅਵਤਾਰ ਸਿੰਘ ਸੰਧੂ,ਬਲਦੇਵ ਸਿੰਘ ਢੀਂਡਸਾ, ਹਰਵਿੰਦਰ ਦੀਵਾਨਾ, ਅਮਰ ਘੋਲੀਆ,ਅਤੇ ਪੰਜਾਬ ਦੀ ਤਰਕਸ਼ੀਲ ਲਹਿਰ ਦੇ ਬਾਨੀ ਆਗੂ ਮੇਘ ਰਾਜ ਮਿਤਰ ਨੇਵੀ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਉਹ ਸੰਘਰਸ਼ਸ਼ੀਲ ਅਧਿਆਪਕਾਂ ਦੀਆਂ ਮੰਗਾਂ ਮੰਨੇ।

# ਕੰਵਰ ਸੰਧੂ ਖੋਜੇਗਾ ਆਪਣੀ ਮੁਅੱਤਲੀ ਦੇ ਕਾਰਨ

ਪਟਿਆਲਾ, 8 ਨਵੰਬਰ (ਪੋਸਟ ਬਿਊਰੋ)- ਆਪ ਪਾਰਟੀ ਵਿਧਾਇਕ ਕੰਵਰ ਸੰਧੂ ਪੀ ਪੀ ਐੱਸ ਸਕੂਲ ਵਿਚ ਸਾਲਾਨਾ ਫੰਕਸ਼ਨ ਵਿਚ ਰੋਲ ਆਫ਼ ਆਨਰ ਲੈਣ ਪਹੁੰਚੇ ਹੋਵੇ ਸਨ ਕਿ ਮੀਡੀਆ ਨੇ ਫੰਕਸ਼ਨ ਤੋਂ ਬਾਦ ਆ ਘੇਰਿਆਂ ਤੇ ਪੁੱਛਿਆ ਕਿ ਤੁਹਾਨੂੰ ਦੋਵਾਂ ਨੂੰ ਸਸਪੈਂਡ ਕਿਉਂ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਮੈ ਆਪ ਹੈਰਾਨ ਹਾਂ ਕਿ ਸਾਡੀ ਅਜੇ ਚਾਰ ਦਿਨ ਪਹਿਲਾ ਇਕੱਠੇ ਹੋਣ ਦੀ ਗੱਲ ਚੱਲੀ ਹੈ ਤੇ ਅਚਾਨਕ ਬਿਨਾ ਕਿਸੇ ਨੋਟਿਸ ਨਾ ਜਵਾਬ ਤਲਬੀ ਅਜਿਹਾ ਕਿਉਂ ਹੋਇਆ ? ਇਹ ਵੀ ਪਤਾ ਕਰਾਂਗਾ ਕਿ ਆਰਡਰ ਪੰਜਾਬ ਤੋਂ ਹੋਏ ਹਨ ਜਾ ਦਿੱਲੀ ਤੋਂ ਜਦੋਂ ਕਿ ਦੂਜੀ ਧਿਰ ਖ਼ੁਦ ਮੁਖਤਾਰੀ ਦੀ ਗੱਲ ਨਾਲ ਸਹਿਮਤ ਸਨ।

ਮੈਨੂੰ ਨਹੀਂ ਪਤਾ ਕਿ ਇਸ ਮਾਮਲੇ ਵਿਚ ਦੂਜੀ ਇਕੱਠੇ ਕਰਨ ਵਾਲੀ ਧਿਰ ਨੂੰ ਮੇਨ ਵਿਚ ਲਿਆ ਵੀ ਗਿਆ ਹੈ ਜਾ ਨਹੀਂ ?ਉਨ੍ਹਾਂ ਦੱਸਿਆ ਕਿ ਕੋਈ ਫ਼ੈਸਲਾ ਲੈਣ ਤੋਂ ਪਹਿਲਾ ਅਸੀਂ ਆਪਣੀ ਕੋਰ ਕਮੇਟੀ ਦੀ ਮੀਟਿੰਗ ਕਰਕੇ ਫੇਰ ਦੱਸਾਂਗੇ ਕਿ ਅਸੀਂ ਕੀ ਕਰਨਾ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਪੰਜਾਬ ਦੇ ਕਿਸਾਨਾਂ ਨੂੰ ਦਿੱਲੀ ਚ ਧੂੰਏਂ ਦਾ ਜ਼ਿੰਮੇਵਾਰ ਬਣਾ ਦਿੱਤਾ ਹੈ ਕਿਸਾਨ ਤਾਂ ਵਿਚਾਰਾਂ ਖ਼ੁਦਕੁਸ਼ੀਆਂ ਕਰ ਰਿਹਾ ਹੈ ਕਿਸਾਨ ਪਰਾਲੀ ਨੂੰ ਅੱਗ ਲਾਵੇ ਜਾ ਆਪਣੇ ਆਪ ਨੂੰ ,ਕਿਸਾਨ ਦੀ ਹਾਲਤ ਏਨੀ ਭੈੜੀ ਬਣੀ ਹੋਈ ਉਹ ਦੱਸ ਨਹੀਂ ਸਕਦਾ ਹੈ ?


**Paramjit Deol** Broker

CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca



Your neighborhood broker, Call Paramjit Deol Today

BRAMPTON $89,000 — Photo Not Available — Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft. — 135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੌ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500 — 85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000 — Photo Not Available — 10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000 — 1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੌ, ਅੱਜ ਹੀ ਕਾਲ ਕਰੋ।

BRAMPTON $541,800 — Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਉਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900 — Photo Not Available — 44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999 — Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775 — Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000 — 60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000 — Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000 — Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।







# ਪੰਜਾਬੀ ਕਲਮਾਂ ਦਾ ਕਾਫ਼ਲਾ - ਸਫ਼ਰਨਾਮੇ ਨੂੰ ਸਮਰਪਿਤ ਮਿਲਣੀ



ਬਰੈਂਪਟਨ (ਬ੍ਰਜਿੰਦਰ ਗੁਲਾਟੀ): 27 ਅਕਤੂਬਰ ਨੂੰ ਬਰੈਂਪਟਨ ਵਿੱਚ ਹੋਈ 'ਪੰਜਾਬੀ ਕਲਮਾਂ ਦਾ ਕਾਫਲਾ ਟੋਰੌਂਟੋ' ਦੀ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਪਰਮਜੀਤ ਦਿਓਲ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਗੁਰਚਰਨ ਰਾਮਪੁਰੀ ਦੇ ਅਕਾਲ ਚਲਾਣਾ ਕਰ ਜਾਣ ਦੀ ਦੁਖਦਾਈ ਖ਼ਬਰ ਸਾਂਝੀ ਕੀਤੀ ਅਤੇ ਹਾਜ਼ਿਰ ਮੈਂਬਰਾਂ ਨੇ ਦੋ ਮਿੰਟ ਲਈ ਖੜੇ ਹੋ ਕੇ ਸ਼ਰਧਾਂਜਲੀ ਭੇਂਟ ਕੀਤੀ। ਪ੍ਰਿੰਸੀਪਲ ਸਰਵਣ ਸਿੰਘ ਨੇ ਰਾਮਪੁਰੀ ਨਾਲ ਬਿਤਾਏ ਵਕਤ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਗਾਇਕ ਸੰਨੀ ਸ਼ਿਵਰਾਜ ਨੇ ਗੁਰ-ਚਰਨ ਰਾਮਪੁਰੀ ਦੀ ਕਵਿਤਾ "ਤੇਰੇ ਸਭ ਖ਼ਤ ਜਲਾ ਕੇ ਆਇਆ ਹਾਂ, ਅਪਣਾ ਦੀਵਾ ਬੁਝਾ ਕੇ ਆਇਆ ਹਾਂ" ਤਰੱਨਮ ਵਿੱਚ ਸੁਣਾਈ।

ਸਫ਼ਰਨਾਮੇ ਬਾਰੇ ਗੱਲਬਾਤ ਕਰਦਿਆਂ ਬ੍ਰਜਿੰਦਰ ਗੁਲਾਟੀ ਨੇ ਕਿਹਾ ਕਿ ਸਫ਼ਰਨਾਮਾ ਸਫ਼ਰ ਦਾ ਸਿਰਫ਼ ਵੇਰਵਾ ਨਹੀਂ ਸਗੋਂ ਕਲਾਕ੍ਰਿਤੀ ਬਣ ਜਾਂਦਾ ਹੈ ਜੇ ਉਸ ਵਿੱਚ ਉਸ ਜਗ੍ਹਾ ਦੇ ਭੂਗੋਲਿਕ, ਇਤਿਹਾਸਿਕ, ਆਰਥਿਕ ਪੱਖ ਤੇ ਨਾਲ ਹੀ ਓਥੋਂ ਦੀ ਸੰਸਕ੍ਰਿਤੀ ਤੇ ਸਮਾਜਿਕ ਢਾਂਚੇ ਬਾਰੇ ਕਲਾਮਈ ਢੰਗ ਨਾਲ ਪਾਠਕ ਲਈ ਦਿਲਚਸਪ ਘਟਨਾਵਾਂ ਦੇ ਬਿਰਤਾਂਤ ਵੀ ਹੋਣ। ਉਨ੍ਹਾਂ ਨੇ ਕਿਸੇ ਇਸਾਈ ਮਿਸ਼ਨਰੀ ਵੱਲੋਂ 1898 ਵਿੱਚ ਲਿਖੇ ਪਹਿਲੇ ਪੰਜਾਬੀ ਸਫ਼ਰਨਾਮੇ "ਏਸ਼ੀਆ ਦੀ ਸੈਲ" ਅਤੇ

ਸੰਗਠਿਤ ਰੂਪ ਵਿੱਚ ਲਾਲ ਸਿੰਘ ਕਮਲਾ ਅਕਾਲੀ ਦੇ 1931 ਵਿੱਚ ਲਿਖੇ "ਮੇਰਾ ਵਲਾਇਤੀ ਸਫ਼ਰਨਾਮਾ" ਦੀ ਗੱਲ ਵੀ ਕੀਤੀ। ਇਸਤੋਂ ਇਲਾਵਾ ਉਨ੍ਹਾਂ ਨੇ ਹੀਰਾ ਸਿੰਘ ਦਰਦ, ਬਲਰਾਜ ਸਾਹਨੀ, ਹੀਰਾ ਸਿੰਘ ਵਿਰਕ, ਸਾਧੂ ਸਿੰਘ ਹਮਦਰਦ ਤੇ

ਵਰਿਆਮ ਸਿੰਘ ਸੰਧੂ ਬਾਰੇ ਗੱਲ ਕਰਦਿਆਂ ਟੋਰੌਂਟੋ ਵਿੱਚ ਇਸ ਸਮੇਂ ਸਫ਼ਰਨਾਮਾ ਲਿਖ ਰਹੇ ਸਤਵੰਤ ਸਿੰਘ,

ਸੁਖਿੰਦਰ ਸਿੰਘ, ਮਿੰਨੀ ਗਰੇਵਾਲ ਅਤੇ ਮੇਜਰ ਮਾਂਗਟ ਦੇ ਸਫ਼ਰਨਾਮਿਆਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ।

ਕਹਾਣੀਕਾਰ ਮੇਜਰ ਮਾਂਗਟ ਨੇ ਕਿਹਾ ਕਿ ਸਫ਼ਰਨਾਮੇਂ ਵਿਚਲੀ ਜਾਣਕਾਰੀ ਦਿਲਚਸਪ ਅਤੇ ਦਰੁੱਸਤ ਹੋਣੀ ਚਾਹੀਦੀ ਹੈ। ਲਿਖਤ ਇੰਜ ਹੋਵੇ ਕਿ ਪਾਠਕ ਮਹਿਸੂਸ ਕਰੇ ਕਿ ਉਹ ਵੀ ਲੇਖਕ ਦੇ ਨਾਲ ਘੁੰਮ ਰਿਹਾ ਹੈ। ਉਨ੍ਹਾਂ ਨੇ ਆਪਣੇ ਇੰਗਲੈਂਡ, ਯੂਰਪ, ਯੂ.ਐੱਸ. ਤੇ ਕੈਨੇਡਾ ਵਿੱਚ ਕੀਤੇ ਸਫ਼ਰ ਬਾਰੇ ਲਿਖਿਆ ਹੈ ਅਤੇ ਦੱਸਿਆ ਕਿ ਦੋ ਸਫ਼ਰਨਾਮਿਆਂ ਜੋਗੀ ਲਿਖਤ ਤਿਆਰ ਹੋ ਚੁੱਕੀ ਹੈ। ਹੁਣ ਵਾਰੀ ਆਈ ਮਿੰਨੀ ਗਰੇਵਾਲ ਦੀ... ਕੈਨੇਡਾ ਆ ਕੇ ਉਨ੍ਹਾਂ ਨੇ ਪੂਰੇ ਕੈਨੇਡਾ ਦਾ ਸਫ਼ਰ ਕੀਤਾ। ਰੂਸ ਤੇ

ਮੰਗੋਲੀਆ ਹੀ ਨਹੀਂ, ਦੱਖਣੀ ਅਮਰੀਕਾ ਵਿੱਚ ਭੂਮੱਧ-ਰੇਖਾ ਦੇਖੀ ਅਤੇ ਚਿੱਲੀ, ਪਿਰੂ, ਇਟਲੀ, ਇਜਿਪਟ ਤੇ ਹੋਰ

ਵੀ ਬਹੁਤ ਦੇਸ਼ਾਂ ਵਿੱਚ ਗਏ ਅਤੇ ਧੁਰ ਦੱਖਣ ਤੱਕ ਜਾ ਕੇ ਗਲਾਪੋ-ਗੋਸ ਦੀਪ ਦੀ ਸੈਰ ਵੀ ਕੀਤੀ। ਉਨ੍ਹਾਂ ਦਾ ਇੱਕ ਸਫ਼ਰਨਾਮਾ "ਅਣਜਾਣੀਆਂ ਧਰਤੀਆਂ" ਛਪਿਆ ਹੈ ਅਤੇ ਦੂਸਰੇ ਦੀ ਤਿਆਰੀ ਹੋ ਰਹੀ ਹੈ।

ਸਤਵੰਤ ਸਿੰਘ ਆਪਣੇ ਸਫ਼ਰ ਦੀ ਗੱਲ ਕਰਦਿਆਂ ਕਿਹਾ ਕਿ ਉਹ 7 ਮਹਾਂਦੀਪਾਂ ਦਾ ਸਫ਼ਰ ਕਰ ਚੁੱਕੇ ਹਨ। ਉਨ੍ਹਾਂ ਨੇ

ਪਿਰੂ ਦੇ ਚੱਟਾਨਾਂ ਵਿੱਚ ਬਣੇ ਰੈਸਟੋਰੈਂਟ ਅਤੇ ਤਸਮਾਨੀਆਂ ਬਾਰੇ ਦੱਸਿਆ। ਉਨ੍ਹਾਂ ਦਾ ਸਫ਼ਰਨਾਮਾ "ਮੇਰੀਆਂ ਅਭੁੱਲ ਵਿਸ਼ਵ ਯਾਤਰਾਵਾਂ" ਲੜੀਵਾਰ ਅਖ਼ਬਾਰਾਂ ਵਿੱਚ ਵੀ ਛਪਦਾ ਰਿਹਾ ਹੈ।

ਸਫ਼ਰਨਾਮੇ ਬਾਰੇ ਚਰਚਾ ਕਰਦਿਆਂ, ਡਾ. ਬਲਜਿੰਦਰ ਸੇਖੋਂ ਨੇ ਦੱਸਿਆ ਕਿ ਗਲਾਪੋਗੋਸ ਦੀਪ-ਸਮੂਹ ਵਿੱਚ ਹੀ ਡਾਰਵਿਨ ਨੂੰ ਅਸਲ ਗਿਆਨ ਹੋਇਆ ਸੀ। ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣੇ ਦੋ ਸਫ਼ਰਨਾਮਿਆਂ ਬਾਰੇ ਹੀ ਨਹੀਂ ਲਾਲ ਸਿੰਘ ਕਮਲਾ ਅਕਾਲੀ, ਗਾਰਗੀ, ਆਤਮਾ ਸਿੰਘ, ਗੁਰਬਚਨ ਦੇ ਸਫ਼ਰਨਾਮਿਆਂ ਅਤੇ ਸੁਰਜੀਤ ਸਿੰਘ ਦੇ ਅੰਟਾਰਕਟਿਕਾ ਦੇ ਸਫ਼ਰਨਾਮੇ ਵਿੱਚ ਰੌਚਕਤਾ ਅਤੇ ਵਿਅੰਗ ਦੀ ਗੱਲ ਕੀਤੀ। ਪ੍ਰੋ. ਰਾਮ ਸਿੰਘ ਨੇ ਕਿਹਾ ਕਿ ਸਫ਼ਰਨਾਮੇ ਵਿੱਚ ਸਿਰਫ਼ ਦ੍ਰਿਸ਼-ਚਿਤਰਣ ਨਹੀਂ, ਉੱਥੋਂ ਦੇ ਇਤਿਹਾਸ ਦੀ ਵੀ ਬਹੁਤ ਅਹਿਮੀਅਤ ਹੁੰਦੀ ਹੈ। ਉਨ੍ਹਾਂ ਅਸਲਰ ਮਜਾਹਿਦ ਦੇ ਸਫ਼ਰਨਾਮੇ "ਇਰਾਨ ਤੇ ਅਜ਼ਰਬਾਇਜਾਨ ਦੀ ਯਾਤਰਾ" ਦੀ ਬਹੁਤ ਤਾਰੀਫ਼ ਕੀਤੀ ਅਤੇ ਇਸ ਦੇ ਪੰਜਾਬੀ ਅਨੁਵਾਦ ਨੂੰ ਪੜ੍ਹਣ ਦੀ ਸਲਾਹ ਦਿੱਤੀ। ਉਨ੍ਹਾਂ ਅਨੁਸਾਰ ਦੇਸ-ਪਰਦੇਸ ਦਾ ਸਫ਼ਰ ਕਰਨ ਵਾਲੇ ਯਾਤਰੀ ਕੱਟੜ ਨਹੀਂ ਹੁੰਦੇ, ਖਾਣ- ਪੀਣ ਦਾ ਪਰਹੇਜ਼ ਨਹੀਂ ਕਰਦੇ, ਇਨ੍ਹਾਂ ਨੂੰ ਧਰਤੀ ਨਾਲ ਸਨੇਹ ਹੁੰਦਾ ਹੈ ਤੇ ਸਫ਼ਰ ਕਰਨ ਦਾ ਜਨੂੰਨ।

ਕਵਿਤਾ ਦੇ ਦੌਰ ਵਿੱਚ ਸਵਰਗਵਾਸੀ ਕਵੀ ਆਤਮਜੀਤ ਹੰਸ ਦੀ ਪਤਨੀ ਸੁਰਿੰਦਰ ਕੌਰ ਨੇ ਹੰਸਪਾਲ ਦੀ ਗ਼ਜ਼ਲ ਤੇ ਆਪਣੀ ਹਿੰਦੀ ਕਵਿਤਾ ਸੁਣਾਈ। ਜਗੀਰ ਸਿੰਘ ਕਾਹਲੋਂ ਦੀ ਕਵਿਤਾ ਸੀ "ਜਦ ਤੁਰੇਂਗਾ, ਤਦ ਹੀ ਰਾਹਾਂ ਹਾਮੀ ਭਰਨਗੀਆਂ"। ਅਮਰ ਸਿੰਘ ਸੂਫ਼ੀ ਨੇ ਹਿੰਦ-ਪਾਕਿ ਵੰਡ ਦੀ ਬਾਤ ਪਾਈ। ਅਮਰ ਸਿੰਘ ਢੀਂਡਸਾ, ਗੁਰਦਾਸ ਮਿਨਹਾਸ, ਸੁਰਜੀਤ ਕੌਰ, ਸੁੰਦਰਪਾਲ ਰਾਜਾਸਾਂਸੀ, ਪਰਮਜੀਤ ਢਿੱਲੋਂ ਅਤੇ ਚੈਟੀ ਕਾਲੀਆ ਨੇ ਆਪਣੇ ਆਪਣੇ ਕਲਾਮ ਸਾਂਝੇ ਕੀਤੇ।

ਕ੍ਰਿਪਾਲ ਸਿੰਘ ਪੰਨੂੰ ਨੇ ਲੇਖਕਾਂ ਨੂੰ ਕਵਿਤਾ ਦਾ ਮਿਆਰ ਵਧੀਆ ਕਰਨ ਅਤੇ ਕੰਪਿਊਟਰ ਨਾਲ ਜੁੜਨ ਲਈ ਕਿਹਾ। ਗੁਰਦੇਵ ਸਿੰਘ ਮਾਨ ਨੇ ਆਪਣੇ ਚੀਨ ਦੇ ਸਫ਼ਰ ਦੇ ਅਨੁਭਵ ਸਾਂਝੇ ਕੀਤੇ। ਅੰਤ ਵਿੱਚ ਜਰਨੈਲ ਸਿੰਘ ਕਹਾਣੀਕਾਰ

ਨੇ ਸਭ ਦਾ ਧੰਨਵਾਦ ਕੀਤਾ।

ਉੱਪਰ ਲਿਖੇ ਬੁਲਾਰਿਆਂ ਤੋਂ ਇਲਾਵਾ, ਸੁਰਜਨ ਜ਼ਿਰਵੀ, ਪੂਰਨ ਸਿੰਘ ਪਾਂਧੀ, ਜਸਪਾਲ ਢਿੱਲੋਂ, ਰਿੰਟੂ ਭਾਟੀਆ, ਜਸਵਿੰਦਰ ਸੰਧੂ, ਮਨਮੋਹਨ ਗੁਲਾਟੀ, ਸਰਬਜੀਤ ਕਾਹਲੋਂ, ਅੰਮ੍ਰਿਤ ਜ਼ਿਰਵੀ ਤੇ ਹੋਰ ਵੀ ਮੈਂਬਰ ਮੀਟਿੰਗ ਵਿੱਚ ਹਾਜ਼ਿਰ ਸਨ। ਪਰਮਜੀਤ ਦਿਓਲ ਨੇ ਬਾਖ਼ੂਬੀ ਸਟੇਜ ਦੀ ਕਾਰਵਾਈ ਨਿਭਾਈ ਜਦਕਿ ਮਨਮੋਹਨ ਗੁਲਾਟੀ ਨੇ ਮੀਟਿੰਗ ਨੂੰ ਔਰਗੇਨਾਈਜ਼ ਕਰਨ ਦੀਆਂ ਸਾਰੀਆਂ ਜ਼ਿੰਮੇਂਵਾਰੀਆਂ ਨਿਭਾਈਆਂ।

# ਨਸ਼ੇ 'ਚ ਮਕਾਨ ਦੀ ਦੂਜੀ ਮੰਜਲ ਤੋਂ ਡਿੱਗਿਆ ਨੌਜਵਾਨ, ਮੌਤ

ਚੰਡੀਗੜ੍ਹ, 7 ਨਵੰਬਰ (ਸੁਸ਼ੀਲ): ਦੀਵਾਲੀ ਦੇ ਤਿਉਹਾਰ 'ਤੇ ਸ਼ਰਾਬ ਦੇ ਨਸ਼ੇ 'ਚ ਟੈਕਸੀ ਡਰਾਈਵਰ ਸੈਕਟਰ-41 ਸਥਿਤ ਮਕਾਨ ਦੀ ਦੂਜੀ ਮੰਜ਼ਿਲ ਦੀ ਗੈਲਰੀ ਤੋਂ ਹੇਠਾਂ ਡਿੱਗ ਗਿਆ। ਲਹੂਲੁਹਾਨ ਹਾਲਤ 'ਚ ਪੁਲਸ ਨੇ ਉਸਨੂੰ ਸੈਕਟਰ-16 ਸਥਿਤ ਜਨਰਲ ਹਸਪਤਾਲ 'ਚ ਭਰਤੀ ਕਰਵਾਇਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਮ੍ਰਿਤਕ ਦੀ ਪਹਿਚਾਣ 27 ਸਾਲਾ ਪਰਮਜੀਤ ਸਿੰਘ ਉਰਫ ਲਵਲੀ ਦੇ ਰੂਪ 'ਚ ਹੋਈ। ਸੈਕਟਰ-39 ਥਾਣਾ ਪੁਲਸ ਨੇ ਲਾਸ਼ ਦਾ ਪੋਸਟਮਾਰਟਮ ਕਰਵਾਕੇ ਪਰਿਵਾਰ ਨੂੰ ਸੌਂਪ ਦਿੱਤਾ। ਘਟਨਾ ਬੁੱਧਵਾਰ ਰਾਤ ਡੇਢ ਵਜੇ ਦੀ ਹੈ। ਪੁਲਸ ਨੂੰ ਸੂਚਨਾ ਮਿਲੀ ਕਿ ਸੈਕਟਰ-41 ਸਥਿਤ ਮਕਾਨ ਦੀ ਗੈਲਰੀ ਤੋਂ ਨੌਜਵਾਨ ਹੇਠਾਂ ਡਿੱਗਕੇ ਜਖ਼ਮੀ ਹੋ ਗਿਆ ਹੈ। ਪੁਲਸ ਮੌਕੇ 'ਤੇ ਪਹੁੰਚੀ ਅਤੇ ਉਸਨੂੰ ਹਸਪਤਾਲ 'ਚ ਦਾਖਲ ਕਰਵਾਇਆ। ਜਾਂਚ ਦੌਰਾਨ ਪਤਾ ਚੱਲਿਆ ਕਿ ਮ੍ਰਿਤਕ ਪਰਮਜੀਤ ਸਿੰਘ ਨੇ ਦੀਵਾਲੀ ਦੇ ਤਿਉਹਾਰ 'ਤੇ ਪਹਿਲਾਂ ਜਮਕੇ ਪਟਾਖੇ ਚਲਾਏ। ਇਸਤੋਂ ਬਾਅਦ ਘਰ 'ਚ ਬੈਠਕੇ ਸ਼ਰਾਬ ਪੀਤੀ। ਨਸ਼ੇ 'ਚ ਹੋਣ ਦੇ ਚਲਦੇ ਪਰਮਜੀਤ ਦਾ ਸੰਤੁਲਨ ਵਿਗੜ ਗਿਆ ਅਤੇ ਉਹ ਹੇਠਾਂ ਡਿੱਗ ਗਿਆ। ਪੁਲਸ ਨੇ ਦੱਸਿਆ ਕਿ ਮ੍ਰਿਤਕ ਟੈਕਸੀ ਚਲਾਉਂਦਾ ਸੀ।


Jobs Jobs Jobs

General Labour/ Drivers/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ


# ਬਹਾਦਰ ਡਾਲਵੀ ਨਾਲ ਰੂਬਰੂ: ਦੋ ਨਵ ਪ੍ਰਕਾਸ਼ਿਤ ਪੁਸਤਕਾਂ ਲੋਕ ਅਰਪਣ



ਸਰੀ -ਬੀਤੇ ਦਿਨੀਂ ਪੰਜਾਬ ਭਵਨ ਸਰੀ ਵਿਖੇ ਪੰਜਾਬ ਤੋਂ ਕੈਨੇਡਾ ਦੌਰੇ 'ਤੇ ਆਏ ਗੀਤਕਾਰ ਤੇ ਸਾਹਿਤਕਾਰ ਬਹਾਦਰ ਡਾਲਵੀ ਨਾਲ ਰੂਬਰੂ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਗੀਤਕਾਰ ਬਹਾਦਰ ਡਾਲਵੀ ਦੀਆਂ ਦੋ ਨਵ ਪ੍ਰਕਾਸ਼ਿਤ ਪੁਸਤਕਾਂ 'ਮਾਂਵਾ ਬੋਹੜ ਦੀਆਂ ਛਾਵਾਂ ( ਗੀਤ ਸੰਗ੍ਰਹਿ ) ਅਤੇ 'ਗੁਣਾਂ ਦੇ ਗਹਿਣੇ' ( ਬਾਲ ਕਾਵਿ ਸੰਗ੍ਰਹਿ ) ਲੋਕ ਅਰਪਨ ਕੀਤੀਆਂ ਗਈਆਂ।ਉਪਰੰਤ ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਮਹਿਮਾਨ ਗੀਤਕਾਰ ਬਾਰੇ ਸੰਖੇਪ ਜਾਣਕਾਰੀ ਦਿੱਤੀ।ਇਸ ਸਾਦਾ ਪਰ ਪ੍ਰਵਾਭਸ਼ਾਲੀ ਸਮਾਗਮ ਵਿਚ ਬਹਾਦਰ ਡਾਲਵੀ ਨੇ ਬਚਪਨ ਤੋਂ ਲੈਕੇ ਆਪਣੀ ਲਿਖਣ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਹੁਣ ਤੱਕ ਸੱਤ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕੇ ਹਨ।ਲਿਖਣ ਦੇ ਨਾਲ ਨਾਲ ਉਹ ਚਿੱਤਰਕਾਰੀ ਵੀ ਕਰਦੇ ਰਹੇ ਹਨ।ਉਨ੍ਹਾਂ ਦੱਸਿਆ ਕਿ ਪਿਛਲੇ ਲਗਪਗ 35 - 40 ਸਾਲਾਂ ਤੋਂ ਜਲੰਧਰ ਦੂਰਦਰਸ਼ਨ ਤੇ ਆਕਾਸ਼ ਵਾਣੀ ਜਲੰਧਰ ( ਆਲ ਇੰਡੀਆ ਰੇਡੀਓ ) ਦੇ ਕਵੀ ਦਰਬਾਰਾਂ ਵਿਚ ਅਣਗਿਣਤ ਵਾਰ ਭਾਗ ਲੈ ਚੁੱਕੇ ਹਨ।ਦੂਰਦਰਸ਼ਨ ਜਲੰਧਰ ਉਪਰ ਉਨ੍ਹਾਂ ਵੱਲੋ ਲਿਖੇ ਪੁਰਾਤਨ ਵਿਰਸੇ ਨਾਲ ਸੰਬੰਧਤ ਕਈ ਸਕਰਿਪਟਾਂ ਦਾ ਫ਼ਿਲਮਾਂਕਣ ਟੈਲੀਕਾਸਟ ਹੋ ਚੁੱਕਾ ਹੈ।ਉਹ ਲੰਮਾ ਸਮਾਂ ਅਧਿਆਪਨ ਕਾਰਜ ਨਾਲ ਜੁੜੇ ਰਹਿਣ ਕਰਕੇ ਉਹ ਬੱਚਿਆਂ ਦੀ ਮਾਨਸਿਕ ਸਥਿਤੀ ਨੂੰ ਸਮਝਦੇ ਹੋਏ ਤਿੰਨ ਪੁਸਤਕਾਂ ਬਾਲ ਸਾਹਿਤ ਦੀਆਂ ਵੀ ਲਿਖ ਚੁੱਕੇ ਹਨ।ਸਮਾਗਮ ਦੌਰਾਨ ਉੱਘੇ ਗਾਇਕ ਸੁਰਜੀਤ ਮਾਧੋਪੁਰੀ ਨੇ 'ਮਾਵਾਂ ਬੋਹੜ ਦੀਆਂ ਛਾਵਾਂ ' ਦਾ ਟਾਈਟਲ ਗੀਤ ਤਰੰਨਮ ਵਿਚ ਪੇਸ਼ ਕੀਤਾ।ਇਸ ਮੌਕੇ ਉੱਘੇ ਸ਼ਾਇਰ ਕਵਿੰਦਰ ਚਾਂਦ ਅਤੇ ਮੋਹਨ ਗਿੱਲ ਨਾਲ ਸਮਾਗਮ ਵਿਚ ਸ਼ਾਮਿਲ ਸਾਹਿਤਕਾਰਾਂ ਤੇ ਪੱਤਰਕਾਰਾਂ ਨੇ ਪੰਜਾਬ ਭਵਨ ਵੱਲੋਂ ਬਹਾਦਰ ਡਾਲਵੀ ਨੂੰ ਯਾਦਗਾਰੀ ਚਿੰਨ ਦੇਕੇ ਸਨਮਾਨਿਤ ਕੀਤਾ। ਸਮਾਗਮ ਵਿਚ ਸ਼ਾਇਰ ਕਵਿੰਦਰ ਚਾਂਦ, ਮੋਹਨ ਗਿੱਲ, ਗਾਇਕ ਸੁਰਜੀਤ ਮਾਧੋਪੁਰੀ, ਨਾਵਲਕਾਰ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ , ਦਵਿੰਦਰ ਬੈਨੀਵਾਲ (ਪ੍ਰਾਈਮ ਏਸ਼ੀਆ ਟੀ ਵੀ) ਸੁਖਵਿੰਦਰ ਸਿੰਘ ਚੋਹਲਾ ( ਸੰਪਾਦਕ ਐਨ. ਆਰ. ਆਈ. ਸਰੋਕਾਰ ਤੇ ' ਦੇਸ਼ ਪ੍ਰਦੇਸ਼ ਟਾਈਮਜ਼' ), ਬਹਾਦਰ ਡਾਲਵੀ ਦੀ ਧਰਮ ਪਤਨੀ ਸੰਤੋਸ਼ ਡਾਲਵੀ, ਧੀ ਰਮਨਜੋਤ ਕੌਰ, ਜਵਾਈ ਤਰਨਜੀਤ ਸਿੰਘ, ਦੋਹਤੀ, ਦੋਹਤਾ ਤੇ ਹੋਰ ਪਾਠਕ ਹਾਜ਼ਰ ਸਨ।



ੴ ਸਤਿਗੁਰੂ ਪ੍ਰਸਾਦਿ

ਗੁਰੂਦੁਆਰਾ ਸਿੱਖ ਸਪਿਰਚੂਅਲ ਸੈਂਟਰ, ਰੈਕਸਡੇਲ

ਬਰਸੀ ਸਮਾਗਮ

ਧੰਨ ਧੰਨ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁਸ਼ਿਆਰਪੁਰ ਦੀ ਸਮੂਹ ਸਾਧ ਸੰਗਤ ਵਲੋਂ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ ਬਰਸੀ ਸਮਾਗਮ ਕਰਵਾਏ ਜਾ ਰਹੇ ਹਨ। ਇਹ ਬਰਸੀ ਸਮਾਗਮ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਹੋਣਗੇ। ਜਿਸ ਦੇ ਸੰਦਰਭ ਵਿੱਚ 16 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 18 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਭੋਗ ਪੈਣਗੇ, ਉਪਰੰਤ ਦਰਬਾਰ ਸਜਾਏ ਜਾਣਗੇ, ਗੁਰੂ ਕਾ ਲੰਗਰ ਅਟੁੱਤ ਵਰਤਾਇਆ ਜਾਵੇਗਾ।



ਸਮੂਹ ਹੁਸ਼ਿਆਰਪੁਰ ਇਲਾਕਾ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਦੀ ਹੈ ਕਿ ਇਸ ਸਮਾਗਮ ਵਿੱਚ ਹੁੰਮ ਹੁਮਾ ਕੇ ਪਹੁੰਚੋ ਜੀ

9 Carrier Drive Toronto, ON M9V 4B2

ਜਿਆਦਾ ਜਾਣਕਾਰੀ ਲਈ ਰਾਜੀਵ ਸਿੰਘ 647 280 6041
ਸੁਰਿੰਦਰ ਸਿੰਘ ਗਿੱਲ 416 677 4455
ਮਹਿੰਦਰ ਸਿੰਘ ਜੱਜ 647 296 4851 ਤੇ ਸੰਪਰਕ ਕਰੋ



# ਸੰਪਾਦਕੀ

## ਲਿਬਰਲਾਂ ਅਤੇ ਟੋਰੀਆਂ ਦੀ ਹਿੰਸਾ ਅਤੇ ਗੈਂਗਾਂ ਬਾਰੇ ਪਹੁੰਚ ਵਿੱਚ ਫ਼ਰਕ

ਕੈਨੇਡਾ ਵਿੱਚ ਸੜਕਾਂ ਉੱਤੇ ਹੋ ਰਹੀ ਹਿੰਸਾ ਦੀਆਂ ਵਾਰਦਾਤਾਂ ਵਿੱਚ ਵਾਧੇ ਨੂੰ ਲੈ ਕੇ ਫੈਡਰਲ ਲਿਬਰਲ ਅਤੇ ਟੋਰੀ ਦੋਵੇਂ ਚਿੰਤਤ ਹਨ ਪਰ ਇਸ ਚਿੰਤਾ ਨੂੰ ਖਤਮ ਕਰਨ ਬਾਰੇ ਦੋਵਾਂ ਧਿਰਾਂ ਦੀ ਆਪੋ ਆਪਣੀ ਸੋਚ ਹੈ। ਇਸਦਾ ਸਪੱਸ਼ਟ ਝਲਕਾਰਾ ਕੱਲ ਵੇਖਣ ਨੂੰ ਮਿਲਿਆ। ਇੱਕ ਪਾਸੇ ਫੈਡਰਲ ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਨੇ ਟਰੂਡੋ ਸਰਕਾਰ ਦੀ ਤਰਫ਼ ਤੋਂ ਹਿੰਸਾ ਉੱਤੇ ਕਾਬੂ ਪਾਉਣ ਲਈ 'ਆਰ ਸੀ ਐਮ ਪੀ' ਅਤੇ ਕੈਨੇਡੀਅਨ ਬਾਰਡਰ ਸਕਿਉਰਿਟੀ ਏਜੰਸੀ (ਸੀ ਬੀ ਐਸ ਏ) ਨੂੰ 86 ਮਿਲੀਅਨ ਡਾਲਰ ਫੰਡ ਦੇਣ ਦਾ ਐਲਾਨ ਕੀਤਾ। ਇਹ ਫੰਡ ਕੈਨੇਡਾ ਦੀਆਂ ਕੌਮੀ ਸੁਰੱਖਿਆ ਏਜੰਸੀਆਂ ਨੂੰ ਅਮਰੀਕਾ ਤੋਂ ਕੈਨੇਡਾ ਗੈਰਕਨੂੰਨੀ ਢੰਗ ਨਾਲ ਆਉਣ ਵਾਲੇ ਹਥਿਆਰਾਂ ਦੀ ਬਰਾਮਦ ਨੂੰ ਰੋਕਣ ਲਈ ਦਿੱਤੇ ਜਾਣਗੇ। 51.5 ਮਿਲੀਅਨ ਡਾਲਰ ਐਕਸ ਰੇਅ ਤਕਨਾਲੋਜੀ ਦੇ ਸੁਧਾਰ, ਵਧੇਰੇ ਸੂਹੀਆ ਕੁੱਤੇ ਤਾਇਨਾਤ ਕਰਨ ਅਤੇ ਸੂਹੀਆ ਕੁੱਤਿਆਂ ਲਈ ਟਰੇਨਿੰਗ ਦੇਣ ਲਈ ਇਮਾਰਤ ਤਿਆਰ ਕਰਨ ਲਈ ਦਿੱਤੇ ਜਾਣਗੇ ਜਿੱਥੇ ਹਰ ਮੌਸਮ ਵਿੱਚ ਸਿਖਲਾਈ ਦਿੱਤੀ ਜਾ ਸਕੇ। ਇਸਤੋਂ ਇਲਾਵਾ 34.5 ਮਿਲੀਅਨ ਡਾਲਰ ਤਫ਼ਤੀਸ਼ ਕਰਨ ਦੀਆਂ ਵਿਧੀਆਂ ਨੂੰ ਚੰਗੇਰਾ ਬਣਾਉਣ ਅਤੇ ਸਿਖਲਾਈ ਆਦਿ ਉੱਤੇ ਖਰਚੇ ਜਾਣਗੇ।

ਲਿਬਰਲ ਸਰਕਾਰ ਦੀ ਸੋਚ ਹੈ ਕਿ ਜੇ ਬਾਹਰੋਂ ਹਥਿਆਰ ਨਹੀਂ ਆਉਣਗੇ ਤਾਂ ਹਿੰਸਾ ਨਹੀਂ ਹੋਵੇਗੀ। ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਹਥਿਆਰ ਅਮਰੀਕਾ ਵਿੱਚੋਂ ਚੋਰੀ ਹੋ ਕੇ ਆਉਂਦੇ ਹਨ ਪਰ ਲੋਕਲ ਕੈਨੇਡੀਅਨ ਮਾਰਕੀਟ ਵਿੱਚ ਵੀ ਗੈਰਕਨੂੰਨੀ ਹਥਿਆਰਾਂ ਦੀ ਕੋਈ ਘਾਟ ਨਹੀਂ ਹੈ।

ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਂਡਰੀਊ ਸ਼ੀਅਰ ਨੇ ਵੀ ਕੱਲ ਬਰੈਂਪਟਨ ਵਿੱਚ ਉਸ ਰਣਨੀਤੀ ਦੇ ਪਹਿਲੇ ਭਾਗ ਨੂੰ ਰੀਲੀਜ਼ ਕੀਤਾ ਜੋ ਟੋਰੀ ਸਰਕਾਰ ਗੰਨਾਂ ਅਤੇ ਗੰਨ ਹਿੰਸਾਂ ਨੂੰ ਰੋਕਣ ਲਈ ਲਾਗੂ ਕਰੇਗੀ। ਟੋਰੀ ਲੀਡਰ ਨੇ Cracking Down on Gangs ਨਾਮਕ ਇਸ ਰਣਨੀਤੀ ਵਿੱਚ ਗੈਂਗ ਕਰਾਈਮ ਨੂੰ ਖਤਮ ਕਰਨ ਅਤੇ ਕੈਨੇਡੀਅਨ ਕਮਿਉਨਿਟੀਆਂ ਨੂੰ ਸੁਰੱਖਿਅਤ ਬਣਾਉਣ ਲਈ ਪੰਜ ਨਵੇਂ ਪਾਲਸੀ ਉੱਦਮ ਸ਼ਾਮਲ ਕੀਤੇ ਗਏ ਹਨ। ਇਹਨਾਂ ਵਿੱਚ ਗੈਂਗ ਮੈਂਬਰਾਂ ਨੂੰ ਆਟੋਮੈਟਿਕ ਜਮਾਨਤ ਮਿਲਣੀ ਖਤਮ ਕਰਨਾ, ਗੈਂਗਾਂ ਨੂੰ ਕੈਨੇਡੀਅਨ ਕ੍ਰਿਮੀਨਲ ਕੋਡ ਵਿੱਚ ਦਰਜ਼ ਕਰਨਾ। ਵਰਤਮਾਨ ਵਿੱਚ ਜਦੋਂ ਵੀ ਸੁਰੱਖਿਆ ਏਜੰਸੀਆਂ ਵੱਲੋਂ ਕਿਸੇ ਹਿੰਸਾ ਕਰਨ ਵਾਲੇ ਨੂੰ ਫੜ ਕੇ ਅਦਾਲਤ ਵਿੱਚ ਪੇਸ਼ ਕੀਤਾ ਜਾਂਦਾ ਹੈ ਤਾਂ ਸਰਕਾਰੀ ਧਿਰ ਨੂੰ ਸਾਬਤ ਕਰਨਾ ਪੈਂਦਾ ਹੈ ਕਿ ਉਹ ਕਿਸੇ ਗੈਂਗ ਦਾ ਮੈਂਬਰ ਹੈ ਜਾਂ ਨਹੀਂ। ਐਂਡਰੀਊ ਸ਼ੀਅਰ ਦੀ ਨਵੀਂ ਪਾਲਸੀ ਵਿੱਚ ਸਰਕਾਰੀ ਧਿਰ ਨੂੰ ਹਿੰਸਾ ਕਰਨ ਵਾਲੇ ਨੂੰ ਖੁਦ ਸਾਬਤ ਕਰਨਾ ਹੋਵੇਗਾ ਕਿ ਉਹ ਗੈਂਗ ਦਾ ਮੈਂਬਰ ਨਹੀਂ ਹੈ। ਭਾਵ ਖੁਦ ਨੂੰ ਨਿਰਦੋਸ਼ ਸਾਬਤ ਹੋਣ ਦੀ ਸਮੁੱਚੀ ਜੁੰਮੇਵਾਰੀ ਦੋਸ਼ੀ ਉੱਤੇ ਪਾਈ ਜਾਵੇਗੀ। ਇਸਤੋਂ ਇਲਾਵਾ ਗੈਂਗ ਮੈਂਬਰਾਂ ਦੀ ਪੈਰੋਲ ਬੰਦ ਕਰਨਾ, ਗੈਂਗ ਹਿੰਸਾ ਕਰਵਾਉਣ ਵਾਲਿਆਂ ਲਈ ਸਖ਼ਤ ਸਜ਼ਾਵਾਂ ਦੇਣ ਦੀ ਗੱਲ ਕੀਤੀ ਗਈ ਹੈ ਕਿਉਂਕਿ ਜ਼ਿਆਦਾਤਰ ਕੇਸਾਂ ਵਿੱਚ ਹਿੰਸਾ ਕਰਨ ਵਾਲਿਆਂ ਨਾਲੋਂ ਕਰਵਾਉਣ ਵਾਲੇ ਵੱਧ ਖਤਰਨਾਕ ਹੁੰਦੇ ਹਨ ਪਰ ਉਹ ਫੜੇ ਨਹੀਂ ਜਾਂਦੇ।

ਲਿਬਰਲ ਸੋਚ ਵਿੱਚ ਗੁਨਾਹਗਾਰਾਂ ਨੂੰ ਢਿੱਲ ਮੱਠ ਦੇ ਕੇ ਸੁਧਰਨ ਦੇ ਮੌਕੇ ਦੇਣ ਉੱਤੇ ਵਧੇਰੇ ਜੋਰ ਦਿੱਤਾ ਜਾਂਦਾ ਹੈ। ਮਿਸਾਲ ਵਜੋਂ ਪਿਛਲੇ ਸਾਲ ਲਿਬਰਲ ਸਰਕਾਰ ਨੇ ਗੈਂਗ ਹਿੰਸਾ ਨੂੰ ਖਤਮ ਕਰਨ ਲਈ ਅਗਲੇ ਪੰਜ ਸਾਲਾਂ ਵਿੱਚ 327.5 ਮਿਲੀਅਨ ਡਾਲਰ ਦਾ ਨਿਵੇਸ਼ ਕਰਨ ਦਾ ਐਲਾਨ ਕੀਤਾ ਸੀ। ਉਸ ਵੇਲੇ ਵੀ ਪਬਲਿਕ ਸੇਫਟੀ ਮੰਤਰੀ ਗੁਡੇਲ ਨੇ ਆਖਿਆ ਸੀ ਕਿ ਬਹੁਗਿਣਤੀ ਫੰਡ ਅਮਰੀਕਾ ਤੋਂ ਆ ਰਹੇ ਹਥਿਆਰਾਂ ਨੂੰ ਰੋਕਣ ਉੱਤੇ ਖਰਚੇ ਜਾਣਗੇ। ਇਸ ਐਲਾਨ ਤੋਂ ਬਾਅਦ ਸਰਕਾਰ ਨੇ ਗੰਨ ਅਤੇ ਗੰਨਾਂ ਸਬੰਧਿਤ ਹਿੰਸਾ ਬਾਰੇ ਇੱਕ ਓਟਵਾ ਵਿੱਚ ਸਿਖ਼ਰ ਸੰਮੇਲਨ ਵੀ ਕਰਵਾਇਆ ਸੀ ਜਿਸ ਵਿੱਚ 180 ਤੋਂ ਵੱਧ ਪੁਲੀਸ ਅਫ਼ਸਰਾਂ, ਜੱਜਾਂ, ਕਮਿਉਨਿਟੀ ਵਰਕਰਾਂ ਆਦਿ ਨੇ ਹਿੱਸਾ ਲਿਆ ਸੀ। ਇਸ ਸਿਖ਼ਰ ਸੰਮੇਲਨ ਦਾ ਵੱਡਾ ਹਿੱਸਾ 'ਗੰਨ ਹਿੰਸਾ ਨਾਲ ਸਿੱਝਣ ਲਈ ਬਦਲਵੇਂ ਤਰੀਕਿਆਂ' ਦੀ ਵਰਤੋਂ ਬਾਰੇ ਰਿਹਾ। ਭਾਵ ਹਿੰਸਾ ਨੂੰ ਸਿੱਧੇ ਹੱਥ ਸਿੱਝਣ ਬਾਰੇ ਗੱਲ ਕਰਨਾ ਪਹਿਲੀ ਪਹਿਲ ਨਹੀਂ ਸੀ।

ਕੰਜ਼ਰਵੇਟਿਵ ਹਿੰਸਾ ਨਾਲ ਸਿੱਝਣ ਵਾਸਤੇ ਮੁਜਰਮਾਂ ਨੂੰ ਫੜ ਕੇ ਜੇਲਾਂ ਵਿੱਚ ਸੁੱਟਣ ਅਤੇ ਉਹਨਾਂ ਨੂੰ ਸੜਕਾਂ ਤੋਂ ਚੱਲਦਾ ਕਰਨ ਵਿੱਚ ਯਕੀਨ ਕਰਦੇ ਹਨ। ਲਿਬਰਲ ਪਹੁੰਚ ਸੁਧਾਰਵਾਦੀ ਆਖੀ ਜਾ ਸਕਦੀ ਹੈ ਜਦੋਂ ਕਿ ਟੋਰੀ ਪਹੁੰਚ ਹਿੰਸਾ ਨੂੰ ਸਖ਼ਤ ਕਦਮ ਚੁੱਕ ਕੇ ਖਤਮ ਕਰਨ ਬਾਰੇ ਹੈ। ਵਰਨਣਯੋਗ ਹੈ ਕਿ ਹਾਲ ਵਿੱਚ ਹੋਈਆਂ ਮਿਉਂਸੀਪਲ ਚੋਣਾਂ ਵਿੱਚ (ਮਿਸੀਸਾਗਾ ਬਰੈਂਪਟਨ ਖਾਸ ਕਰਕੇ) ਜ਼ਿਆਦਾਤਰ ਮੇਅਰ ਉਮੀਦਵਾਰ ਹਿੰਸਾ ਨਾਲ ਸਿੱਝਣ ਲਈ ਪੁਲੀਸ ਨਫ਼ਰੀ ਵਧਾਉਣ, ਮੁਜ਼ਰਮਾਂ ਜੇਲਾਂ ਵਿੱਚ ਸੁੱਟਣ ਦੀਆਂ ਗੱਲਾਂ ਕਰਦੇ ਰਹੇ ਹਨ। ਅਜਿਹੀਆਂ ਗੱਲਾਂ ਕਰਨ ਵਾਲਿਆਂ ਵਿੱਚ ਸਾਬਕਾ ਲਿਬਰਲ ਸਿਆਸਤਦਾਨ ਵੀ ਸਨ। ਸਰਕਾਰੀ ਅੰਕੜੇ ਦੱਸਦੇ ਹਨ ਕਿ 2016 ਵਿੱਚ ਹਥਿਆਰਾਂ ਦੀ ਉਲੰਘਣਾ ਕਰਨ ਦੇ 2465 ਕੇਸ ਦਰਜ ਕੀਤੇ ਗਏ ਜੋ 2013 ਨਾਲੋਂ 30% ਵੱਧ ਸਨ। ਜੱਥੇਬੰਦਕ ਜ਼ੁਰਮਾਂ (organized crimes) ਖਾਸ ਕਰਕੇ ਮਨੁੱਖੀ ਤਸਕਰੀ ਵਿੱਚ 300% ਵਾਧਾ ਦਰਜ਼ ਕੀਤਾ ਗਿਆ।

ਆਮ ਕੈਨੇਡੀਅਨ ਨੇ ਇਹਨਾਂ ਦੋਵਾਂ ਪਹੁੰਚਾਂ ਵਿੱਚੋਂ ਆਪਣੀ ਸੁਰੱਖਿਆ ਭਾਲਣੀ ਹੈ ਕਿਉਂਕਿ ਅਗਲੀ ਸਰਕਾਰ ਲਿਬਰਲ ਜਾਂ ਟੋਰੀਆਂ ਵਿੱਚੋਂ ਹੀ ਕਿਸੇ ਇੱਕ ਦੀ ਬਣੇਗੀ।

## ਬੰਬਾਰਡੀਅਰ ਕਰੇਗੀ 5,000 ਕਾਮਿਆਂ ਦੀ ਛਾਂਗੀ

...ਪੰਨਾ 1 ਦਾ ਬਾਕੀ

ਵੀਰਵਾਰ ਨੂੰ ਕੀਤੇ ਗਏ ਐਲਾਨ ਅਨੁਸਾਰ 20 ਸਾਲਾਂ ਤੋਂ ਡਾਊਨਜ਼ਵਿਊ ਵਿੱਚ ਸਥਿਤ ਕਿਊ400 ਟਰਬੋਪਰੌਪ ਆਪਰੇਸ਼ਨ 300 ਮਿਲੀਅਨ ਅਮਰੀਕੀ ਡਾਲਰ ਵਿੱਚ ਲੌਂਗਵਿਊ ਏਵੀਏਸ਼ਨ ਕੈਪੀਟਲ ਕੋਰ ਨੂੰ ਵੇਚ ਦਿੱਤਾ ਗਿਆ ਹੈ।




ਬੰਬਾਰਡੀਅਰ ਨੇ ਆਪਣੇ ਏਅਰਕ੍ਰਾਫਟਸ ਫਲਾਈਟ ਤੇ ਟੈਕਨੀਕਲ ਟਰੇਨਿੰਗ ਬਿਜ਼ਨਸ ਨੂੰ ਵੀ ਸੀਏਈ ਨੂੰ ਵੇਚ ਦਿੱਤਾ ਹੈ ਤੇ ਰਾਇਲਟੀਜ਼ ਦਾ ਮੁਦਰੀਕਰਨ 800 ਮਿਲੀਅਨ ਅਮਰੀਕੀ ਡਾਲਰ ਵਿੱਚ ਕੀਤਾ ਗਿਆ ਹੈ। ਸਿਟੀ ਅਨੁਸਾਰ ਇਹ ਪਲਾਂਟ ਟੋਰਾਂਟੋ ਦਾ ਸੱਭ ਤੋਂ ਵੱਡਾ ਮੈਨੂਫੈਕਚਰਿੰਗ ਆਪਰੇਸ਼ਨ ਹੈ। ਬੰਬਾਰਡੀਅਰ ਜਹਾਜ਼ਾਂ ਦੇ ਨਿਰਮਾਣ ਸਬੰਧੀ ਦੋ ਪ੍ਰੋਗਰਾਮਾਂ ਉੱਤੇ ਕੰਮ ਕਰ ਰਹੀ ਸੀ ਜਿਨ੍ਹਾਂ ਵਿੱਚ ਲਗਾਤਾਰ ਦੇਰ ਹੁੰਦੀ ਰਹੀ ਤੇ ਇਨੇ ਚਿਰ ਨੂੰ ਇਨ੍ਹਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋ ਗਿਆ।

ਹੁਣ ਗਲੋਬਲ 7500 ਪ੍ਰਾਈਵੇਟ ਜੈੱਟ ਅਗਲੇ ਮਹੀਨੇ ਲਾਂਚ ਹੋਣ ਜਾ ਰਹੇ ਹਨ ਤੇ ਇਸ ਨਾਲ ਕੰਪਨੀ ਨੂੰ ਭਾਰੀ ਨਿਵੇਸ਼ ਚੱਕਰ ਤੋਂ ਰਾਹਤ ਮਿਲੇਗੀ। ਬੰਬਾਰਡੀਅਰ ਸੀ-ਸੀਰੀਜ਼ ਯਾਤਰੀ ਜਹਾਜ਼ ਦਾ ਨਿਯੰਤਰਣ ਜੁਲਾਈ ਵਿੱਚ ਏਅਰਬੱਸ ਐਸਈ ਨੂੰ ਦੇ ਦੇਵੇਗੀ, ਇਸ ਨੂੰ ਮੁੜ ਏ220 ਨਾਂ ਦਿੱਤਾ ਗਿਆ ਹੈ। ਬੰਬਾਰਡੀਅਰ ਦੇ ਚੀਫ ਐਗਜ਼ੈਕਟਿਵ ਐਲੇਨ ਬੈਲੇਮੇਅਰ ਵੱਲੋਂ ਇੱਕ ਬਿਆਨ ਜਾਰੀ ਕਰਕੇ ਇਹ ਆਖਿਆ ਗਿਆ ਹੈ ਕਿ ਹੁਣ ਸਾਡੇ ਉੱਤੇ ਨਿਵੇਸ਼ ਦੀ ਚੜ੍ਹੀ ਭਾਰੀ ਪੰਡ ਮੁਕੰਮਲ ਹੋਣ ਜਾ ਰਹੀ ਹੈ ਤੇ ਅਸੀਂ ਹੁਣ ਮੁੜ ਤਰੱਕੀ ਦੀ ਲੀਹ ਉੱਤੇ ਪੈ ਸਕਾਂਗੇ।

## ਟਰੂਡੋ ਤੇ ਫੋਰਡ ਵੱਲੋਂ 1984 ਦੀ ਸਿੱਖ ਨਸਲਕੁਸ਼ੀ ਸਬੰਧੀ ਬਿਆਨ ਜਾਰੀ ਨਾ ਕੀਤੇ ਜਾਣ ਤੋਂ ਸਿੱਖ ਨਿਰਾਸ਼ : ਡਬਲਿਊਐਸਓ

...ਪੰਨਾ 1 ਦਾ ਬਾਕੀ

ਪਰ 2015 ਵਿੱਚ ਟਰੂਡੋ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਸ ਸਬੰਧ ਵਿੱਚ ਕੋਈ ਵੀ ਬਿਆਨ ਜਾਰੀ ਨਹੀਂ ਕੀਤਾ ਗਿਆ। ਦੂਜੇ ਪਾਸੇ ਓਨਟਾਰੀਓ ਵਿੱਚ 1984 ਵਿੱਚ ਸਿੱਖਾਂ ਦੀ ਹੋਈ ਨਸਲਕੁਸ਼ੀ ਦੇ ਸਬੰਧ ਵਿੱਚ ਅਪਰੈਲ 2017 ਵਿੱਚ ਓਨਟਾਰੀਓ ਦੀ ਵਿਧਾਨਸਭਾ ਵਿੱਚ ਮਤਾ ਪਾਸ ਕੀਤਾ ਗਿਆ ਸੀ। ਉਸ ਸਮੇਂ ਪ੍ਰੀਮੀਅਰ ਡੱਗ ਫੋਰਡ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ ਮਤੇ ਦਾ ਸਮਰਥਨ ਕੀਤਾ ਸੀ। ਪਰ ਇਸ ਸਾਲ ਨਾ ਤਾਂ ਪ੍ਰੀਮੀਅਰ ਡੱਗ ਫੋਰਡ ਤੇ ਨਾ ਹੀ ਉਨ੍ਹਾਂ ਦੇ ਕਾਕਸ ਦੇ ਕਿਸੇ ਹੋਰ ਮੈਂਬਰ ਨੇ ਹੀ ਇਸ ਬਾਬਤ ਕੋਈ ਬਿਆਨ ਦਿੱਤਾ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਵਿਚਲੇ ਭਾਰਤੀ ਡਿਪਲੋਮੈਟਸ ਵੱਲੋਂ ਸਿੱਖ ਨਸਲਕੁਸ਼ੀ ਟਰਮ ਦੀ ਵਰਤੋਂ ਕਰਨ ਉੱਤੇ ਕਾਫੀ ਇਤਰਾਜ਼ ਕੀਤਾ ਜਾਂਦਾ ਹੈ। ਭਾਰਤ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੀ ਇਹ ਸਵੀਕਾਰ ਚੁੱਕੇ ਹਨ ਕਿ ਨਵੰਬਰ 1984 ਵਿੱਚ ਸਿੱਖਾਂ ਦਾ ਹੋਇਆ ਕਤਲੇਆਮ ਦੰਗੇ ਨਹੀਂ ਸਗੋਂ ਸਿੱਖਾਂ ਦੀ ਨਸਲਕੁਸ਼ੀ ਹੀ ਸੀ। ਨਵੰਬਰ 2017 ਵਿੱਚ ਮਨਿਸਟਰ ਆਫ ਸਟੇਟ ਫੌਰ ਹਾਊਸਿੰਗ ਐਂਡ ਅਰਬਨ ਅਫੇਅਰਜ਼ ਹਰਦੀਪ ਸਿੰਘ ਪੁਰੀ ਨੇ ਵੀ 1984 ਦੇ ਦੰਗਿਆਂ ਨੂੰ ਸਿੱਖਾਂ ਦੀ ਨਸਲਕੁਸ਼ੀ ਦਾ ਨਾਂ ਦਿੱਤਾ ਸੀ। 20 ਜੁਲਾਈ, 2018 ਨੂੰ ਵੀ ਰਾਜਨਾਥ ਸਿੰਘ ਨੇ ਭਾਰਤ ਦੀ ਲੋਕ ਸਭ ਵਿੱਚ ਇਨ੍ਹਾਂ ਦੰਗਿਆਂ ਨੂੰ ਸਿੱਖਾਂ ਦੀ ਨਸਲਕੁਸ਼ੀ ਨਾਂ ਨਾਲ ਹੀ ਸੰਬੋਧਨ ਕੀਤਾ ਸੀ। 30 ਜੂਨ, 2015 ਨੂੰ ਦਿੱਲੀ ਦੀ ਵਿਧਾਨ ਸਭਾ ਵਿੱਚ ਇਹ ਮਤਾ ਪਾਸ ਹੋਇਆ- ਹਾਊਸ ਵੱਲੋਂ 30 ਸਾਲ ਪਹਿਲਾਂ ਨਵੰਬਰ 1984 ਵਿੱਚ ਹੋਈ ਸਿੱਖ ਨਸਲਕੁਸੀ ਦੀ ਸਖਤ ਨਿਖੇਧੀ ਕੀਤੀ ਜਾਂਦੀ ਹੈ ਤੇ ਉਸ ਸਮੇਂ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ।

ਡਬਲਿਊਐਸਓ ਦੇ ਪ੍ਰਧਾਨ ਮੁਖਬੀਰ ਸਿੰਘ ਨੇ ਆਖਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਇਸ ਸਬੰਧ ਵਿੱਚ ਕੋਈ ਬਿਆਨ ਜਾਰੀ ਨਾ ਕੀਤੇ ਜਾਣ ਕਾਰਨ ਅਸੀਂ ਨਿਰਾਸ਼ ਹਾਂ। ਆਪਣੀ ਜ਼ਿੰਮੇਵਾਰ ਭੂਮਿਕਾ ਨਿਭਾਉਣ ਲਈ ਤੇ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਕੈਨੇਡਾ ਭਾਰਤ ਉੱਤੇ ਦਬਾਅ ਪਾ ਸਕਦਾ ਹੈ। ਪਰ ਅਜਿਹਾ ਨਹੀਂ ਹੋ ਰਿਹਾ। ਉਨ੍ਹਾਂ ਆਖਿਆ ਕਿ ਸਾਨੂੰ ਇਹ ਸਮਝ ਨਹੀਂ ਆ ਰਹੀ ਕਿ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਤਾਂ ਟਰੂਡੋ ਨੇ ਇਸ ਸਬੰਧ ਵਿੱਚ ਬਿਆਨ ਜਾਰੀ ਕੀਤਾ ਸੀ ਪਰ ਸੱਤਾ ਸਾਂਭਣ ਤੋਂ ਬਾਅਦ ਉਨ੍ਹਾਂ ਵੱਲੋਂ ਅਜਿਹਾ ਕਿਉਂ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਪਿਛਲੇ ਸਾਲ ਪੀਸੀ ਪਾਰਟੀ ਨੇ ਵੀ ਸਿੱਖਾਂ ਦੀ ਨਸਲਕੁਸ਼ੀ ਸਬੰਧੀ ਓਨਟਾਰੀਓ ਵਿਧਾਨਸਭਾ ਵਿੱਚ ਪਾਸ ਮਤੇ ਦਾ ਸਮਰਥਨ ਕੀਤਾ ਸੀ ਪਰ ਹੁਣ ਫੋਰਡ ਸਰਕਾਰ ਵੱਲੋਂ ਇਸ ਬਾਬਤ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ। ਇਹ ਚੁੱਪੀ ਸਾਨੂੰ ਬਹੁਤ ਖ਼ਲ ਰਹੀ ਹੈ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਨੇ ਕਾਲੇ ਚੋਲੇ ਪਾਕੇ ਕਾਲੀ ਦੀਵਾਲੀ ਮਨਾਈ

ਚੰਡੀਗੜ੍ਹ, 8 ਨਵੰਬਰ (ਪੋਸਟ ਬਿਊਰੋ): ਬੀਤੇ ਦਿਨ ਪੰਜਾਬ ਤੇ ਯੂ.ਟੀ ਨਾਲ ਸੰਬੰਧਿਤ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਵੱਲੋਂ ਕਾਲੇ ਚੋਲੇ ਪਾ ਕੇ ਕਾਲੀ ਦਿਵਾਲੀ ਮਨਾਈ ਗਈ ਅਤੇ ਇਸ ਸਮੇਂ ਕਰਮਚਾਰੀਆਂ ਨੇ ਕਾਲੇ ਝੰਡੇ ਲੈ ਕੇ ਪ੍ਰੋਟੈਸਟ ਕੀਤਾ ।ਇਸ ਗੇਟ ਰੈਲੀ ਨੂੰ ਸੰਬੋਧਨ ਕਰਦਿਆਂ ਜੁਆਇੰਟ ਐਕਸ਼ਨ ਕਮੇਟੀ ਯੂ.ਟੀ ਪੰਜਾਬ ਦੇ ਪ੍ਰਧਾਨ ਕਰਤਾਰ ਸਿੰਘ ਪਾਲ ਨੇ ਕਿਹਾ ਕਿ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦਿਵਾਲੀ ਦੇ ਸ਼ੁਭ ਤਿਉਹਾਰ ਸਮੇਂ ਆਪਣੇ ਮੁਲਾਜ਼ਮਾਂ ਨੂੰ ਡੀ.ਏ. ਦੀਆਂ ਕਿਸ਼ਤਾਂ ਤੇ ਬਣਦਾ ਬਕਾਇਆ ਨਾ ਦੇਕੇ ਪੰਜਾਬ ਸਰਕਾਰ ਦੇ ਮੁਲਾਜ਼ਮ ਵਿਰੋਧੀ ਹੋਣ ਦਾ ਸਬੂਤ ਦੇ ਦਿੱਤਾ। ਪਾਲ ਨੇ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਨੇ ਅਕਾਲੀ ਸਰਕਾਰ ਸਮੇਂ ਵੀ ਇਸੇ ਤਰ੍ਹਾਂ ਆਪਣੇ ਪੰਜਾਬ ਦੇ ਮੁਲਾਜ਼ਮਾਂ ਨਾਲ ਮਾੜਾ ਰਸੂਖ ਰੱਖਿਆ ਤਦੇ ਹੀ ਉਸ ਸਮੇਂ ਦੀ ਅਕਾਲੀ ਸਰਕਾਰ ਨੇ ਆਪਣੀ ਪਾਰਟੀ ਤੋਂ ਇਸ ਨੂੰ ਫਾਰਗ ਕਰ ਦਿੱਤਾ ਸੀ। ਜਿਸਦੇ ਫਲਸਰੂਪ ਮੁੜ ਅਕਾਲੀ ਸਰਕਾਰ ਨੂੰ ਪੰਜ ਸਾਲ ਪੰਜਾਬ ਵਿੱਚ ਰਾਜ ਕਰਨ ਦਾ ਮੌਕਾ ਮਿਲਿਆ । ਇੱਥੇ ਇਹ ਵੀ ਸਪਸ਼ਟ ਹੈ ਕਿ ਅਕਾਲੀ ਦਲ ਦੇ ਵਿੱਤ ਮੰਤਰੀ ਵੱਲੋਂ ਹਰ ਤਿਉਹਾਰ ਸਮੇਂ ਡੀ.ਏ. ਦਿੱਤਾ ਜਾਂਦਾ ਸੀ ਭਾਵੇਂ ਉਨ੍ਹਾਂ ਵੱਲੋਂ ਬਣਦਾ ਬਕਾਇਆ ਦੱਬ ਲਿਆ ਜਾਂਦਾ ਸੀ । ਪਰ ਬੜੇ ਦੁੱਖ ਦੀ ਗੱਲ ਹੈ ਕਿ ਕਾਂਗਰਸ ਸਰਕਾਰ ਨੂੰ ਮੁਲਾਜ਼ਮਾਂ ਸਮੇਤ ਪੰਜਾਬ ਦੇ ਲੋਕਾਂ ਨੇ ਬਹੁਮਤ ਦੇ ਕੇ ਪੰਜਾਬ ਦੇ ਵਿਕਾਸ ਕਰਨ ਅਤੇ ਮੁਲਾਜ਼ਮਾਂ ਦੀਆਂ ਰਹਿੰਦੀਆਂ ਮੰਗਾਂ ਹੱਲ ਕਰਨ ਦਾ ਮੌਕਾ ਦਿੱਤਾ । ਪੰਜਾਬ ਦੇ ਮੁੱਖ ਮੰਤਰੀ ਵੱਲੋਂ ਚੋਣ ਮੈਨੀਫੈਸਟੋ ਵਿੱਚ ਬਾਕਾਇਦਾ ਮੁਲਾਜ਼ਮ ਮੰਗਾਂ ਸੰਬੰਧੀ ਭਰਪੂਰ ਜ਼ਿਕਰ ਕਰਦਿਆਂ ਕਿਹਾ ਗਿਆ ਸੀ ਕਿ ਸਰਕਾਰ ਆਉਣ ਤੇ ਮੁਲਾਜ਼ਮਾਂ ਨੂੰ ਕਿਸੇ ਕਿਸਮ ਕੋਈ ਔਕੜ ਨਹੀਂ ਆਉਣ ਦਿੱਤੀ ਜਾਵੇਗੀ। ਅੱਜ ਦੀ ਇਸ ਗੇਟ ਮੀਟਿੰਗ ਵਿੱਚ ਸ਼ਾਮਲ ਆਗੂ ਕਰਤਾਰ ਸਿੰਘ ਪਾਲ, ਗੁਲਜ਼ਾਰ ਸਿੰਘ ਚੇਅਰਮੈਨ ਦਰਜਾ_4, ਕਾਕਾ ਸਿੰਘ, ਪੁੰਨੂ ਲਾਲ , ਨਿਰਮੈਲ ਸਿੰਘ, ਨਿਰਭੈ ਸਿੰਘ, ਜੋਗਿੰਦਰ ਸਿੰਘ ਹਾਊਸਫੈਡ , ਇੰਦਰਜੀਤ ਸਿੰਘ , ਭਾਗ ਸਿੰਘ , ਚੰਦਰਮੋਹਨ , ਗੁਰਮੀਤ ਸਿੰਘ ਖੋਖਰ ਖੇਤੀਬਾੜੀ ਵਿਭਾਗ, ਚਰਨਜੀਤ ਸਿੰਘ , ਰਮੇਸ਼ ਚੰਦ ਡਰਾਈਵਰ ਯੂਨੀਅਨ, ਰਾਜੀਵ ਸ਼ਰਮਾ, ਹਰਪਾਲ ਸਿੰਘ , ਉਦਯੋਗ ਵਿਭਾਗ, ਜਗਜੀਵਨ ਸਿੰਘ , ਸੁਖਚੈਨ ਸਿੰਘ ਰੋਡਵੇਜ਼ , ਦਲਜੀਤ ਸਿੰਘ, ਹੰਸ ਰਾਜ ਭਲਾਈ ਵਿਭਾਗ , ਪ੍ਰੇਮ ਦਾਸ , ਜਸਵੀਰ ਸਿੰਘ ਸਕੱਤਰੇਤ, ਉਮੇਦ ਸਿੰਘ , ਕਰਨੈਲ ਸਿੰਘ ਖੇਡ ਵਿਭਾਗ, ਜਸਵੀਰ ਸਿੰਘ , ਬਾਲਕ ਰਾਮ , ਰਾਮ ਕਿਸ਼ੋਰ ਸਿੰਜਾਈ ਵਿਭਾਗ, ਸਤ ਪ੍ਰਕਾਸ਼ ਸ਼ਰਮਾ , ਸ਼ਮਸ਼ੇਰ ਸਿੰਘ ਪਾਲੀਆ ਯੂ.ਟੀ , ਅਨੰਦ ਕੁਮਾਰ ਸਿਹਤ ਵਿਭਾਗ ਕੁਲਦੀਪ ਸਿੰਘ ਦਿਆਲਪੁਰਾ, ਪ੍ਰਧਾਨ ਚੰਡੀਗੜ੍ਹ ਯੂਨਿਟ ਆਦਿ ਆਗੂਆਂ ਨੇ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕਰਦਿਆਂ ਕਿਹਾ ਕਿ ਮੁਲਾਜ਼ਮ ਮੰਗਾਂ ਸੰਬੰਧੀ ਹਮਦਰਦੀ ਵਾਲਾ ਰੁਖ਼ ਅਖ਼ਤਿਆਰ ਕਰਦਿਆਂ ਜਿੱਥੇ ਹੋਰ ਖਰਚੇ ਪੰਜਾਬ ਦੇ ਚਲਾਏ ਜਾ ਰਹੇ ਹਨ ਉਥੇ ਮੁਲਾਜ਼ਮ ਮੰਗਾਂ ਵੱਲ ਵੀ ਤੁਰੰਤ ਧਿਆਨ ਦਿੱਤਾ ਜਾਵੇ ਤਾਂਕਿ ਮੁਲਾਜ਼ਮਾਂ ਵਿੱਚ ਫੈਲੀ ਬੇਚੈਨੀ ਦੂਰ ਹੋ ਸਕੇ । ਮੰਗਾਂ ਵਿੱਚ ਮਹਿੰਗਾਈ ਭੱਤੇ ਦੀਆਂ ਚਾਰ ਕਿਸ਼ਤਾਂ ਸਮੇਤ ਬਕਾਇਆ ਦੇਣੀਆਂ , ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਸਮਾਂ_ਬੱਧ ਲਾਗੂ ਕਰਨੀ, 2004 ਤੋਂ ਬਾਅਦ ਭਰਤੀ ਸਮੂਹ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨੀ, ਪਰਖਕਾਲ ਦੌਰਾਨ ਮੁਢਲੀ ਤਨਖਾਹ ਦੇਣ ਦਾ ਪੱਤਰ ਵਾਪਸ ਲੈਣਾ ਅਤੇ ਪੂਰੀ ਤਨਖਾਹ ਦੇਣੀ , ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਬਰਾਬਰ ਕੰਮ ਲਈ ਬਰਾਬਰ ਤਨਖਾਹ ਦੇਣੀ , ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣੇ , ਦਰਜਾ_4 ਕਰਮਚਾਰੀਆਂ ਦੀ ਪ੍ਰਮੋਸ਼ਨ ਸਮੇਂ ਕੋਟੇ ਵਿੱਚ 15 ਫੀਸਦੀ ਵਾਧਾ ਕਰਕੇ 25 ਫੀਸਦੀ ਕਰਨਾ ਅਤੇ ਨਾਲ ਹੀ ਦੋ ਟੈਸਟਾਂ ਵਿੱਚੋਂ ਇੱਕ ਹੀ ਟੈਸਟ ਪੰਜਾਬੀ ਦਾ ਲਿਆ ਜਾਵੇ, ਸਮੂਹ ਵਿਭਾਗਾਂ ਵਿੱਚ ਖਾਲੀ ਪਈਆਂ ਰੈਗੂਲਰ ਅਸਾਮੀਆਂ ਤੁਰੰਤ ਭਰੀਆਂ ਜਾਣ। ਮੁਲਾਜ਼ਮ ਆਗੂਆਂ ਨੇ ਇਹ ਵੀ ਕਿਹਾ ਕਿ ਦਿਵਾਲੀ ਮੌਕੇ ਕੁੱਝ ਦੇਣ ਦੀ ਬਜਾਏ ਬੱਸ ਕਿਰਾਏ ਵਿੱਚ ਵਾਧਾ ਕਰਕੇ ਜਨਤਾ ਅਤੇ ਮੁਲਾਜ਼ਮਾਂ ਉਤੇ ਹੋਰ ਭਾਰ ਪਾ ਦਿੱਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਜੇਕਰ ਇਸ ਸੰਬੰਧੀ ਕੋਈ ਕਾਰਵਾਈ ਨਾ ਕੀਤੀ ਤਾਂ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਅਤੇ ਪੰਜਾਬ ਯੂ.ਟੀ. ਐਕਸ਼ਨ ਕਮੇਟੀ ਨਾਲ ਸੰਬੰਧਤ ਜਥੇਬੰਦੀਆਂ ਵੱਲੋਂ 15.11.18 ਨੂੰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਵਿਧਾਨ ਸਭਾ ਹਲਕੇ ਬਠਿੰਡਾ ਵਿਖੇ ਜ਼ੋਨਲ ਰੈਲੀ ਤੇ ਝੰਡਾ ਮਾਰਚ ਕੀਤਾ ਜਾਵੇਗਾ । ਇਸ ਮਾਰਚ ਵਿੱਚ ਮਾਨਸਾ, ਬਰਨਾਲਾ, ਸੰਗਰੂਰ, ਪਟਿਆਲਾ , ਫਿਰੋਜ਼ਪੁਰ , ਮੁਕਤਸਰ ਸਾਹਿਬ, ਫਰੀਦਕੋਟ ਤੇ ਫਾਜ਼ਿਲਕਾ ਦੇ ਕਰਮਚਾਰੀ ਤੇ ਪੈਨਸ਼ਨਰ ਸ਼ਾਮਲ ਹੋਣਗੇ। 6.12.18 ਨੂੰ ਓ.ਪੀ. ਸੋਨੀ ਵਿੱਦਿਆ ਮੰਤਰੀ ਦੇ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਵਿਖੇ ਜਿਸ ਵਿੱਚ ਗੁਰਦਾਸਪੁਰ, ਤਰਨਤਾਰਨ, ਜਲੰਧਰ, ਪਠਾਨਕੋਟ, ਕਪੂਰਥਲਾ, ਨਵਾਂ ਸ਼ਹਿਰ ਦੇ ਕਰਮਚਾਰੀ , ਪੈਨਸ਼ਨਰ ਤੇ ਠੇਕਾ ਮੁਲਾਜ਼ਮ ਸ਼ਾਮਲ ਹੋਣਗੇ । 20 ਦਸੰਬਰ ਨੂੰ ਖੁਰਾਕ ਮੰਤਰੀ ਭਾਰਤ ਭੂਸ਼ਨ ਆਂਸੂ ਦੇ ਵਿਧਾਨ ਸਭਾ ਹਲਕਾ ਲੁਧਿਆਣਾ ਵਿਖੇ ਮੋਗਾ, ਫਤਿਹਗੜ੍ਹ ਸਾਹਿਬ, ਪਟਿਆਲਾ, ਸੰਗਰੂਰ, ਮੋਹਾਲੀ, ਰੋਪੜ , ਚੰਡੀਗੜ੍ਹ ਤੋਂ ਕਰਮਚਾਰੀ ਤੇ ਪੈਨਸ਼ਨਰ ਸ਼ਾਮਲ ਹੋਣਗੇ । ਇਸ ਦੀ ਤਿਆਰੀ ਲਈ 20 ਨਵੰਬਰ 2018 ਨੂੰ ਅੰਬੇਦਕਰ ਭਵਨ ਸੈਕਟਰ 37 ਚੰਡੀਗੜ੍ਹ ਵਿਖੇ ਕਨਵੈਨਸ਼ਨ ਰੱਖੀ ਗਈ ਹੈ।

## ਪੰਜਾਬ ਤੇ ਯੂ.ਟੀ. ਇੰਪਲਾਈਜ਼ ਅਤੇ ਪੈਨਸ਼ਨਰ ਐਕਸ਼ਨ ਕਮੇਟੀ ਵੱਲੋਂ ਪ੍ਰਦਰਸ਼ਨ

ਪਟਿਆਲਾ, 8 ਨਵੰਬਰ (ਪੋਸਟ ਬਿਊਰੋ)- ਅੱਜ ਇੱਥੇ ਪਟਿਆਲਾ ਵਿਖੇ ਪੰਜਾਬ ਤੇ ਯੂ.ਟੀ. ਇੰਪਲਾਈਜ਼ ਅਤੇ ਪੈਨਸ਼ਨਰਜ਼ ਐਕਸ਼ਨ ਕਮੇਟੀ ਦੇ ਸੱਦੇ ਤੇ ਪੰਜਾਬ ਦੇ ਮੁਲਾਜਮਾਂ-ਮਜਦੂਰਾਂ ਦੀਆਂ ਮੰਗਾਂ, ਵਿਸ਼ੇਸ਼ ਕਰਕੇ ਪੇ-ਕਮਿਸ਼ਨ, ਡੀ.ਏ. ਦੀਆਂ ਚਾਰ ਕਿਸ਼ਤਾਂ, ਬਕਾਏ ਆਦਿ ਦੇ ਸਬੰਧ ਵਿੱਚ ਲਾਮਿਸਾਲ ਮਹਾਂਰੈਲੀ ਕੀਤੀ ਗਈ। ਜਿਸ ਵਿੱਚ ਪੰਦਰਾਂ ਹਜਾਰ ਤੋਂ ਵੱਧ ਕਰਮਚਾਰੀਆਂ ਨੇ ਹਿੱਸਾ ਲਿਆ। ਇਸ ਰੈਲੀ ਦੀ ਪ੍ਰਧਾਨਗੀ ਅਤੇ ਅਗਵਾਈ ਸਰਵ ਸ੍ਰੀ ਸੱਜਣ ਸਿੰਘ, ਨਿਰਮਲ ਸਿੰਘ ਧਾਲੀਵਾਲ, ਦਰਸ਼ਨ ਸਿੰਘ ਲੁਬਾਣਾ, ਜਗਦੀਸ਼ ਸਿੰਘ ਚਾਹਲ, ਰਣਧੀਰ ਸਿੰਘ ਢਿੱਲੋਂ ਗੁਰਮੇਲ ਸਿੰਘ ਮੈਡਲੇ ਨੇ ਕੀਤੀ। ਮਹਾਂ ਰੈਲੀ ਦੇ ਸ਼ੁਰੂ ਵਿੱਚ ਅੰਮ੍ਰਿਤਸਰ ਰੇਲ ਹਾਦਸੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਜਿਨਾਂ ਮੰਗਾਂ ਨੂੰ ਲੈ ਕੇ ਫੈਸਲਾ ਕੁੰਨ ਸੰਘਰਸ਼ ਦਾ ਮੁੱਢ ਬੰਨਣ ਲਈ ਇਹ ਮਹਾਂਰੈਲੀ ਕੀਤੀ ਗਈ ਉਨਾਂ ਵਿੱਚ 6ਵੇਂ ਪੇ ਕਮਿਸ਼ਨ ਦੀ ਰਿਪੋਰਟ ਸਮਾਂਬੱਧ ਕਰਕੇ ਤੁਰੰਤ ਜਾਰੀ ਕਰਾਉਣਾ, ਰਹਿੰਦੇ ਬਕਾਏ ਅਦਾ ਕਰਨੇ, ਐਡਹਾਕ, ਡੇਲੀਵੇਜ਼, ਆਊਟ ਸੋਰਸ, ਪਾਰਟ ਟਾਈਮ, ਟੈਂਪਰੇਰੀ, ਵਰਕਚਾਰਜ ਪਾਰਟ ਟਾਇਮ ਆਦਿ ਕੈਟਾਗਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ "ਪੰਜਾਬ ਇਪਲਾਈਜ਼ ਵੈਲਫੇਅਰ" ਐਕਟ ਦਸੰਬਰ 2016 ਬਗੈਰ ਛੇੜ-ਛਾੜ ਕੀਤੇ ਲਾਗੂ ਕਰਵਾਉਣਾ, ਜਨਵਰੀ 2004 ਤੋਂ ਲਾਗੂ ਨਵੀਂ ਪੈਨਸ਼ਨ ਸਕੀਮ ਰੱਦ ਕਰਵਾਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਉਣਾ, ਮੁਲਾਜਮਾਂ ਤੋਂ ਜਬਰੀ ਵਸੂਲਿਆਂ ਜਾ ਰਿਹਾ ਪ੍ਰੋਫੈਸ਼ਨਲ ਟੈਕਸ ਬੰਦ ਕਰਾਉਣਾ, ਮਾਨਯੋਗ ਸੁਪਰੀਮ ਕੋਰਟ ਦਾ ਬਰਾਬਰ-ਕੰਮ-ਬਰਾਬਰ-ਤਨਖਾਹ ਦੇਣ ਸਬੰਧੀ 26-10-2016 ਦਾ ਫੈਸਲਾ ਲਾਗੂ ਕਰਾਉਣਾ, ਠੇਕੇਦਾਰੀ, ਆਊਟ ਸੋਰਸਿੰਗ ਸਿਸਟਮ ਅਤੇ ਹੋਰ ਹਰ ਤਰਾਂ ਦੀ ਆਰਜੀ ਭਰਤੀ ਦੀ ਬਜਾਏ ਰੈਗੂਲਰ ਭਰਤੀ ਕਰਾਉਣਾ ਅਤੇ ਤਿੰਨ ਸਾਲ ਬੇਸਿਕ ਪੇ ਦੇਣ ਦਾ ਫੈਸਲਾ ਵਾਪਸ ਕਰਾਉਣਾ, ਸਭ ਕਿਸਮ ਦੇ ਸਕੀਮ ਵਰਕਰਾਂ, ਆਂਗਣਵਾੜੀ, ਮਿਡ-ਡੇ-ਮੀਲ, ਆਸ਼ਾ ਵਰਕਰ ਆਦਿ ਨੂੰ ਘੱਟੋ-ਘੱਟ ਉਜਰਤ 18000 ਰੁਪਏ ਦਿਵਾਉਣਾ ਅਤੇ ਰੈਗੂਲਰ ਕਰਾਉਣਾ, ਦਰਜਾ ਤਿੰਨ, ਦਰਜਾ ਚਾਰ ਸਮੇਤ ਟੈਕਨੀਕਲ ਕਰਮਚਾਰੀਆਂ ਤੇ ਉੱਚ ਅਧਿਕਾਰੀਆਂ ਵਾਂਗ ਉਚੇਰੇ ਸਕੇਲ ਵਿੱਚ 4,9,14 ਸਾਲਾ ਏ.ਸੀ.ਪੀ. ਸਕੀਮ ਲਾਗੂ ਕਰਾਉਣਾ, ਠੇਕੇਦਾਰੀ ਪ੍ਰਥਾ ਖਤਮ ਕਰਕੇ ਭਰਤੀ ਰੈਗੂਲਰ ਕਰਾਉਣਾ, ਸਰਕਾਰੀ ਅਰਧ ਸਰਕਾਰੀ ਅਦਾਰਿਆਂ ਦਾ ਨਿਜੀਕਰਨ ਬੰਦ ਕਰਾਉਣਾ, ਪੈਨਸ਼ਨ ਸਕੀਮ 1992 ਤੋਂ ਵਾਂਝੇ ਰਹਿ ਗਏ ਪੀ.ਆਰ.ਟੀ.ਸੀ. ਦੇ ਵਰਕਰਾਂ ਨੂੰ ਪੈਨਸ਼ਨ ਦਾ ਹੱਕਦਾਰ ਬਣਾਉਣਾ ਆਦਿ ਮੰਗਾਂ ਸ਼ਾਮਲ ਹਨ। ਇਸ ਤੋਂ ਪਹਿਲਾਂ ਕਿ ਇਸ ਵਿਸ਼ਾਲ ਰੈਲੀ ਨੂੰ ਵੱਖ-ਵੱਖ ਕਰਮਚਾਰੀ ਨੇਤਾਵਾਂ ਵਲੋਂ ਸੰਬੋਧਨ ਕਰਨਾ ਸ਼ੁਰੂ ਕੀਤਾ ਜਾਂਦਾ, ਸਟੇਜ ਤੋਂ ਮਹੱਤਵਪੂਰਨ ਐਲਾਨ ਕਰ ਦਿੱਤਾ ਗਿਆ ਕਿ ਜੇਕਰ ਪੰਜਾਬ ਸਰਕਾਰ ਨੇ ਕਰਮਚਾਰੀਆਂ ਦੀਆਂ ਮੰਗਾਂ ਦਾ ਨਿਆਪੂਰਨ ਨਿਪਟਾਰਾ ਨਾ ਕੀਤਾ ਤਾਂ ਪੰਜਾਬ ਦੇ ਮੁਲਾਜਮਾਂ ਦੇ ਸਿਰਮੋਰ ਬਜ਼ੁਰਗ ਆਗੂ ਸ੍ਰੀ ਸੱਜਣ ਸਿੰਘ ਵਲੋਂ ਕਿਸੇ ਦਿਨ ਵੀ ਢੁੱਕਵੇਂ ਸਮੇਂ ਤੇ ਆਪਣਾ ਚੌਥਾ ਮਰਨ ਵਰਤ ਚੰਡੀਗੜ ਸ਼ੁਰੂ ਕਰ ਦਿੱਤਾ ਜਾਵੇਗਾ।


## ਸੋਨੀ ਨੇ ਸਿਖਿਆ ਬਚਾਓ ਮੰਚ ਨਾਲ ਕੀਤੀ ਮੀਟਿੰਗ, ਅਹਿਮ ਮੰਗਾਂ 'ਤੇ ਵਿਚਾਰ

ਚੰਡੀਗੜ੍ਹ, 8 ਨਵੰਬਰ (ਪੋਸਟ ਬਿਊਰੋ): ਅੱਜ ਸਿਖਿਆ ਮੰਤਰੀ ਓਮ ਪ੍ਰਕਾਸ਼ ਸੋਨੀ ਵੱਲੋਂ ਸਰਕਾਰੀ ਸਕੂਲ ਸਿਖਿਆ ਬਚਾਓ ਮੰਚ ਨਾਲ ਸਥਾਨਕ ਸਰਕਟ ਹਾਊਸ ਵਿਖੇ ਅਧਿਆਪਕਾਂ ਦੇ ਦਰਪੇਸ਼ ਮਸਲਿਆਂ ਨੂੰ ਲੈਕੇ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ, ਅਧਿਆਪਕਾਂ ਦੀਆਂ ਹੋਈਆਂ ਮੁਅੱਤਲੀਆਂ, ਬਦਲੀਆਂ,ਪਰਚੇ, ਇਨਕੁਆਰੀਆਂ ਤੁਰੰਤ ਵਾਪਿਸ ਲੈਣ ਸੰਬੰਧੀ, 2012-14 ਵਿੱਚ ਪਾਸ ਹੋਏ ਪਰ ਹਾਜ਼ਿਰ ਹੋਣੋ ਰਹਿ ਗਏ ਈਟੀਟੀ/ਈਜੀਐਸ ਨੂੰ ਹਾਜ਼ਿਰ ਕਰਾਉਣ ਸੰਬੰਧੀ ਅਤੇ ਹਰ ਪ੍ਰਕਾਰ ਦੀਆਂ ਵਿਭਾਗੀ ਤਰੱਕੀਆਂ ਕਰਨ ਸੰਬੰਧੀ ਅਤੇ ਹੈਡ ਟੀਚਰਾਂ ਦੀ 8134 ਅਸਾਮੀਆਂ ਨੂੰ ਘਟਾ ਕੇ 6230 ਕਰਨ ਵਾਲਾ 1 ਨਵੰਬਰ ਨੂੰ ਜਾਰੀ ਪੱਤਰ ਵਾਪਿਸ ਲੈਣ ਸੰਬੰਧੀ, ਕਨਫਰਮ ਹੋਣ ਤੋਂ ਰਹਿ ਗਏ ਟੈਟ ਪਾਸ ਅਧਿਆਪਕਾਂ ਨੂੰ ਜਲਦੀ ਪੱਕੇ ਕਰਨ,ਸੀਨੀਆਰਤਾ ਸੂਚੀ ਵਿਚਲੀਆਂ ਕਮੀਆਂ ਨੂੰ ਦੂਰ ਕਰਨ, 162 ਟੈਟ ਪਾਸ ਅਧਿਆਪਕਾਂ ਦੀਆਂ ਸੇਵਾਵਾਂ ਖਤਮ ਕਰਨ ਵਾਲਾ ਨੋਟਿਸ ਵਾਪਿਸ ਲੈਣ, ਅਧਿਆਪਕਾਂ ਤੋਂ ਗੈਰ ਵਿਦਿਅਕ ਕੰਮ ਨਾ ਲੈਣ ਸੰਬੰਧੀ,ਨਵੀਂ ਭਰਤੀ ਕਰਨ, ਰੈਸ਼ਨਾਈਜ਼ੇਸ਼ਨ ਨੀਤੀ ਵਾਪਿਸ ਲੈਣ, ਸਿਖਿਆ ਪ੍ਰੋਵਾਇਡਰ ਸਵਰਗੀ ਚੰਨਾ ਸਿੰਘ ਦੀ ਪਤਨੀ ਨੂੰ ਤਰਸ ਦੇ ਅਧਾਰ ਤੇ ਫੌਰਨ ਨੌਕਰੀ ਦਿਵਾਉਣ ਸੰਬੰਧੀ, ਪੇਅ ਕਮਿਸ਼ਨ ਤੁਰੰਤ ਲਾਗੂ ਕਰਨ, ਡੀਏ ਦੀਆਂ ਕਿਸ਼ਤਾਂ ਜਾਰੀ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ, ਪਲਾਨ ਪੋਸਟਾਂ ਨੂੰ ਨਾਨ-ਪਲਾਨ ਪੋਸਟਾਂ ਵਿਚ ਬਦਲਣ ਸੰਬੰਧੀ ਤੋਂ ਇਲਾਵਾ ਹੋਰ ਭਖਦੇ ਮਸਲੇ ਵਿਚਾਰੇ ਗਏ। ਮੀਟਿੰਗ ਉਪਰੰਤ ਸਿਖਿਆ ਮੰਤਰੀ, ਪੰਜਾਬ ਵੱਲੋਂ 12 ਨਵੰਬਰ ਨੂੰ ਮੰਚ ਦੇ ਆਗੂਆਂ ਨੂੰ ਪੈਨਲ ਮੀਟਿੰਗ ਲਈ ਪੰਜਾਬ ਸਕੂਲ ਸਿਖਿਆ ਬੋਰਡ ਦਫਤਰ,ਮੋਹਾਲੀ ਵਿਖੇ ਬੁਲਾਇਆ ਗਿਆ।ਇਸ ਮੌਕੇ ਮੰਚ ਆਗੂ ਹਰਜਿੰਦਰ ਪਾਲ ਸਿੰਘ ਪੰਨੂ, ਬਲਦੇਵ ਸਿੰਘ ਬੁੱਟਰ, ਰਣਜੀਤ ਸਿੰਘ ਬਾਠ, ਸੁਖਜਿੰਦਰ ਸਿੰਘ ਸਠਿਆਲਾ, ਈਸ਼ਰ ਸਿੰਘ ਮੰਝਪੁਰ, ਸਤਿੰਦਰ ਸਿੰਘ ਕੰਗ,ਜਤਿੰ-ਦਰਪਾਲ ਸਿੰਗ ਰੰਧਾਵਾ, ਨਰੇਸ਼ ਕੁਮਾਰ,ਜਗਦੇਵ ਸਿੰਘ ਮੱਲ੍ਹੀ, ਚੰਨਦੀਪ ਸਿੰਘ ਬੁਤਾਲਾ, ਪ੍ਰਭਜਿੰਦਰ ਸਿੰਘ, ਕੰਵਰ ਸੰਧੂ,ਸਤਬੀਰ ਬੋਪਾਰਾਏ, ਹਰਭਜਨ ਹੁਸ਼ਿਆਰਪੁਰ, ਅਜੈ ਡੋਗਰਾ, ਸ਼ਮਸ਼ੇਰ ਕਾਹਲੋਂ, ਕੁਲਵਿੰਦਰ ਸਿੰਘ ਸਿੱਧੂ,ਨਵਦੀਪ ਸਿੰਘ ,ਗੁਰਿੰਦਰ ਖਹਿਰਾ, ਸਰਬਜੀਤ ਕੁਮਾਰ, ਦਿਲਬਾਗ ਰਾਏ, ਪਰਮਬੀਰ ਸਿੰਘ ਰੋਖੇ, ਸੁਖਦੀਪ ਸੋਹੀ, ਰਾਕੇਸ਼ ਤੁੰਗ, ਗੁਰਪ੍ਰੀਤ ਸਿੰਘ ਖਿੰਦ,ਦਵਿੰਦਰ ਸਿੰਘ ਲੁੱਧੜ, ਹਰਿੰਦਰ ਸਿੰਘ ਜਸਪਾਲ ਤੋਂ ਇਲਾਵਾ ਹੋਰ ਵੀ ਅਧਿਆਪਕ ਆਗੂ ਹਾਜ਼ਿਰ ਸਨ।














# ਹਰ ਵਾਰ ਮੂਧੇ-ਮੂੰਹ ਕਿਉਂ ਡਿੱਗਦੇ ਹਨ ਚਾਰਜਸ਼ੀਟ ਦੇ ਦੋਸ਼

-ਡਾਕਟਰ ਰਾਜੀਵ ਪਥਰੀਆ

ਹਿਮਾਚਲ ਪ੍ਰਦੇਸ਼ 'ਚ ਲੰਮੇ ਸਮੇਂ ਤੋਂ ਭਾਜਪਾ ਤੇ ਕਾਂਗਰਸ ਲੋਕ ਹਿੱਤ ਦੇ ਮੁੱਦਿਆਂ ਨੂੰ ਛੱਡ ਕੇ ਹਰ ਵਾਰ ਚਾਰਜਸ਼ੀਟ ਦੀ ਖੇਡ ਖੇਡਦੀਆਂ ਜਾ ਰਹੀਆਂ ਹਨ। ਵਿਰੋਧੀ ਧਿਰ 'ਚ ਹੁੰਦਿਆਂ ਸਰਕਾਰ ਦੇ ਕੰਮਾਂ ਦੀ ਸਮੀਖਿਆ ਕਰ ਕੇ ਬੇਨਿਯਮੀਆਂ ਤੇ ਘਪਲਿਆਂ ਨੂੰ ਜ਼ਾਹਰ ਕਰਨ ਵਾਲੀਆਂ ਲਗਭਗ ਸਾਰੀਆਂ ਚਾਰਜਸ਼ੀਟਾਂ ਦੇ ਦੋਸ਼ ਹਾਲੇ ਤੱਕ ਮੂਧੇ-ਮੂੰਹ ਡਿੱਗਦੇ ਰਹੇ ਹਨ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਲੋਕਾਂ ਦਾ ਧਿਆਨ ਵੰਡਾਉਣ ਦੀ ਕੋਸ਼ਿਸ਼ ਵਿੱਚ ਹਰੇਕ ਪਾਰਟੀ ਵਿਰੋਧੀ ਧਿਰ ਵਿੱਚ ਆ ਕੇ ਅਜਿਹੀ ਚਾਰਜਸ਼ੀਟ ਤਿਆਰ ਕਰਦੀ ਹੈ ਤੇ ਸਰਕਾਰ ਬਣਦੇ ਸਾਰ ਉਸ ਦੀ ਜਾਂਚ ਸ਼ੁਰੂ ਕਰਵਾ ਦਿੱਤੀ ਜਾਂਦੀ ਹੈ।

ਇਸ ਦਸੰਬਰ ਵਿੱਚ ਹਿਮਾਚਲ ਪ੍ਰਦੇਸ਼ ਵਿੱਚ ਜੈਰਾਮ ਠਾਕੁਰ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਆਪਣਾ ਇੱਕ ਸਾਲ ਦਾ ਸਮਾਂ ਪੂਰਾ ਕਰਨ ਵਾਲੀ ਹੈ ਤੇ ਇਸ ਇੱਕ ਸਾਲ 'ਚ ਹੋਏ ਵਿਕਾਸ ਕੰਮਾਂ ਦੀ ਸੂਚੀ ਬਣਾ ਕੇ ਇਹ ਸਰਕਾਰ ਜਿੱਥੇ ਰਾਜ ਵਿੱਚ ਇੱਕ ਵੱਡਾ ਜਲਸਾ ਕਰੇਗੀ, ਉਥੇ ਵਿਰੋਧੀ ਧਿਰ 'ਚ ਬੈਠੀ ਕਾਂਗਰਸ ਨੇ ਇਸ ਇੱਕ ਸਾਲ ਦੌਰਾਨ ਮੁੱਖ ਮੰਤਰੀ ਸਮੇਤ ਉਨ੍ਹਾਂ ਦੇ ਮੰਤਰੀਆਂ ਅਤੇ ਹੋਰ ਵੱਡੇ ਨੇਤਾਵਾਂ, ਅਧਿਕਾਰੀਆਂ ਵੱਲੋਂ ਸਰਕਾਰੀ ਮਹਿਕਮਿਆਂ ਵਿੱਚ ਕੀਤੀਆਂ ਗਈਆਂ ਬੇਨਿਯਮੀਆਂ ਨੂੰ ਲੱਭਣਾ ਸ਼ੁਰੂ ਕਰ ਦਿੱਤਾ ਹੈ।

ਕਾਂਗਰਸ ਨੇ ਇਸ ਵਾਰ ਮੁੱਖ ਮੰਤਰੀ ਦਫਤਰ (ਸੀ ਐੱਮ ਓ) ਤੋਂ ਲੈ ਕੇ ਵਿਧਾਨ ਸਭਾ ਹਲਕਿਆਂ ਤੱਕ ਨੂੰ ਨਿਸ਼ਾਨਾ ਬਣਾ ਕੇ ਚਾਰਜਸ਼ੀਟ ਬਣਾਉਣ ਦਾ ਐਲਾਨ ਕੀਤਾ ਹੈ। ਹਾਕਮ ਧਿਰ ਵਿਰੁੱਧ ਚਾਰਜਸ਼ੀਟ ਦੀ ਜਾਂਚ ਅੱਜ ਤੱਕ ਕਦੇ ਵੀ ਉਨ੍ਹਾਂ ਦੇ ਕਾਰਜਕਾਲ 'ਚ ਨਹੀਂ ਹੋ ਸਕੀ। ਜ਼ਾਹਿਰ ਹੈ ਕਿ ਪਿਛਲੀ ਰਵਾਇਤ ਵਾਂਗ ਇਹ ਚਾਰਜਸ਼ੀਟ ਵੀ ਫਾਈਲਾਂ ਦੇ ਢੇਰ ਵਿੱਚ ਹੀ ਦੱਬ ਹੋ ਕੇ ਰਹਿ ਜਾਵੇਗੀ। ਇਸ ਸਮੇਂ ਵਾਲੀ ਸੱਤਾਧਾਰੀ ਧਿਰ ਭਾਜਪਾ ਨੇ ਵਿਰੋਧੀ ਧਿਰ 'ਚ ਹੁੰਦਿਆਂ ਪਿਛਲੀ ਕਾਂਗਰਸ ਸਰਕਾਰ ਵਿਰੁੱਧ ਪੰਜ ਸਾਲਾਂ ਵਿੱਚ ਕੁਝ ਚਾਰਜਸ਼ੀਟਾਂ ਬਣਾਈਆਂ ਅਤੇ ਜਾਂਚ ਲਈ ਗਵਰਨਰ ਅਤੇ ਰਾਸ਼ਟਰਪਤੀ ਨੂੰ ਭੇਜ ਦਿੱਤੀਆਂ ਸਨ। ਸੱਤਾ 'ਚ ਆਉਣ ਪਿੱਛੋਂ ਭਾਜਪਾ ਸਰਕਾਰ ਨੇ ਅਜਿਹੀਆਂ ਸਾਰੀਆਂ ਚਾਰਜਸ਼ੀਟਾਂ ਫੋਲੀਆਂ ਹਨ, ਪਰ ਇੱਕ ਵੀ ਮਾਮਲਾ ਅਜੇ ਤੱਕ ਵਿਜੀਲੈਂਸ ਨੇ ਦਰਜ ਨਹੀਂ ਕੀਤਾ ਹੈ। ਸ਼ਾਇਦ ਇਹ ਪਹਿਲਾ ਮੌਕਾ ਹੈ, ਜਦੋਂ ਸੂਬੇ ਵਿੱਚ ਵਿਜੀਲੈਂਸ ਬਿਨਾਂ ਕੰਮ ਦੇ ਵਿਹਲੀ ਬੈਠੀ ਹੈ ਕਿਉਂਕਿ ਇਸ ਵਾਰ ਸ਼ਾਸਕ ਵੀ ਨਵੇਂ ਹਨ ਤੇ ਅਸੂਲ ਵੀ।

ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਤੇ ਪ੍ਰੋਫੈਸਰ ਪ੍ਰੇਮ ਕੁਮਾਰ ਧੂਮਲ ਜਦੋਂ-ਜਦੋਂ ਵੀ ਸੱਤਾ ਵਿੱਚ ਆਏ ਹਨ, ਉਨ੍ਹਾਂ ਨੇ ਇੱਕ ਦੂਜੇ ਨਾਲੋਂ ਸਿਆਸੀ ਕਿੜ੍ਹ ਕੱਢਣ ਲਈ ਵਿਜੀਲੈਂਸ ਦਾ ਸਹਾਰਾ ਲਿਆ ਹੈ। ਹੁਣ ਇਨ੍ਹਾਂ ਦੋਵਾਂ ਵੱਡੇ ਨੇਤਾਵਾਂ ਦਾ ਦੌਰ ਖਤਮ ਹੋ ਗਿਆ ਹੈ ਤੇ ਭਾਜਪਾ ਨੇ ਸੱਤਾ ਜੈਰਾਮ ਠਾਕੁਰ ਨੂੰ ਸੌਂਪੀ ਹੋਈ ਹੈ ਤੇ ਜੈਰਾਮ ਠਾਕੁਰ ਖੁਦ ਨਹੀਂ ਚਾਹੁੰਦੇ ਕਿ ਸਿਆਸੀ ਕਿੜ੍ਹ ਕੱਢਣ ਲਈ ਵਿਜੀਲੈਂਸ ਦਾ ਇਸਤੇਮਾਲ ਹੋਵੇ।

ਇਸ ਵਾਰ ਭਾਜਪਾ ਦੀ ਚਾਰਜਸ਼ੀਟ 'ਚ ਲੱਗੇ ਦੋਸ਼ਾਂ 'ਤੇ ਸੰਬੰਧਤ ਮਹਿਕਮਿਆਂ ਤੋਂ ਟਿੱਪਣੀਆਂ ਮੰਗੀਆਂ ਗਈਆਂ ਹਨ, ਜਿਸ ਕਾਰਨ ਕਾਂਗਰਸ ਦੇ ਕਾਰਜਕਾਲ 'ਚ ਹੋਈਆਂ ਬੇਨਿਯਮੀਆਂ ਦੇ ਕਈ ਦਰਜਨ ਮਾਮਲੇ ਵਿਭਾਗੀ ਜਾਂਚ ਦੇ ਬੋਝ ਹੇਠਾਂ ਦੱਬ ਹੋ ਕੇ ਰਹਿ ਗਏ ਹਨ ਕਿਉਂਕਿ ਚਾਰਜਸ਼ੀਟ 'ਚ ਜੋ ਦੋਸ਼ ਉਦੋਂ ਭਾਜਪਾ ਨੇ ਲਾਏ ਸਨ, ਉਨ੍ਹਾਂ ਨੂੰ ਅੰਜਾਮ ਦੇਣ 'ਚ ਮਹਿਕਮਿਆਂ ਦੀ ਹੀ ਭੂਮਿਕਾ ਸੀ। ਇਸ ਲਈ ਜ਼ਾਹਿਰ ਹੈ ਕਿ ਹੁਣ ਮਹਿਕਮੇ ਆਪਣੇ ਹੀ ਵਿਰੁੱਧ ਜਾਂਚ ਖੋਲ੍ਹਣ ਦੀ ਮਨਜ਼ੂਰੀ ਕਿਵੇਂ ਦੇ ਸਕਦੇ ਹਨ।

ਇਸ ਦੇ ਬਾਵਜੂਦ ਸਹਿਕਾਰੀ ਮਹਿਕਮੇ ਵੱਲੋਂ ਸੂਬੇ ਦੀਆਂ ਤਿੰਨ ਸਹਿਕਾਰੀ ਬੈਂਕਾਂ ਵਿੱਚ ਜੋਖਮ ਵਾਲੇ ਕਰਜ਼ੇ ਦੇਣ, ਭਰਤੀਆਂ ਤੇ ਖਰੀਦ ਆਦਿ ਵਿੱਚ ਹੋਈਆਂ ਬੇਨਿਯਮੀਆਂ ਦੇ ਮਾਮਲੇ ਅਗਾਂਹ ਵਿਜੀਲੈਂਸ ਨੂੰ ਐਫ ਆਈ ਆਰ ਦਰਜ ਕਰ ਕੇ ਜਾਂਚ ਲਈ ਭੇਜੇ ਗਏ ਹਨ, ਪਰ ਕਈ ਮਹੀਨੇ ਬੀਤਣ ਤੋਂ ਬਾਅਦ ਵੀ ਵਿਜੀਲੈਂਸ ਨੇ ਇਹ ਮਾਮਲੇ ਦਰਜ ਨਹੀਂ ਕੀਤੇ ਹਨ। ਇਹੋ ਨਹੀਂ, ਵਿਰੋਧੀ ਧਿਰ 'ਚ ਹੁੰਦਿਆਂ ਜਿਸ ਬੀਵਰੇਜ ਕਾਰਪੋਰੇਸ਼ਨ ਨੂੰ ਭਾਜਪਾ ਨੇ ਸੈਂਕੜੇ ਕਰੋੜ ਰੁਪਏ ਦਾ ਘਪਲਾ ਕਰਨ ਵਾਲੀ ਕਰਾਰ ਦਿੱਤਾ ਸੀ, ਉਸ ਦੀ ਐਫ ਆਈ ਆਰ ਵੀ ਅਜੇ ਤੱਕ ਦਰਜ ਨਹੀਂ ਹੋ ਸਕੀ ਹੈ।

ਇਸੇ ਤਰ੍ਹਾਂ ਬੱਸਾਂ ਦੀਖਰੀਦ, ਧਰਮਸ਼ਾਲਾ ਸਰਕਲ ਭਵਨ ਦਾ ਨਿਰਮਾਣ, ਵੱਖ ਵੱਖ ਮਹਿਕਮਿਆਂ ਵਿੱਚ ਖਰੀਦ ਅਤੇ ਉਸਾਰੀਆਂ ਦੇ ਟੈਂਡਰ ਆਦਿ ਨੂੰ ਲੈ ਕੇ ਇੱਕ ਵੀ ਦੋਸ਼ ਦੀ ਜਾਂਚ ਦਾ ਕੰਮ ਜੈਰਾਮ ਸਰਕਾਰ ਨੇ ਅਜੇ ਤੱਕ ਵਿਜੀਲੈਂਸ ਨੂੰ ਨਹੀਂ ਸੌਂਪਿਆ ਹੈ, ਉਲਟਾ ਕਾਂਗਰਸ ਦੇ ਸਮੇਂ 'ਚ ਆਪਣੇ ਕੁਝ ਵੱਡੇ ਨੇਤਾਵਾਂ ਵਿਰੁੱਧ ਦਰਜ ਸਾਰੇ ਮਾਮਲਿਆਂ ਨੂੰ ਵਾਪਸ ਲੈ ਲਿਆ ਹੈ। ਹਿਮਾਚਲ ਕ੍ਰਿਕਟ ਐਸੋਸੀਏਸ਼ਨ ਵਿਰੁੱਧ ਦਰਜ ਸਾਰੇ ਮਾਮਲਿਆਂ ਨੂੰ ਵੀ 'ਸਿਆਸੀ ਮਾਮਲੇ' ਦੱਸਦਿਆਂ ਸਰਕਾਰ ਨੇ ਵਾਪਸ ਲੈਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੋਈ ਹੈ।

ਹਿਮਾਚਲ 'ਚ ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ, ਇਸ ਤੋਂ ਪਹਿਲਾਂ ਵੀ ਵਾਰੀ-ਵਾਰੀ ਸੱਤਾ 'ਚ ਆਉਂਦੀਆਂ ਰਹੀਆਂ ਭਾਜਪਾ ਤੇ ਕਾਂਗਰਸ ਅਜਿਹੇ ਮਾਮਲਿਆਂ ਨੂੰ ਲੰਮੀ ਜਾਂਚ ਤੋਂ ਬਾਅਦ ਵਾਪਸ ਲੈਂਦੀਆਂ ਸਨ।

ਸਰਕਾਰੀ ਮਸ਼ੀਨਰੀ ਕਈ ਸਾਲਾਂ ਤੱਕ ਅਜਿਹੇ ਮਾਮਲਿਆਂ ਦੀ ਜਾਂਚ ਕਰਦੀ ਹੈ, ਜਿਸ 'ਤੇ ਕਰੋੜਾਂ ਰੁਪਏ ਵੀ ਖਰਚ ਹੁੰਦੇ ਹਨ, ਪਰ ਸੱਤਾ ਦੀ ਇਸ ਅਦਲਾ-ਬਦਲੀ ਕਾਰਨ ਇਹ ਸਾਰੇ ਮਾਮਲੇ ਬਾਅਦ 'ਚ ਮੂਧੇ-ਮੂੰਹ ਡਿੱਗ ਜਾਂਦੇ ਹਨ ਤੇ ਠੰਢੇ ਬਸਤੇ 'ਚ ਪੈ ਜਾਂਦੇ ਹਨ। ਇਹੋ ਵਜ੍ਹਾ ਹੈ ਕਿ ਅੱਜ ਤੱਕ ਅਜਿਹੇ ਮਾਮਲਿਆਂ 'ਚ ਸਖਤ ਕਾਰਵਾਈ ਨਾ ਹੋਣ ਕਰ ਕੇ ਬੇਨਿਯਮੀਆਂ ਦਾ ਸਿਲਸਿਲਾ ਜਾਰੀ ਹੈ।






## ਬਿਊਟੀ ਟਿਪਸ

## ਹਰ ਤਰ੍ਹਾਂ ਦੀ ਸਕਿਨ ਦੇ ਲਈ ਅਲੱਗ ਹੋਵੇ ਫੇਸਪੈਕ

ਸਾਰਿਆਂ ਦੀ ਸਕਿਨ ਅਲੱਗ ਤਰ੍ਹਾਂ ਹੁੰਦੀ ਹੈ। ਕਿਸੇ ਦੀ ਆਇਲੀ ਤਾਂ ਕਿਸੇ ਦੀ ਰੁੱਖੀ ਅਤੇ ਬੇਜਾਨ ਹੁੰਦੀ ਹੈ। ਇਸ ਸਕਿਨ ਦੇ ਲਈ ਕਿਹੋ ਜਿਹੇ ਫੇਸਪੈਕ ਦਾ ਇਸਤੇਮਾਲ ਕਰੀਏ ਇਹ ਜਾਨਣਾ ਬੇਹੱਦ ਜ਼ਰੂਰੀ ਹੈ। ਇਸ ਸਮੱਸਿਆ ਨੂੰ ਦੂਰ ਕਰਨ ਦੇ ਲਈ ਅਸੀਂ ਅਲੱਗ-ਅਲੱਗ ਤਰ੍ਹਾਂ ਦੀ ਸਕਿਨ ਦੇ ਮੁਤਾਬਕ ਫੇਸਪੈਕ ਦੇ ਬਾਰੇ ਵਿੱਚ ਜਾਣਕਾਰੀ ਦੇ ਰਹੇ ਹਨ :

ਸਖਤ ਸਕਿਨ ਦੇ ਲਈ-ਇਸ ਫੇਸਪੈਕ ਨੂੰ ਬਣਾਉਣ ਦੇ ਲਈ ਇੱਕ ਮੱਠੇ ਵਿੱਚ ਚਾਰ ਚਮਚ ਉਬਲੇ ਹੋਏ ਓਟਸ, ਕੁਝ ਬੂੰਦਾਂ, ਆਲਿਵ ਆਲਿ ਤੇ ਬਾਦਾਮ ਤੇਲ ਦੀ ਪਾ ਕੇ ਚੰਗੀ ਤਰ੍ਹਾਂ ਮਿਲਾਓ। ਤਿਆਰ ਪੇਸਟ ਨੂੰ 15-20 ਮਿੰਟ ਦੇ ਲਈ ਚਿਹਰੇ 'ਤੇ ਲਗਾਓ ਅਤੇ ਠੰਢੇ ਪਾਣੀ ਨਾਲ ਚਿਹਰੇ ਨੂੰ ਦੋ ਲਓ।

ਕੋਮਲ ਸਕਿਨ ਦੇ ਲਈ-ਮੁਲਾਇਮ ਸਕਿਨ ਪਾਉਣ ਲਈ ਇੱਕ ਬਾਉਲ ਵਿੱਚ ਦੋ ਚਮਚ ਦਹੀ ਅਤੇ ਚਾਰ-ਪੰਜ ਬੂੰਦਾਂ ਆਲਿਵ ਆਇਲ ਪਾ ਕੇ ਮਿਲਾਓ। ਇਸ ਫੇਸਪੈਕ ਨੂੰ 15-20 ਮਿੰਟ ਲਈ ਲਾ ਕੇ ਛੱਡ ਦਿਓ। ਕੁਝ ਦੇਰ ਬਾਅਦ ਠੰਢੇ ਪਾਣੀ ਨਾਲ ਚਿਹਰਾ ਧੋ ਲਓ। ਸਕਿਨ ਮੁਲਾਇਮ ਰਹੇਗੀ। ਹਫਤੇ ਵਿੱਚ ਇੱਕ ਵਾਰ ਇਸਤੇਮਾਲ ਕਰ ਸਕਦੇ ਹੋ।

ਰੁੱਖੀ ਸਕਿਨ ਦੇ ਲਈ-ਚਿਹਰੇ ਨੂੰ ਨਮੀ ਯੁਕਤ ਰੱਖਣ ਲਈ ਇੱਕ ਚਮਚ ਨਾਰੀਅਲ ਦੇ ਦੁੱਧ ਜਾਂ ਨਾਰੀਅਲ ਤੇਲ ਵਿੱਚ ਇੱਕ ਚਮਚ ਖੀਰੇ ਦਾ ਰਸ ਮਿਲਾ ਲਓ। ਇਸ ਮਿਸ਼ਰਣ ਨੂੰ ਚਿਹਰੇ 'ਤੇ ਲਾਓ ਅਤੇ ਮਾਲਿਸ਼ ਕਰੋ। ਇਸ ਨਾਲ ਸਕਿਨ ਹਾਈਡਰੇਟ ਹੋਣ ਦੇ ਨਾਲ ਹੀ ਕੋਮਲ ਅਤੇ ਚਮਕਦਾਰ ਬਣੇਗੀ।

ਪੋਰਸ ਠੀਕ ਕਰਨ ਦੇ ਲਈ-ਵੱਡੇ ਪੋਰਸ ਨੂੰ ਘੱਟ ਕਰਨ ਲਈ ਦੋ ਚਮਚ ਵੇਸਣ ਅਤੇ ਇੱਕ ਕੱਪ ਭਿੱਜੀ ਹੋਈ ਮਸਰਾਂ ਦੀ ਦਾਲ ਨੂੰ ਬਰਾਬਰ ਮਾਤਰਾ ਵਿੱਚ ਮਿਲਾ ਕੇ ਪੈਕ ਤਿਆਰ ਕਰੋ। ਇਸ ਪੇਸਟ ਨੂੰ ਆਪਣੇ ਚਿਹਰੇ ਅਤੇ ਗਲੇ 'ਤੇ ਲਗਾ ਕੇ ਮਸਾਜ ਕਰੋ। 10-15 ਮਿੰਟ ਤੱਕ ਇਸ ਪੇਸਟ ਨੂੰ ਲਗਾ ਕੇ ਠੰਢੇ ਪਾਣੀ ਨਾਲ ਚਿਹਰਾ ਧੋ ਲਓ। ਹਫਤੇ ਵਿੱਚ ਦੋ ਵਾਰ ਇਸ ਪੈਕ ਦਾ ਇਸਤੇਮਾਲ ਕਰਨ ਨਾਲ ਵੱਡੇ ਪੋਰਸ ਦੀ ਸਮੱਸਿਆ ਖਤਮ ਹੋ ਜਾਏਗੀ।


## ਰਸੋਈ ਆਚਾਰੀ ਬੈਂਗਣ



ਸਮੱਗਰੀ: ਮਸਾਲੇ ਬਣਾਉਣ ਲਈ-ਇੱਕ ਚਮਚ ਅਦਰਕ ਲਸਣ ਦਾ ਪੇਸਟ, ਇੱਕ ਚਮਚ ਲਾਲ ਮਿਰਚ ਪਾਊਡਰ, ਅੱਧਾ ਚਮਚ ਹਲਦੀ ਪਾਊਡਰ, ਸੁਆਦ ਅਨੁਸਾਰ ਨਮਕ, ਇੱਕ ਚਮਚ ਤੇਲ।

ਹੋਰ ਚੀਜ਼ਾਂ-ਇੱਕ ਕੱਪ ਬੈਂਗਣ ਦੇਕੱਟੇ ਹੋਏ ਟੁਕੜੇ, ਇੱਕ ਚਮਚ ਸੌਂਫ, ਇੱਕ ਚਮਚ ਰਾਈ, ਇੱਕ ਚਮਚ ਮੇਥੀ ਦੇ ਦਾਣੇ, ਇੱਕ ਚਮਚ ਕਲੌਂਜੀ, ਅੱਧਾ ਚਮਚ ਜੀਰਾ, ਅੱਧਾ ਚਮਚ ਹਿੰਙ, ਦੋ ਚਮਚ ਤੇਲ, ਅੱਧਾ ਕੱਪ ਕੱਟੇ ਹੋਏ ਪਿਆਜ਼, ਇੱਕ ਚਮਚ ਅਦਰਕ ਲਸਣ ਦਾ ਪੇਸਟ, ਇੱਕ ਚਮਚ ਕੱਟੀ ਹੋਈ ਹਰੀ ਮਿਰਚ, ਅੱਧਾ ਚਮਚ ਹਲਦੀ ਪਾਊਡਰ, ਅੱਧਾ ਚਮਚ ਲਾਲ ਮਿਰਚ ਪਾਊਡਰ, ਅੱਧਾ ਚਮਚ ਗਰਮ ਮਸਾਲਾ, ਅੱਧਾ ਚਮਚ ਅਮਚੂਰ, ਸੁਆਦ ਅਨੁਸਾਰ ਲੂਣ, 3/4 ਕਮਪ ਦਹੀਂ, ਅੱਧਾ ਕੱਪ ਤਾਜ਼ਾ ਕਰੀਮ। ਗਾਰਨਿਸ਼ ਲਈ-ਦੋ ਚਮਚ ਕੱਟਿਆ ਹੋਇਆ ਧਨੀਆ।

ਵਿਧੀ-ਇੱਕ ਡੂੰਘੀ ਕਟੋਰੀ ਵਿੱਚ ਬੈਂਗਣ ਅਤੇ ਤਿਆਰ ਕੀਤੇ ਹੋਏ ਮਿਸ਼ਰਣ ਨੂੰ ਥੋੜ੍ਹਾ ਰਲਾ ਦਿਓ ਅਤੇ ਪੰਜ ਮਿੰਟ ਲਈ ਇੱਕ ਪਾਸੇ ਰੱਖੋ। ਇੱਕ ਪੈਨ ਵਿੱਚ ਤੇਲ ਗਰਮ ਕਰੋ ਅਤੇ ਬੈਂਗਣ ਦੇ ਮਿਸ਼ਰਣ ਨੂੰ ਚੰਗੀ ਤਰ੍ਹਾਂ ਭੁੰਨ ਹੋਣ ਤੱਕ ਤਲਦੇ ਰਹੇ। ਇਨ੍ਹਾਂ ਨੂੰ ਤੇਲ ਸੋਖਣ ਵਾਲੇ ਕਾਗਜ਼ 'ਤੇ ਰੱਖੋ ਅਤੇ ਉਨ੍ਹਾਂ ਨੂੰ ਪਾਸੇ ਰੱਖੋ। ਇੱਕ ਛੋਟੇ ਕਟੋਰੇ ਵਿੱਚ ਸੌਂਫ, ਕਲੌਂਜੀ, ਮੇਥੀ ਦੇ ਦਾਣੇ, ਪਿਆਜ਼, ਜ਼ੀਰਾ ਅਤੇ ਹਿੰਙ ਨੂੰ ਮਿਲਾ ਕੇ ਇੱਕ ਪਾਸੇ ਰੱਖੋ। ਇੱਕ ਡੂੰਘੇ ਪੈਨ ਵਿੱਚ ਤੇਲ ਗਰਮ ਕਰੋ ਅਤੇ ਇਸ ਉਪਰ ਤਿਆਰ ਮਿਸ਼ਰਣ ਰੱਖੋ। ਜਦੋਂ ਮਿਸ਼ਰਣ ਥੋੜ੍ਹਾ ਜਿਹਾ ਪਕਣਾ ਸ਼ੁਰੂ ਹੋ ਜਾਵੇ, ਫਿਰ ਪਿਆਜ਼, ਅਦਰਕ ਲਸਣ ਪੇਸਟ ਅਤੇ ਹਰੀ ਮਿਰਚ ਨੂੰ ਮਿਲਾਓ ਤੇ ਉਨ੍ਹਾਂ ਨੂੰ ਤਿੰਨ ਮਿੰਟ ਲਈ ਦਰਮਿਆਨੇ ਸੇਕ 'ਤੇ ਰੱਖੋ। ਦਹੀਂ, ਤਲੇ ਹੋਏ ਬੈਂਗਣ ਤੇ ਇਸ ਵਿੱਚ ਤਾਜ਼ੀ ਕਰੀਮ ਪਾਓ ਅਤੇ ਇਸ ਨੂੰ ਹਲਕੇ ਹੱਥਾਂ ਨਾਲ ਮਿਲਾਓ ਅਤੇ ਦਰਮਿਆਨੇ ਸੇਕ 'ਤੇ ਦੋ ਤੋਂ ਤਿੰਨ ਮਿੰਟ ਲਈ ਪਕਾਉ। ਬਾਅਦ ਵਿੱਚ ਹਰਾ ਧਨੀਆ ਪਾ ਕੇ ਉਸ ਨੂੰ ਗਰਮਾ ਗਰਮ ਪਰੋਸੋ।

## ਸਿੱਖ ਸਰੋਕਾਰਾਂ ਦੇ ਸਹਾਰੇ ਸਿਆਸਤ

-ਕੁਲਜੀਤ ਬੈਂਸ

ਸੁਖਪਾਲ ਸਿੰਘ ਖਹਿਰਾ ਦੀਆਂ ਭਵਿੱਖੀ ਯੋਜਨਾਵਾਂ, ਸੇਖਵਾਂ-ਬ੍ਰਹਮਪੁਰਾ-ਅਜਨਾਲਾ ਤਿੱਕੜੀ ਦੇ ਰੋਸੇ, ਬੇਅਦਬੀ ਦੇ ਮਸਲੇ 'ਤੇ ਕਾਂਗਰਸ ਦੇ ਰੁਖ਼ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪਛਾਣ ਦੇ ਸੰਕਟ ਵਿੱਚ ਸਾਂਝਾ ਭਲਾ ਕੀ ਹੈ? ਸ਼ਾਇਦ ਪੰਜਾਬ ਦੀ 'ਪੰਥਕ' ਅਤੇ 'ਮੁੱਖ ਧਾਰਾ' ਸਿਆਸਤ ਵਿਚਾਲੇ ਸੌਖ ਮੁਤਾਬਕ ਪੈਂਤੜਾ ਮੱਲਣਾ ਹੈ। ਇਸ ਅੰਦਰ ਹੀ ਸੂਬੇ ਨੂੰ ਸਦਾ ਖੜੇ ਪੈਰ ਰੱਖਣ ਦਾ ਨੁਸਖਾ ਨਜ਼ਰ ਪੈਂਦਾ ਹੈ, ਜਿਸ ਵਿੱਚ ਸੁਰੱਖਿਆ ਨੂੰ 'ਬਾਹਰਲੇ' ਖਤਰੇ ਦੀ ਦਹਿਸ਼ਤ ਵਾਲੀ ਮਦਦ ਕੇਂਦਰ ਵੀ ਪੇਸ਼ ਕਰਦਾ ਹੈ। ਸਿੱਖ ਵੋਟ ਬੈਂਕ ਪੰਜਾਬ ਦਾ ਸਭ ਤੋਂ ਵੱਡਾ ਵੋਟ ਬੈਂਕ ਹੈ। ਇਸ ਗਿਣਤੀ ਮਿਣਤੀ ਦਾ ਨੁਕਸ ਇਹ ਹੈ ਕਿ ਗਿਣਤੀ ਦੇ ਹਿਸਾਬ ਨਾਲ ਇਹ ਸੱਤਾ ਤੱਕ ਪੁਚਾਉਣ ਤੋਂ ਘੱਟ ਰਹਿ ਜਾਂਦਾ ਹੈ। ਇਸ ਲਈ ਜਿਹੜੇ ਚੋਣ ਸਿਆਸਤ ਦੇ ਪਿੜ ਵਿੱਚ ਖੁਦ ਨੂੰ ਹਾਸ਼ੀਏ ਉਤੇ ਪੁੱਜ ਗਿਆ ਸਮਝਦੇ ਹਨ, ਉਹ ਸਿੱਖ 'ਸਰੋਕਾਰ' ਵਾਲੇ ਮੁੱਦਿਆਂ ਦੀ ਪਨਾਹ ਲੈਂਦੇ ਹਨ। ਜੇ ਕੋਈ ਖੁੱਲ੍ਹੀ ਮੋਕਲੀ ਪਛਾਣ ਵਾਲਾ ਗੱਠਜੋੜ ਸੱਤਾ ਵਿੱਚ ਆਉਂਦਾ ਹੈ ਤਾਂ ਇਹ ਆਪਣਾ ਆਧਾਰ ਚੌੜੇਰਾ ਕਰਨ ਲਈ ਖੁਦ ਨੂੰ 'ਮੁੱਖ ਧਾਰਾ' ਨਾਲ ਜੋੜਨ ਦਾ ਯਤਨ ਕਰਦਾ ਹੈ। ਇਹੀ ਤਾਂ ਅਕਾਲੀ ਦਲ ਦਾ ਪਛਾਣ ਸੰਕਟ ਹੈ ਕਿ ਇਹ ਸਿੱਖਾਂ ਦੀ ਪਾਰਟੀ ਹੈ ਜਾਂ ਧਰਮ ਨਿਰਪੱਖ ਪਾਰਟੀ। ਇਸ ਦੋਚਿਤੀ ਵਿੱਚੋਂ ਨਿਕਲਣ ਲਈ ਇਸ ਨੇ ਸੁਖਾਲਾ ਰਾਹ ਫੜਿਆ ਹੋਇਆ ਹੈ, ਜਦੋਂ ਇਹ ਸੱਤਾ ਤੋਂ ਬਾਹਰ ਹੋਵੇ ਤਾਂ ਸਿੱਖ ਪਾਰਟੀ ਹੁੰਦੀ ਹੈ ਤੇ ਜਦੋਂ ਸੱਤਾ ਵਿੱਚ ਹੁੰਦੀ ਹੈ ਤਾਂ 'ਧਰਮ ਨਿਰਪੱਖ' ਪਾਰਟੀ। ਉਂਝ ਤਬਦੀਲੀਆਂ ਦੀ ਇਹ ਕੋਸ਼ਿਸ਼ ਆਖਰ ਇਸ ਨੂੰ ਹਾਸ਼ੀਏ ਉਤੇ ਲਿਜਾਂਦੀ ਭਾਸਦੀ ਹੈ।

ਪੰਜਾਬ ਕਾਂਗਰਸ ਐਨ ਦੂਜੇ ਸਿਰੇ ਤੋਂ ਕੰਮ ਕਰਦੀ ਨਜ਼ਰ ਆ ਰਹੀ ਹੈ। ਸੱਤਾ ਤੋਂ ਬਾਹਰ ਹੋਵੇ ਤਾਂ ਧਰਮ ਨਿਰਪੱਖ ਤੇ ਸੱਤਾ ਵਿੱਚ ਹੋਵੇ ਤਾਂ ਸਿੱਖਾਂ ਦੀ ਚੈਂਪੀਅਨ। ਅੱਸੀਵਿਆਂ ਦੇ ਸ਼ੁਰੂ ਦਾ ਅਤੇ ਅੱਜ ਦਾ ਤਜਰਬਾ ਇਹੀ ਦੱਸਦਾ ਹੈ। ਹਾਲਾਤ ਜਿੰਦਾਂ ਦੇ ਹਨ, 2019 ਵਾਲੀਆਂ ਲੋਕ ਸਭਾ ਚੋਣਾਂ ਲਈ ਇਹ ਪਾਰਟੀ ਪੰਜਾਬ ਵਿੱਚ ਮਜ਼ਬੂਤ ਜਾਪਦੀ ਹੈ। ਇਸ ਸਭ ਕਾਸੇ ਦਾ ਸਿਹਰਾ ਵਿਰੋਧੀ ਧਿਰ ਨੂੰ ਜਾਂਦਾ ਹੈ, ਜੋ ਕਦੀ ਸਿੱਖ ਤੇ ਕਦੀ ਮੁੱਖਧਾਰਾ ਦੇ ਪੈਂਤੜੇ ਦੀ ਕੋਸ਼ਿਸ਼ ਵਿੱਚ ਪਛੜ ਰਹੀ ਹੈ। ਸਭ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਸਿੱਖ ਵੋਟਾਂ ਨੂੰ ਧਿਆਨ ਵਿੱਚ ਰੱਖ ਕੇ ਪੈਂਤੜੇ ਮੱਲੇ ਅਤੇ 2017 ਵਾਲੀ ਵਿਧਾਨ ਸਭਾ ਚੋਣ ਵਿੱਚ ਘਾਟਾ ਖਾ ਕੇ ਵਾਪਸ ਮੁੜੀ ਹੈ। ਹੋਰ ਤਾਂ ਹੋਰ, ਫਿਰ ਇਸ ਨੇ ਪਰਵਾਸੀ ਸਿੱਖਾਂ ਨਾਲ 'ਗੱਠਜੋੜ' ਜਾਰੀ ਰੱਖਣ ਦੇ ਬਹਾਨੇ ਖਹਿਰਾ ਨਾਲ ਲੜਾਈ ਮੁੱਲ ਲੈ ਲਈ। ਫਿਲਹਾਲ ਇਸ ਕੋਲ ਉਨ੍ਹਾਂ ਸਰੋਕਾਰਾਂ ਜਾਂ ਮੁੱਦਿਆਂ ਦੀ ਤੋਟ ਮਹਿਸੂਸ ਹੋ ਰਹੀ ਹੈ, ਜੋ 2019 ਦੀਆਂ ਚੋਣਾਂ ਵਿੱਚ ਇਸ ਦਾ ਸਹਾਰਾ ਬਣ ਸਕਣ। ਇਸ ਕੋਲ 'ਸਿੱਖ ਸਰੋਕਾਰ' ਵਾਲਾ ਐਮਰਜੈਂਸੀ ਆਸਰਾ ਵੀ ਨਹੀਂ। ਦੂਸਰੇ ਪਾਸੇ ਖਹਿਰਾ ਨੇ ਪੰਥਕ ਧਿਰਾਂ ਸਮੇਤ ਮੋਕਲੇ ਗੱਠਜੋੜ ਬਾਰੇ ਹੋਕਾ ਦਿੱਤਾ ਹੈ, ਉਸ ਕੋਲ ਵੀ ਇਸ ਵੇਲੇ ਜਦੋਂ ਕਿਸੇ ਪਾਰਟੀ ਜਾਂ ਗਰੁੱਪ ਨਾਲ ਗੱਠਜੋੜ ਕਰਨ ਦੀ ਕੋਈ ਚੋਣ ਨਹੀਂ ਤਾਂ ਅਗਲਾ ਕੋਈ ਮਸਲਾ ਸਾਹਮਣੇ ਆਉਣ ਤੱਕ ਸਿੱਖ ਵੋਟ ਬੈਂਕ ਵਾਲਾ ਰਾਹ ਫੜਨਾ ਯਕੀਨੀ ਹੈ ਹੀ।

ਸੇਖਵਾਂ-ਬ੍ਰਹਮਪੁਰਾ-ਅਜਨਾਲਾ ਤਿੱਕੜੀ ਵਾਲੇ ਖੁਦ ਨੂੰ ਟਕਸਾਲੀ ਅਖਵਾ ਕੇ ਖੁਸ਼ ਹੁੰਦੇ ਹਨ, ਇਸ ਜਹਾਜ਼ ਵਿੱਚ ਚੜ੍ਹਨ ਤੋਂ ਖੁੰਝ ਗਏ ਹਨ। ਜਦੋਂ ਅਕਾਲੀ ਦਲ ਸੱਤਾ ਵਿੱਚ ਸੀ ਤਾਂ ਇਹ ਲੀਡਰ ਉਸ ਸਭ ਕਾਸੇ ਨਾਲ ਇਕ ਤਰ੍ਹਾਂ ਸਹਿਮਤ ਸਨ, ਜੋ ਕੁਝ ਲੀਡਰਸ਼ਿਪ ਉਦੋਂ ਕਰਦੀ ਸੀ। ਅੱਜ ਇਨ੍ਹਾਂ ਨੂੰ ਵੀ ਆਪਣੀਆਂ ਸਿੱਖ ਜੜ੍ਹਾਂ ਦਾ ਚੇਤਾ ਆ ਗਿਆ ਜਾਪਦਾ ਹੈ।

ਇਨ੍ਹਾਂ ਸਾਰੀਆਂ ਪਾਰਟੀਆਂ ਅਤੇ ਆਗੂਆਂ ਅੰਦਰ ਸਾਂਝਾ ਸੂਤਰ ਇਹੀ ਹੈ ਕਿ ਇਹ ਸਿੱਖ ਸਰੋਕਾਰਾਂ ਅਤੇ ਵੱਧ ਤੋਂ ਵੱਧ ਪ੍ਰਵਾਨਗੀ ਹਾਸਲ ਕਰਨ ਲਈ ਅਹੁਲਦੇ ਹਨ। ਇਸ ਕੰਮ ਵਿੱਚ ਸਾਰੇ ਅਸਫਲ ਹੀ ਰਹੇ ਹਨ, ਕਿਉਂਕਿ ਇਨ੍ਹਾਂ ਨੇ ਸਦਾ 'ਭਾਈਚਾਰੇ' ਨੂੰ ਵੱਜੀ ਸੱਟ ਦੀ ਗੱਲ ਕੀਤੀ, ਕਾਨੂੰਨੀ ਨਿਆਂ ਸਿਸਟਮ ਵੱਲ ਮੂੰਹ ਤੱਕ ਨਹੀਂ ਕੀਤਾ। ਸਭ ਸਿੱਖ 'ਸਰੋਕਾਰ' ਆਰਥਿਕ, ਨਿਆਂਇਕ ਜਾਂ ਵਿਕਾਸ ਦੇ ਮੁੱਦਿਆਂ ਤੱਕ ਘਟਾਏ ਜਾ ਸਕਦੇ ਹਨ, ਇਹ ਭਾਵੇਂ ਇਤਿਹਾਸਕ ਸਰੋਕਾਰ ਹੋਣ ਜਾਂ ਮੌਜੂਦਾ। ਇਕੋ ਇਕ ਸਿੱਖ ਖਾਹਿਸ, ਜੋ ਮੁੱਠੀ ਭਰ ਲੋਕਾਂ ਦੀ ਹੁੰਦੀ ਹੈ, ਤੇ ਜਿਹੜੀ ਭਾਰਤੀ ਸੰਵਿਧਾਨ ਵਿੱਚ ਪੂਰੀ ਨਹੀਂ ਹੋ ਸਕਦੀ, ਉਹ ਵੱਖਰੇ ਦੇਸ਼ ਦੀ ਹੈ। ਕੋਈ ਵੀ ਪਾਰਟੀ ਜਾਂ ਸ਼ਖਸ ਜੋ ਖੁਦ ਨੂੰ 'ਧਰਮ ਨਿਰਪੱਖ' ਹੋਣ ਦਾ ਦਾਅਵਾ ਕਰਦਾ ਹੈ, ਤੇ ਫਿਰ ਜਿਸ ਦਾ ਸਬੰਧ ਇੱਕ ਧਰਮ ਦੇ ਰਾਜ ਦੀ ਕਾਇਮੀ ਦੇ ਟੀਚੇ ਵਾਲਿਆਂ ਨਾਲ ਹੈ, ਦਾ ਭੇਦ ਆਖਰ ਖੁੱਲ੍ਹਣਾ ਹੈ।

ਲੋਕਾਂ ਦੀਆਂ ਧਾਰਮਿਕ ਭਾਵਾਂ ਉੱਤੇ ਸਵਾਰ ਹੋ ਕੇ ਅਗਾਂਹ ਜਾਣ ਦੀ ਕੋਸ਼ਿਸ਼ ਕਰਨਾ ਸਭ ਤੋਂ ਸੁਖਾਲਾ ਰਾਹ ਹੈ, ਪਰ ਇਨ੍ਹਾਂ ਫੁਰਤੀਆਂ ਨਾਲ ਭਰੋਸਾ ਨਹੀਂ ਜਿੱਤਿਆ ਜਾ ਸਕਦਾ। ਸੂਬੇ ਦੇ ਲੀਡਰਾਂ ਨੂੰ ਕਿਸੇ ਦਿਨ ਇਹ ਅਹਿਸਾਸ ਜ਼ਰੂਰ ਹੋਵੇਗਾ ਕਿ ਉਨ੍ਹਾਂ ਦੇ ਬਦਲਦੇ ਪੈਂਤੜਿਆਂ ਨੇ ਕਿੰਨਾ ਨੁਕਸਾਨ ਕੀਤਾ ਹੈ।

# ਕੀ ਪਟੇਲ ਦੇ ਬੁੱਤ ਉੱਤੇ ਕਰੋੜਾਂ ਰੁਪਏ ਖਰਚ ਕਰਨੇ ਚਾਹੀਦੇ ਸਨ

-ਪੂਨਮ ਆਈ ਕੌਸ਼ਿਸ਼

ਭਾਰਤ ਵਿੱਚ ਚੱਲ ਰਹੀ ਸਿਆਸੀ ਡਰਾਮੇਬਾਜ਼ੀ ਦੌਰਾਨ ਪਿਛਲਾ ਹਫਤਾ ਆਪਾ-ਵਿਰੋਧੀ ਘਟਨਾਵਾਂ ਵਾਲਾ ਰਿਹਾ ਹੈ। ਇੱਕ ਪਾਸੇ ਨਰਿੰਦਰ ਮੋਦੀ ਦੀ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ ਲਈ ਵਿਰੋਧੀ ਧਿਰ ਦੇ ਮਹਾਗਠਜੋੜ ਦੀਆਂ ਵੱਡੀਆਂ-ਵੱਡੀਆਂ ਗੱਲਾਂ ਸੁਣਨ ਨੂੰ ਮਿਲੀਆਂ। ਦੂਜੇ ਪਾਸੇ ਲੋਕਾਂ ਨੂੰ ਰਾਸ਼ਟਰੀ ਤੇ ਅਧਿਆਤਮਕ ਕਦਰਾਂ-ਕੀਮਤਾਂ ਦੇ ਧੋਖੇ 'ਚ ਰੱਖਣ ਲਈ ਸਰਕਾਰ ਵੱਲੋਂ ਖਰਚੇ ਦਾ ਮਾਮਲਾ ਦੱਸਦਾ ਹੈ ਕਿ ਚੰਗੇ ਸ਼ਾਸਨ ਦੀਆਂ ਗੱਲਾਂ ਸਿਰਫ ਗੱਲਾਂ ਹਨ।

ਪਿਛਲੇ ਹਫਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਜ਼ਾਦ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਅਤੇ 562 ਰਿਆਸਤਾਂ ਨੂੰ ਭਾਰਤ 'ਚ ਮਿਲਾਉਣ ਵਾਲੇ ਸਰਦਾਰ ਭਾਈ ਪਟੇਲ ਦੇ 182 ਮੀਟਰ ਉਚੇ ਬੁੱਤ 'ਸਟੈਚੂ ਆਫ ਯੂਨਿਟੀ' ਦਾ ਉਦਘਾਟਨ ਕੀਤਾ। ਇਹ ਬੁੱਤ ਭਾਜਪਾ ਦੀ ਗੁਜਰਾਤ ਸਰਕਾਰ ਨੇ 350 ਕਰੋੜ ਰੁਪਏ ਦੀ ਲਾਗਤ ਨਾਲ ਬਣਵਾਇਆ ਹੈ, ਜੋ ਨਰਮਦਾ ਨਦੀ ਦੇ ਤੱਟ 'ਤੇ ਲਾਇਆ ਗਿਆ ਹੈ। ਇਸ ਨੂੰ ਦੁਨੀਆ ਦਾ ਸਭ ਤੋਂ ਉਚਾ ਬੁੱਤ ਕਿਹਾ ਜਾ ਰਿਹਾ ਹੈ, ਜੋ ਚੀਨ ਦੇ ਸਪ੍ਰਿੰਗ ਟੈਂਪਲ ਬੁੱਧਾ ਨਾਲੋਂ 23 ਮੀਟਰ ਉਚਾ ਅਤੇ ਅਮਰੀਕਾ ਦੇ 'ਸਟੈਚੂ ਆਫ ਲਿਬਰਟੀ' ਨਾਲੋਂ ਦੋ ਗੁਣਾਂ ਉਚਾ ਹੈ।

ਬਿਨਾਂ ਸ਼ੱਕ ਸਰਦਾਰ ਪਟੇਲ ਇੱਕ ਸੱਚੇ ਦੇਸ਼ਭਗਤ ਭਾਰਤੀ ਸਨ ਅਤੇ ਦੇਸ਼ ਦੀ ਏਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਜ਼ਿਕਰ ਯੋਗ ਹੈ। ਉਹ ਇਸ ਦੇਸ਼ ਦੀ ਭਵਿੱਖੀ ਪੀੜ੍ਹੀ ਲਈ ਪ੍ਰੇਰਨਾ ਦਾ ਸੋਮਾ ਹਨ ਤੇ ਉਨ੍ਹਾਂ ਨੂੰ ਉਚਿਤ ਸਨਮਾਨ ਮਿਲਣਾ ਚਾਹੀਦਾ ਹੈ, ਪਰ ਕੀ ਉਨ੍ਹਾਂ ਦੇ ਬੁੱਤ ਉੱਤੇ ਕਰੋੜਾਂ ਰੁਪਏ ਖਰਚ ਕਰਨੇ ਚਾਹੀਦੇ ਹਨ? ਸ਼ਾਇਦ ਉਹ ਖੁਦ ਇਸ ਵਿਚਾਰ ਨਾਲ ਸਹਿਮਤ ਨਾ ਹੁੰਦੇ। ਇਸ ਨਾਲ ਸਵਾਲ ਉਠਦਾ ਹੈ ਕਿ ਇਸ ਬੁੱਤ ਨਾਲ ਕਿਹੜਾ ਉਦੇਸ਼ ਸਿੱਧ ਹੋਵੇਗਾ?

ਕੀ ਇਸ ਪੈਸੇ ਦੀ ਵਰਤੋਂ ਗੁਜਰਾਤ 'ਚ ਗਰੀਬੀ ਦੀ ਰੇਖਾ ਤੋਂ ਹੇਠਾਂ ਵਾਲੇ 35 ਲੱਖ ਲੋਕਾਂ ਦੀ ਗਰੀਬੀ ਦੂਰ ਕਰਨ ਅਤੇ ਸੂਬੇ ਵਿੱਚ ਸਿਹਤ, ਸਿਖਿਆ, ਰਿਹਾਇਸ਼ ਦੀਆਂ ਬੁਨਿਆਦੀ ਸਹੂਲਤਾਂ ਵਿੱਚ ਸੁਧਾਰ ਵਾਸਤੇ ਨਹੀਂ ਕੀਤੀ ਜਾ ਸਕਦੀ ਸੀ? ਸਰਕਾਰ ਨੇ ਭਾਜਪਾ ਦਾ ਪੈਸਾ ਖਰਚ ਕਿਉਂ ਨਹੀਂ ਕੀਤਾ ਅਤੇ ਉਸ ਨੇ ਲੋਕਾਂ ਦੀਆਂ ਬੁਨਿਆਦੀ ਮੁਸ਼ਕਲਾਂ ਦੂਰ ਕਰਨ ਦਾ ਆਪਣਾ ਵਾਅਦਾ ਕਿਉਂ ਨਹੀਂ ਨਿਭਾਇਆ? ਇਸ ਤੋਂ ਪਹਿਲਾਂ ਭਾਜਪਾ ਨੇ ਬਸਪਾ ਪ੍ਰਧਾਨ ਮਾਇਆਵਤੀ ਉੱਤੇ ਯੂ ਪੀ ਵਿੱਚ ਬੁੱਤਾਂ ਉੱਤੇ ਕਰੋੜਾਂ ਰੁਪਏ ਖਰਚ ਕਰਨ ਲਈ ਸਖਤ ਆਲੋਚਨਾ ਕੀਤੀ ਸੀ। ਮਾਇਆਵਤੀ ਨੇ ਨੋਇਡਾ ਅਤੇ ਲਖਨਊ ਦੇ ਅੰਬੇਡਕਰ ਪਾਰਕਾਂ ਵਿੱਚ 1200 ਕਰੋੜ ਰੁਪਏ ਦੀ ਲਾਗਤ ਨਾਲ ਬੁੱਤ ਲਵਾਏ ਸਨ।

ਅੱਜ ਸਥਿਤੀ ਇਸ ਦੇ ਉਲਟ ਹੈ, ਪਰ ਸਿਰਫ ਮੋਦੀ ਨੂੰ ਦੋਸ਼ ਕਿਉਂ ਦੇਈਏ? ਬਾਕੀ ਵੀ ਉਨ੍ਹਾਂ ਨਾਲੋਂ ਵੱਖਰੇ ਨਹੀਂ। ਸਿਆਸਤਦਾਨ ਤੇ ਸਿਆਸੀ ਪਾਰਟੀਆਂ ਆਪਣਾ ਜਨ-ਆਧਾਰ ਵਧਾਉਣ ਲਈ ਬੁੱਤਾਂ ਦੀ ਸਥਾਪਨਾ ਕਰਦੇ ਹਨ ਅਤੇ ਇਹ ਬੁੱਤ ਖਾਸ ਤੌਰ 'ਤੇ ਅਜਿਹੀਆਂ ਥਾਵਾਂ 'ਤੇ ਲਾਏ ਜਾਂਦੇ ਹਨ, ਜਿੱਥੇ ਉਨ੍ਹਾਂ ਦਾ ਜਨ-ਆਧਾਰ ਕਮਜ਼ੋਰ ਹੁੰਦਾ ਹੈ। ਉਹ ਪੱਥਰ ਜਾਂ ਧਾਤੂ ਦੇ ਬਣੇ ਬੁੱਤਾਂ ਨੂੰ ਦੇਸ਼ ਦੇ ਹੋਰ ਕੋਨੇ 'ਚ ਲੁਆਉਣਾ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਦਾ ਜਨ-ਆਧਾਰ ਵਧੇ। ਇਸ ਦੇ ਲਈ ਉਹ ਸਿਆਸੀ ਮੁਕਾਬਲੇਬਾਜ਼ੀ ਦੇ ਮੈਦਾਨ ਵਿੱਚ ਉਤਰਨ ਨੂੰ ਤਿਆਰ ਹੁੰਦੇ ਹਨ। ਇਸ ਦਾ ਸਰੋਕਾਰ ਸਿਰਫ ਭਵਿੱਖੀ ਪੀੜ੍ਹੀ ਲਈ ਵਿਰਾਸਤ ਛੱਡਣਾ ਹੈ, ਨਹੀਂ ਤਾਂ ਉਨ੍ਹਾਂ ਨੂੰ ਕੌਣ ਯਾਦ ਕਰੇਗਾ?

ਕੀ ਅਜਿਹੀਆਂ ਯਾਦਗਾਰਾਂ ਅਹੁਦੇ ਨਾਲ ਜੁੜੀਆਂ ਹਰਕਤਾਂ ਤੇ ਲਾਭਾਂ ਦਾ ਹਿੱਸਾ ਨਹੀਂ? ਇਹ ਵਿਸ਼ਾਲ ਬੁੱਤ ਧਨ ਦੀ ਬਰਬਾਦੀ ਤੋਂ ਇਲਾਵਾ ਆਮ ਆਦਮੀ ਪ੍ਰਤੀ ਸਾਡੇ ਨੇਤਾਵਾਂ ਦੀ ਨਫਰਤ ਨੂੰ ਵੀ ਦਰਸਾਉਂਦੇ ਹਨ।

ਰਾਜ ਨੇਤਾਵਾਂ ਦੀ ਆਦਤ ਹਰ ਚੀਜ਼ ਦੀ ਵਰਤੋਂ-ਦੁਰਵਰਤੋਂ ਕਰਨ ਦੀ ਹੁੰਦੀ ਹੈ। ਉਹ ਸਾਡੇ ਆਜ਼ਾਦੀ ਅੰਦੋਲਨ ਦੀਆਂ ਮਹਾਨ ਹਸਤੀਆਂ ਨੂੰ ਵੀ ਬਾਜ਼ਾਰ ਦੀ ਚੀਜ਼ ਬਣਾਉਣ ਤੋਂ ਬਾਜ਼ ਨਹੀਂ ਆਉਂਦੇ ਅਤੇ ਇਸ ਤਰ੍ਹਾਂ ਆਪਣੀ ਸੱਤਾ ਤੇ ਗੱਦੀ ਦੀ ਲਾਲਸਾ



ਨੂੰ ਸ਼ਾਂਤ ਕਰਦੇ ਹਨ। ਬੁੱਤਾਂ ਦੀ ਇਹ ਮੁਕਾਬਲੇਬਾਜ਼ੀ ਜਾਰੀ ਹੈ।

ਸੰਨ 2016 ਵਿੱਚ ਮੋਦੀ ਨੇ ਮੁੰਬਈ ਨੇੜੇ ਅਰਬ ਸਾਗਰ ਵਿੱਚ ਸ਼ਿਵਾਜੀ ਮਹਾਰਾਜ ਦੇ ਵਿਸ਼ਾਲ ਬੁੱਤ ਦੀ ਸਥਾਪਨਾ ਦੀ ਨੀਂਹ ਰੱਖੀ ਸੀ। ਇਸ ਪ੍ਰੋਜੈਕਟ ਦੀ ਲਾਗਤ 3600 ਕਰੋੜ ਰੁਪਏ ਸੀ। ਸਪੱਸ਼ਟ ਹੈ ਕਿ ਇਸ ਦਾ ਉਦੇਸ਼ ਸ਼ਿਵਾਜੀ ਦਾ ਸਿਆਸੀ ਇਸਤੇਮਾਲ ਕਰਨਾ ਅਤੇ ਮਹਾਰਾਸ਼ਟਰ 'ਚ ਬਹੁਗਿਣਤੀ ਮਰਾਠਾ ਭਾਈਚਾਰੇ ਨੂੰ ਖੁਸ਼ ਕਰਨਾ ਸੀ, ਜੋ ਸ਼ਿਵਾਜੀ ਮਹਾਰਾਜ ਦੀ ਪੂਜਾ ਕਰਦਾ ਹੈ। ਇਸ ਦੇ ਲਈ ਰਾਜ ਨੇਤਾ ਇਸ ਗੱਲ ਦੀ ਪ੍ਰਵਾਹ ਨਹੀਂ ਕਰਦੇ ਕਿ ਇਸ ਬੁੱਤ ਦਾ ਬਜਟ ਮੁੰਬਈ ਦੇ ਸਕੂਲਾਂ ਤੇ ਸਿਹਤ ਦੀ ਦੇਖਭਾਲ ਸੰਬੰਧੀ ਬਜਟ ਨਾਲੋਂ ਵੀ ਜ਼ਿਆਦਾ ਹੈ।

ਇਹ ਯਾਦਗਾਰਾਂ ਸ਼ਰੇਆਮ ਸਿਆਸੀ ਪ੍ਰੋਜੈਕਟ ਹਨ ਅਤੇ ਕੋਈ ਵੀ ਸਿਆਸੀ ਪਾਰਟੀ ਇਸ ਦਾ ਬਚੀ ਨਹੀਂ। ਅੱਜ ਜਿੱਥੇ ਕਾਂਗਰਸ ਇਨ੍ਹਾਂ ਯਾਦਗਾਰਾਂ ਦੀ ਉਸਾਰੀ ਲਈ ਭਾਜਪਾ ਦੀ ਆਲੋਚਨਾ ਕਰਦੀ ਹੈ, ਉਥੇ ਖੁਦ ਭੁੱਲ ਜਾਂਦੀ ਹੈ ਕਿ ਉਸ ਨੇ ਦੇਸ਼ ਦੇ ਲਗਭਗ ਹਰ ਹਵਾਈ ਅੱਡੇ, ਜ਼ਿਆਦਾਤਰ ਸੰਵਿਧਾਨਕ ਅਦਾਰਿਆਂ, ਸਭਿਆਚਾਰਕ ਕੇਂਦਰਾਂ ਦੇ ਨਾਂ ਨਹਿਰੂ-ਗਾਂਧੀ ਪਰਵਾਰ ਦੇ ਨਾਂਅ 'ਤੇ ਰੱਖੇ ਹਨ। ਇਸ ਤੋਂ ਇਲਾਵਾ ਅੱਜ ਦੇਸ਼ ਦੀ ਹਰ ਸੜਕ, ਗਲੀ-ਮੁਹੱਲੇ ਦਾ ਨਾਂਅ ਬਦਲਿਆ ਜਾ ਰਿਹਾ ਹੈ। ਅਜਿਹਾ ਕਰਦਿਆਂ ਇਸ ਤੱਥ ਨੂੰ ਧਿਆਨ 'ਚ ਨਹੀਂ ਰੱਖਿਆ ਜਾਂਦਾ ਕਿ ਇਨ੍ਹਾਂ ਨੂੰ ਕਿਸ ਨੇ ਬਣਾਇਆ ਸੀ।

ਇਹੋ ਹਾਲ ਭਾਜਪਾ ਦਾ ਹੈ। ਇਸ ਨੇ ਪਿਛਲੇ ਸਾਲ ਜਨਸੰਘ ਨੇਤਾ ਦੀਨਦਿਆਲ ਉਪਾਧਿਆਏ ਦੀ ਜਨਮ ਸ਼ਤਾਬਦੀ ਮਨਾਉਣ ਵੇਲੇ ਆਗਰਾ ਵਹਾਈ ਅੱਡੇ ਦਾ ਨਾਂਅ ਬਦਲ ਕੇ ਦੀਨਦਿਆਲ ਉਪਾਧਿਆਏ ਦੇ ਨਾਂਅ 'ਤੇ ਰੱਖਿਆ ਤੇ ਓਸੇ ਨਾਂਅ 'ਤੇ ਦਿਹਾਤੀ ਨੌਜਵਾਨਾਂ ਨੂੰ ਹੁਨਰ ਸਿਖਲਾਈ ਦੇਣ ਲਈ 'ਦੀਨਦਿਆਲ ਹੁਨਰ ਵਿਕਾਸ ਯੋਜਨਾ' ਸ਼ੁਰੂ ਕੀਤੀ ਕਰ ਕੇ ਦੇਸ਼ 'ਚ ਉਨ੍ਹਾਂ ਦੇ ਬੁੱਤਾਂ ਦੀ ਸਥਾਪਨਾ ਕੀਤੀ ਗਈ, ਜਿਸ ਲਈ ਕੇਂਦਰੀ ਬਜਟ 'ਚੋਂ 1000 ਕਰੋੜ ਰੁਪਏ ਅਲਾਟ ਕੀਤੇ ਗਏ।

ਯਾਦਗਾਰਾਂ ਦੀ ਇਸ ਮੁਕਾਬਲੇਬਾਜ਼ੀ ਵਿੱਚ ਡੀ ਐੱਮ ਕੇ ਪਾਰਟੀ ਵੀ ਸ਼ਾਮਲ ਹੈ। ਇਸ ਪੱਖ ਤੋਂ ਤਾਮਿਲ ਨਾਡੂ ਇੱਕ ਤਰ੍ਹਾਂ ਬਦਨਾਮ ਹੈ। ਇਸ ਸੂਬੇ 'ਚ ਕਾਂਗਰਸੀ ਨੇਤਾ ਕਾਮਰਾਜ ਨੇ 1961 ਵਿੱਚ ਆਪਣੇ ਬੁੱਤ ਲਗਵਾਇਆ ਤੇ ਨਹਿਰੂ ਤੋਂ ਉਸ ਦਾ ਉਦਘਾਟਨ ਕਰਵਾਇਆ ਸੀ, ਕਿਉਂਕਿ ਉਦੋਂ ਸੂਬੇ ਦੀ ਸਿਆਸਤ 'ਚ ਡੀ ਐਮ ਕੇ ਉਭਰ ਰਹੀ ਸੀ, ਇਸ ਲਈ ਪਾਰਟੀ ਨੇ ਆਪਣੇ ਸਿਆਸੀ ਪ੍ਰਚਾਰ ਦੇ ਸਾਧਨ ਵਜੋਂ ਵੱਖ-ਵੱਖ ਸ਼ਹਿਰਾਂ 'ਚ ਯਾਦਗਾਰਾਂ ਦਾ ਨਿਰਮਾਣ ਕਰਵਾਇਆ।

1967 ਵਿੱਚ ਜਦੋਂ ਡੀ ਐੱਮ ਕੇ ਸੱਤਾ ਵਿੱਚ ਆਈ ਤਾਂ ਉਸ ਨੇ ਵੀ ਉਸੇ ਸੜਕ 'ਤੇ ਆਪਣੇ ਨੇਤਾਵਾਂ ਦੇ ਬੁੱਤਾਂ ਦੀ ਸਥਾਪਨਾ ਕੀਤੀ, ਜਿਸ 'ਤੇ ਕਾਮਰਾਜ ਦਾ ਬੁੱਤ ਲੱਗਾ ਹੋਇਆ ਸੀ। ਇਹੋ ਨਹੀਂ, ਜਿਸ ਥਾਂ 'ਤੇ ਨਹਿਰੂ, ਸ਼ਾਸਤਰੀ, ਇੰਦਰਾ ਗਾਂਧੀ ਆਦਿ ਰਹਿ ਰਹੇ ਸਨ, ਉਨ੍ਹਾਂ ਸਾਰੀਆਂ ਥਾਵਾਂ ਨੂੰ 'ਯਾਦਗਾਰ' ਬਣਾ ਦਿੱਤਾ ਗਿਆ।

ਇਹ ਸੱਚ ਹੈ ਕਿ ਚੋਣਾਂ ਦੀ ਦੌੜ 'ਚ ਸਿਆਸੀ ਪਾਰਟੀਆ ਇੱਕ-ਦੂਜੀ ਤੋਂ ਅੱਗੇ ਹੋਣਾ ਚਾਹੁੰਦੀਆਂ ਹਨ। ਇਸ ਲਈ ਉਨ੍ਹਾਂ ਤੋਂ ਵੋਟਰਾਂ ਨੂੰ ਲੁਭਾਉਣ ਲਈ ਅਜਿਹੇ ਸੰਕੇਤਕ ਯਤਨ ਕਰਨ ਤੇ ਸਿਆਸੀ ਲਾਲੀਪਾਪ ਵੰਡਣ ਦੀ ਉਮੀਦ ਨਾ ਕਰਨਾ ਬੇਵਕੂਫੀ ਹੋਵੇਗੀ। ਇਹ ਦੱਸਦਾ ਹੈ ਕਿ ਸਾਡੇ ਦੇਸ਼ ਦੀ ਸਿਆਸਤ 'ਚ ਕੀ ਕਮੀਆਂ ਆ ਗਈਆਂ ਹਨ। ਇਥੇ ਸਮੱਸਿਆ ਗਰੀਬੀ ਨਹੀਂ, ਜਿਸ ਦਾ ਖਾਤਮਾ ਕੀਤਾ ਜਾ ਸਕਦਾ ਹੈ, ਸਾਡੇ ਨੇਤਾਵਾਂ ਦੀ ਬੇਰਹਿਮੀ ਹੈ, ਜਿਨ੍ਹਾਂ 'ਚ ਨਾ ਸਿਰਫ ਨਿਮਰਤਾ ਦੀ ਘਾਟ ਹੈ, ਸਗੋਂ ਉਨ੍ਹਾਂ ਨੂੰ ਗਰੀਬਾਂ ਪ੍ਰਤੀ ਹਮਦਰਦੀ ਵੀ ਨਹੀਂ। ਇਹ ਉਨ੍ਹਾਂ ਦੀ ਵਿਵੇਕਹੀਣਤਾ, ਨੈਤਿਕ ਦੀਵਾਲੀਏਪਨ ਅਤੇ ਹਕੀਕਤ ਤੋਂ ਅਣਜਾਣਪੁਣੇ ਨੂੰ ਵੀ ਦਰਸਾਉਂਦਾ ਹੈ। ਇਸ ਖੇਡ 'ਚ ਸਿਹਤਮੰਦ ਆਰਥਿਕ ਵਿਚਾਰਾਂ ਨੂੰ ਸਿਆਸਤ ਦੀ ਬਲੀ ਚਾੜ੍ਹ ਦਿੱਤਾ ਗਿਆ ਕਿਉਂਕਿ ਹਰਮਨ ਪਿਆਰੀਆਂ ਯੋਜਨਾਵਾਂ ਤੇ ਯਾਦਗਾਰਾਂ ਨਾਲ ਬਿਹਤਰ ਸਿਆਸੀ ਨਤੀਜੇ ਮਿਲਦੇ ਹਨ। ਆਰਥਿਕ ਨਜ਼ਰੀਏ ਤੋਂ ਦੇਖੀਏ ਤਾਂ ਕੋਈ ਵੀ ਚੀਜ਼ ਮੁਫਤ ਨਹੀਂ ਮਿਲਦੀ। ਕਿਸੇ ਵੀ ਹਰਮਨ ਪਿਆਰੀ ਯੋਜਨਾ ਦਾ ਵਿੱਤ ਪੋਸ਼ਣ ਜਾਂ ਤਾਂ ਉਚ ਟੈਕਸਾਂ ਜ਼ਰੀਏ ਕੀਤਾ ਜਾਂਦਾ ਹੈ ਜਾਂ ਕੀਮਤਾਂ ਵਧਾ ਕੇ।

ਦੇਸ਼ ਵਿੱਚ ਅੱਜ ਅਜਿਹੀ ਕੋਈ ਏਜੰਸੀ ਨਹੀਂ, ਜੋ ਲੋਕਾਂ ਦੇ ਪੈਸੇ ਦੀ ਬਰਬਾਦੀ 'ਤੇ ਰੋਕ ਲਾ ਸਕੇ। ਇਸ ਸੰਬੰਧ ਵਿੱਚ ਵੱਖ-ਵੱਖ ਕਮੇਟੀਆਂ ਨੇ ਆਪਣੇ ਵਿਚਾਰ ਪ੍ਰਗਟਾਏ ਹਨ,ਪਰ ਸਾਡੇ ਰਾਜਨੇਤਾਵਾਂ ਦੀ ਬੇਈਮਾਨੀ, ਹਰਮਨਪਿਆਰਤਾ ਦੀ ਭੁੱਖ ਅਤੇ ਗੈਰ-ਜ਼ਿੰਮੇਵਾਰੀ ਨੂੰ ਦੇਖਦਿਆਂ ਕਹਿ ਸਕਦੇ ਹਾਂ ਕਿ ਉਹ ਖੁਦ ਨੂੰ 'ਅੰਨਦਾਤਾ' ਸਮਝਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੀਆਂ ਸੁਲਝੀਆਂ ਹੋਈਆਂ ਗੱਲਾਂ ਨਹੀਂ ਸੁਣਨੀਆਂ ਚਾਹੁੰਦੇ।

ਸਮਾਂ ਆ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਗੱਲ ਨੂੰ ਸਮਝਣ ਕਿ ਅਜਿਹੀਆਂ ਯੋਜਨਾਵਾ ਨਾਲ ਭਵਿੱਖ ਦੀ ਕੀਮਤ 'ਤੇ ਸਿਰਫ ਫੌਰੀ ਲਾਭ ਮਿਲਦਾ ਹੈ। ਅਜਿਹੇ ਟਾਇਲੇਟ ਬਣਾਉਣ ਦਾ ਕੀ ਲਾਭ, ਜਦੋਂ ਉਨ੍ਹਾਂ ਵਿੱਚ ਪਾਣੀ ਹੀ ਨਾ ਹੋਵੇ? ਮੋਦੀ ਨੂੰ ਇੱਕ ਵੱਡਾ ਨਜ਼ਰੀਆ ਅਪਣਾਉਣਾ ਪਵੇਗਾ, ਜਿੱਥੇ ਸਰਕਾਰ ਦੀ ਊਰਜਾ ਦੀ ਵਰਤੋਂ ਸਾਰਿਆਂ ਦੇ ਵਿਕਾਸ ਤੇ ਗਰੀਬੀ ਦੇ ਖਾਤਮੇ ਲਈ ਕੀਤੀ ਜਾਵੇ। ਗਰੀਬੀ ਦੀ ਰੇਖਾ ਤੋਂ ਹੇਠਾ ਰਹਿਣ ਵਾਲੇ ਲੋਕਾਂ ਨੂੰ ਉਪਰ ਚੁੱਕਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਮੋਦੀ ਨੂੰ ਸਮਝਣਾ ਪਵੇਗਾ ਕਿ ਜੇ ਬੁੱਤ ਵਗੈਰਾ ਲਾਉਣ ਦੀ ਖੇਡ ਜਾਰੀ ਰਹੀ ਤਾਂ ਲੋਕ ਰਾਜ ਨੇਤਾਵਾਂ ਤੇ ਸ਼ਾਸਨ ਪ੍ਰਣਾਲੀ 'ਚ ਭਰੋਸਾ ਗੁਆ ਬੈਠਣਗੇ। ਇੱਕ ਲੋਕਤੰਤਰਿਕ ਪ੍ਰਣਾਲੀ ਵਿੱਚ ਲੋਕਾਂ ਪ੍ਰਤੀ ਜੁਆਬਦੇਹੀ ਲਾਜ਼ਮੀ ਹੈ। ਕੋਈ ਵੀ ਲੋਕਤੰਤਰ ਸਰਕਾਰੀ ਪੈਸੇ ਦੀ ਵਰਤੋਂ ਨਿੱਜੀ ਕੰਮਾਂ ਲਈ ਕਰਨ ਦੀ ਇਜਾਜ਼ਤ ਨਹੀਂ ਦਿੰਦਾ।

## ਹਲਕਾ ਫੁਲਕਾ

ਮੁੰਡਾ ਮੋਬਾਈਲ ਫੋਨ 'ਤੇ ਗੱਲ ਕਰਦਾ ਹੋਇਆ ਬੋਲਿਆ, "ਤੂੰ ਬਹੁਤ ਸੋਹਣੀ ਏਂ।"
ਕੁੜੀ, "ਓਹ ਜਾਨ।"
ਮੁੰਡਾ, "ਤੂੰ ਤਾਂ ਪਰੀਆਂ ਵਰਗੀ ਏਂ।"
ਕੁੜੀ, "ਸੱਚਮੁੱਚ?"
ਮੁੰਡਾ, "ਹਾਂ।"
ਕੁੜੀ, "ਹੋਰ ਸੁਣਾਓ, ਕੀ ਕਰ ਰਹੇ ਹੋ ਇਸ ਵੇਲੇ?"
ਮੁੰਡਾ, "ਮਜ਼ਾਕ।"

*********

ਪਤਨੀ (ਪਤੀ ਨੂੰ), "ਦੇਖੋ, ਮੈਂ ਇਹ ਪਿਛਲੇ ਸਾਲ ਸਾਲ ਤੋਂ ਲਗਾਤਾਰ ਪਾ ਰਹੀ ਹਾਂ, ਫਿਰ ਵੀ ਇਸ ਦੀ ਫਿਟਿੰਗ ਪਹਿਲਾਂ ਵਰਗੀ ਹੈ ਹੈ ਅਤੇ ਤੁਸੀਂ ਮੈਨੂੰ ਮੋਟੀ ਕਹਿੰਦੇ ਹੋ।"
ਪਤੀ, "ਰੱਬ ਤੋਂ ਡਰ, ਇਹ ਕੁੜਤਾ ਜਾਂ ਕਮੀਜ਼ ਨਹੀਂ, ਸ਼ਾਲ ਹੈ।"

## ਮਿੰਨੀ ਕਹਾਣੀ

## ਕੌੜਾ ਸੱਚ

-ਗੁਰਤੇਜ ਸਿੰਘ

'ਕੀ ਕਰਾਂ ਭੈਣੇ ਬੜੀ ਔਖੀ ਹਾਂ, ਮੇਰੇ ਦੋਵੇਂ ਪੁੱਤ ਮੈਨੂੰ ਮੂੰਹ ਨਹੀਂ ਲਾਉਂਦੇ ਤੇ ਸਬੱਬੀ ਗੇੜਾ ਮਾਰਦੀਆਂ ਤਿੰਨਾਂ ਭੈਣਾਂ ਨੂੰ ਵੀ ਨਹੀਂ ਬੁਲਾਉਂਦੇ। ਅੱਖ ਬਣਵਾਈ (ਅਪ੍ਰੇਸ਼ਨ) ਕਾਰਨ ਮੇਰੇ ਤੋਂ ਚੁੱਲ੍ਹੇ 'ਤੇ ਰੋਟੀ ਵੀ ਨਹੀਂ ਬਣਦੀ, ਕੋਈ ਮੇਰੀ ਬਾਤ ਨਹੀਂ ਪੁੱਛਦਾ।' ਤਾਈ ਕਰਤਾਰੋ ਸਵੇਰੇ-ਸਵੇਰੇ ਮੇਰੀ ਮਾਂ ਕੋਲ ਆਪਣਾ ਢਿੱਡ ਹੌਲਾ ਕਰ ਰਹੀ ਸੀ। ਕਾਫੀ ਦੇਰ ਤੱਕ ਉਹ ਆਪਣੇ ਨੂੰਹ ਪੁੱਤਾਂ ਅਤੇ ਸ਼ਰੀਕੇ ਨੂੰ ਭੰਡਦੀ ਰਹੀ ਕਿ ਕੋਈ ਬੱਤੀ ਨਹੀਂ ਵਾਹੁੰਦਾ। ਜਦੋਂ ਤਾਈ ਕਰਤਾਰੋ ਚਲੀ ਗਈ ਤਾਂ ਮੈਂ ਕਿਹਾ, 'ਮਾਂ! ਤਾਈ ਸੱਚਮੁਚ ਬੜੀ ਔਖੀ ਹੈ, ਲਾਹਨਤ ਹੈ ਅਜਿਹੀ ਔਲਾਦ 'ਤੇ।'

ਇਹ ਸ਼ਬਦ ਅਜੇ ਮੇਰੇ ਮੂੰਹ ਵਿੱਚ ਸਨ ਮੇਰੀ ਮਾਂ ਨੇ ਕਿਹਾ, 'ਪੁੱਤ! ਇਸ ਦੀਆਂ ਨੂੰਹਾਂ ਇਸ ਨੂੰ ਦੇਖ ਕੇ ਹੀ ਇਸ ਨਾਲ ਅਜਿਹਾ ਵਰਤਾਉ ਕਰਦੀਆਂ ਹਨ। ਪਹਿਲਾਂ ਇਹ ਵੀ ਆਪਣੇ ਸੱਸ ਸਹੁਰੇ ਤੇ ਨਣਦਾਂ ਨਾਲ ਇੰਜ ਵਿਹਾਰ ਕਰਦੀ ਰਹੀ ਹੈ। 'ਜੈਸੀ ਕਰਨੀ ਵੈਸੀ ਭਰਨੀ' ਜ਼ਿੰਦਗੀ ਦੀ ਇਸ ਸੱਚਾਈ ਤੋਂ ਇਹ ਸਦਾ ਮੁਨਕਰ ਹੁੰਦੀ ਰਹੀ ਤੇ ਆਖਰ ਉਹੀ ਕੁਝ ਅੱਜ ਇਸ ਦੇ ਸਾਹਮਣੇ ਹੈ।'

ਜ਼ਿੰਦਗੀ ਅਤੇ ਤਾਈ ਕਰਤਾਰੋ ਦੇ ਕੌੜੇ ਸੱਚ ਨੂੰ ਮੇਰੀ ਮਾਂ ਨੇ ਇਕੋ ਸਾਹੇ ਬਿਆਨ ਦਿੱਤਾ ਸੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
Visitor Visa ($200)
Supervisa ($200)
Study, Work, Visitor Extension ($125)
Spousal Applications ($600)
Family Sponsorship
Permanent Residence Card Renewal ($65)
Citizenship Applications ($70)
All Invitation letters ($35)
OTHER PRACTICES:
Criminal Law
Power of Attorney ($60)
Change of Name ($115)
Notarization ($15)
Travel Consent ($20)
Affidavit ($35)
Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
Low Down payment/Flexible Terms
Large Inventory of New Trucks & Trailers
Quick Approvals
Honest Service
Best Rate in Town
Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep
SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।



# ਅਦਾਲਤ ਦੇ ਹੁਕਮਾਂ ਅਨੁਸਾਰ ਪਤਨੀ ਤੇ ਬੱਚਿਆਂ ਦਾ ਗੁਜ਼ਾਰਾ ਚਲਾਉਣਾ ਪਤੀ ਦੀ ਜ਼ਿੰਮੇਵਾਰੀ

ਚੰਡੀਗੜ੍ਹ, 8 ਨਵੰਬਰ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਗੁਜ਼ਾਰੇ ਭੱਤੇ ਦੇ ਕੇਸ ਦੀ ਸੁਣਵਾਈ ਮੌਕੇ ਜੱਜ ਨੇ ਕਿਹਾ ਕਿ ਪਤਨੀ ਤੇ ਬੱਚਿਆਂ ਦੇ ਜ਼ਿੰਦਗੀ ਜਿਉਣ ਦੇ ਖਰਚੇ ਦਾ ਬੰਦੋਬਸਤ ਪਤੀ ਦੀ ਅੱਵਲ ਜ਼ਿੰਮੇਵਾਰੀ ਹੈ ਤੇ ਇਸ ਲਈ ਭਾਵੇਂ ਉਸ ਨੂੰ ਭੀਖ ਮੰਗਣੀ ਪਵੇ ਜਾਂ ਫਿਰ ਚੋਰੀ ਕਰਨੀ ਪਵੇ, ਖਰਚਾ ਦੇਣਾ ਪਵੇਗਾ।





ਇਕ ਵਿਅਕਤੀ ਨੇ 17 ਅਪ੍ਰੈਲ 2015 ਨੂੰ ਭਿਵਾਨੀ ਦੇ ਜ਼ਿਲਾ ਜੱਜ (ਪਰਵਾਰਕ ਅਦਾਲਤ) ਦੇ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿੱਚ ਅਦਾਲਤ ਨੇ ਉਸ ਦੀ ਆਪਣੀ ਪਤਨੀ ਨੂੰ 91000 ਰੁਪਏ ਦਾ ਬਕਾਇਆ ਗੁਜ਼ਾਰਾ ਭੱਤਾ ਨਾ ਦੇਣ ਬਦਲੇ 12 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਸੀ। ਉਸ ਦੀ ਪਤਨੀ ਦੇ ਵਕੀਲ ਤੇ ਹੋਰ ਧਿਰਾਂ ਦੇ ਪੱਖ ਸੁਣਨ ਤੋਂ ਬਾਅਦ ਹਾਈ ਕੋਰਟ ਦੇ ਜਸਟਿਸ ਐਚ ਐਸ ਮਦਾਨ ਨੇ ਹੇਠਲੀ ਅਦਾਲਤ ਦਾ ਫੈਸਲ ਸਹੀ ਮੰਨ ਕੇ ਕਿਹਾ ਕਿ 45 ਮਹੀਨਿਆਂ ਦਾ ਗੁਜ਼ਾਰਾ ਭੱਤਾ ਨਾ ਦੇਣ ਉੱਤੇ ਕਿਸੇ ਬੰਦੇ ਨੂੰ ਕੈਦ ਦੀ ਸਜ਼ਾ ਕਾਨੂੰਨ ਦਾ ਪਾਲਣ ਹੈ, ਪਰ ਇਸ ਨਾਲ ਉਸ ਦੀ ਦੇਣਦਾਰੀ ਖਤਮ ਨਹੀਂ ਹੋ ਜਾਂਦੀ। ਉਸ ਨੂੰ ਜੇਲ੍ਹ ਭੇਜਣ ਦਾ ਮਕਸਦ ਇਹੀ ਸੀ ਕਿ ਉਹ ਅਦਾਇਗੀ ਲਈ ਤਿਆਰ ਹੋਵੇ। ਉਸ ਦੀ ਪਤਨੀ ਅਤੇ ਬੱਚਿਆਂ ਦੀਆਂ ਜ਼ਰੂਰੀ ਆਰਥਿਕ ਲੋੜਾਂ ਪੂਰੀਆਂ ਕਰਨ ਲਈ ਗੁਜ਼ਾਰਾ ਭੱਤਾ ਆਧਾਰ ਹੈ। ਇਸ ਤਰ੍ਹਾਂ ਨਜ਼ਰ ਅੰਦਾਜ਼ ਕੀਤੀ ਪਤਨੀ ਤੇ ਉਨ੍ਹਾਂ ਦੇ ਬੱਚੇ ਲੰਮਾ ਸਮਾਂ ਜ਼ਿੰਦਾ ਨਹੀਂ ਰਹਿ ਸਕਦੇ। ਜੱਜ ਨੇ ਮੁੜ ਵਿਚਾਰ ਅਰਜ਼ੀ ਰੱਦ ਕਰਦੇ ਹੋਏ ਕਿਹਾ ਕਿ ਆਸ਼ਰਿਤਾਂ ਦੀ ਤਸੱਲੀ ਤਦ ਹੋਵੇਗੀ ਜਦੋਂ ਅਦਾਇਗੀ ਕੀਤੀ ਜਾਵੇ।

## ਦੋ ਕਰੋੜ ਰੁਪਏ ਦੇ ਘਪਲੇ ਦੇ ਦੋਸ਼ ਹੇਠ ਕੋਆਪਰੇਟਿਵ ਸੋਸਾਈਟੀ ਦੇ ਸੈਕਟਰੀ ਉੱਤੇ ਕੇਸ ਦਰਜ

ਭੋਗਪੁਰ, 8 ਨਵੰਬਰ (ਪੋਸਟ ਬਿਊਰੋ)- ਥਾਣਾ ਭੋਗਪੁਰ ਦੇ ਪਿੰਡ ਪਚਰੰਗਾ 'ਚ ਕੋਆਪਰੇਟਿਵ ਸੋਸਾਈਟੀ ਦੇ ਸੈਕਟਰੀ ਵੱਲੋਂ ਕੀਤੇ ਦੋ ਕਰੋੜ ਰੁਪਏ ਦੇ ਘਪਲੇ ਦੇ ਦੋਸ਼ ਵਿੱਚ ਭੋਗਪੁਰ ਪੁਲਸ ਨੇ ਕੋਆਪਰੇ-ਟਿਵ ਇੰਸਪੈਕਟਰ ਨਰਿੰਦਰ ਨਾਥ ਦੇ ਬਿਆਨਾਂ ਉੱਤੇ ਦੋਸ਼ੀ ਸੈਕਟਰੀ ਤਰਲੋਚਨ ਸਿੰਘ ਦੇ ਖਿਲਾਫ ਧੋਖਾਦੇਹੀ ਦਾ ਕੇਸ ਦਰਜ ਕਰ ਲਿਆ ਹੈ।

ਕੋਆਪਰੇਟਿਵ ਇੰਸਪੈਕਟਰ ਨਰਿੰਦਰ ਨਾਥ ਨੇ ਐੱਸ ਐੱਸ ਪੀ ਜਲੰਧਰ ਨੂੰ ਸ਼ਿਕਾਇਤ ਦੇ ਕੇ ਉਸ ਨੇ ਸੋਸਾਈਟੀ ਵਿੱਚ ਹੋਏ ਘਪਲੇ ਦੀ ਜਾਂਚ ਪਿੱਛੋਂ ਬਿਆਨ ਦਿੱਤਾ ਸੀ ਕਿ ਸੋਸਾਈਟੀ ਦਾ ਸੈਕਟਰੀ ਪਛਲੇ ਲੰਬੇ ਸਮੇਂ ਤੋਂ ਗੈਰ-ਹਾਜ਼ਰ ਚੱਲ ਰਿਹਾ ਹੈ, ਜਿਸ ਕਾਰਨ ਉਸ ਨੂੰ 14 ਸਤੰਬਰ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ। ਸਭਾ ਦੇ ਖਾਤਿਆਂ ਦੀ ਜਾਂਚ ਅਤੇ ਇਸ ਘਪਲੇ ਦਾ ਸ਼ਿਕਾਰ ਹੋਏ ਲੋਕਾਂ ਦੇ ਬਿਆਨ ਲੈਣ ਪਿੱਛੋਂ ਪਤਾ ਲੱਗਾ ਹੈ ਕਿ ਸੋਸਾਈਟੀ ਦੇ ਸੈਕਟਰੀ ਨੇ ਸੇਵਿੰਗ ਵਿੱਚ



ਆਈਆਂ ਮੈਂਬਰਾਂ ਦੀਆਂ ਰਕਮਾਂ ਚਾਰ ਲੱਖ ਰੁਪਏ ਦੇ ਕਰੀਬ, ਸੇਵਿੰਗ ਗੈਰ ਮੈਂਬਰਾਂ ਦੀਆਂ ਇੱਕ ਲੱਖ 32 ਹਜ਼ਾਰ ਅਤੇ ਸੋਸਾਈਟੀ ਦੇ ਮੈਂਬਰਾਂ ਤੋਂ 15 ਲੱਖ ਰੁਪਏ ਵਸੂਲੀ ਕਰ ਕੇ ਕੁੱਲ 20 ਲੱਖ ਰੁਪਏ ਦੀ ਰਕਮ ਨਾ ਸੋਸਾਈਟੀ ਦੀ ਕੈਸ਼ ਬੁੱਕ ਵਿੱਚ ਦਰਜ ਕੀਤੀ ਅਤੇ ਨਾ ਕੋਆਪਰੇਟਿਵ ਬੈਂਕ ਕੰਧਾਲਾ ਗੁਰੂ ਵਿੱਚ ਜਮ੍ਹਾ ਕਰਵਾਈ ਹੈ। ਇਸ ਦੇ ਨਾਲ ਸੋਸਾਈਟੀ ਵਿੱਚ 20 ਲੱਖ ਰੁਪਏ ਦੇ ਕਰੀਬ ਖਾਦ ਦਾ ਸਟਾਕ ਸੀ, ਜੋ ਰਿਕਾਰਡ ਵਿੱਚ ਹੈ, ਪਰ ਗੋਦਾਮ ਵਿੱਚੋਂ ਗਾਇਬ ਹੈ ਤੇ ਉਹ ਸੈਕਟਰੀ ਨੇ ਖੁਰਦ-ਬੁਰਦ ਕਰ ਲਿਆ ਹੈ। ਵਿਭਾਗ ਵੱਲੋਂ ਕੀਤੀ ਜਾਂਚ ਅਨੁਸਾਰ ਸੋਸਾਈਟੀ ਦੇ ਮੈਂਬਰਾਂ ਵੱਲੋਂ ਐੱਫ ਡੀਜ਼ ਦੇ ਸੱਤਰ ਲੱਖ ਦੇ ਕਰੀਬ ਰੁਪਏ ਜਮ੍ਹਾ ਕਰਵਾਏ ਗਏ ਅਤੇ ਗੈਰ ਮੈਂਬਰਾਂ ਵੱਲੋਂ ਐਫ ਡੀਜ਼ ਵਿੱਚ 60 ਲੱਖ ਰੁਪਏ ਦੇ ਕਰੀਬ ਰਕਮਾਂ ਜਮ੍ਹਾ ਕਰਵਾਈਆਂ ਗਈਆਂ ਸਨ। ਸੋਸਾਈਟੀ ਦੇ ਮੈਂਬਰਾਂ ਅਤੇ ਗੈਰ-ਮੈਂਬਰਾਂ ਨੇ ਸਭਾ ਦੇ ਬੱਚਤ ਖਾਤਿਆਂ ਵਿੱਚ ਵੀ ਲੱਖਾਂ ਰੁਪਏ ਜਮ੍ਹਾ ਕਰਵਾਏ ਸਨ, ਜਿਨ੍ਹਾਂ ਦਾ ਸੈਕਟਰੀ ਨੇ ਘਪਲਾ ਕਰ ਲਿਆ ਹੈ। ਇਹੀ ਨਹੀਂ, ਸੈਕਟਰੀ ਨੇ ਲੋਕਾਂ ਕੋਲੋਂ ਕਰਜ਼ਾ ਵਸੂਲ ਕਰ ਕੇ ਰਸੀਦਾਂ ਦੇ ਦਿੱਤੀਆਂ, ਪਰ ਰਿਕਾਰਡ ਅਤੇ ਸੋਸਾਈਟੀ ਵਿੱਚ ਜਮ੍ਹਾ ਨਾ ਕਰਵਾ ਕੇ ਦੋ ਕਰੋੜ ਰੁਪਏ ਦੇ ਕਰੀਬ ਰਕਮਾਂ ਦਾ ਘਪਲਾ ਕਰ ਲਿਆ ਹੈ। ਜਾਂਚ ਵਿੱਚ ਇਹ ਇੱਕ ਕਰੋੜ ਸੱਤਰ ਲੱਖ ਰੁਪਏ ਦਾ ਘਪਲਾ ਨਿਕਲਦਾ ਹੈ।

ਐੱਸ ਐੱਸ ਪੀ ਜਲੰਧਰ ਦਿਹਾਤੀ ਦੇ ਹੁਕਮਾਂ ਉੱਤੇ ਥਾਣਾ ਭੋਗਪੁਰ ਵਿੱਚ ਤਰਲੋਚਨ ਸਿੰਘ ਪੁੱਤਰ ਬੇਲੀ ਰਾਮ ਪਿੰਡ ਸਿੰਘਪੁਰ ਥਾਣਾ ਭੋਗਪੁਰ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

## ਬੀ ਐੱਸ ਐੱਫ ਨੇ ਇੱਕ ਸਾਲ ਵਿੱਚ 23 ਪਾਕਿਸਤਾਨੀ ਸਿਮ ਅਤੇ ਸੱਤ ਮੋਬਾਈਲ ਫੜੇ

ਫਿਰੋਜ਼ਪੁਰ, 8 ਨਵੰਬਰ (ਪੋਸਟ ਬਿਊਰੋ)- ਬਾਰਡਰ ਸਕਿਓਰਟੀ ਫੋਰਸ (ਬੀ ਐੱਸ ਐੱਫ) ਨੇ ਆਈ ਐੱਸ ਆਈ ਏਜੰਟ ਬਣੇ ਆਪਣੇ ਇੱਕ ਜਵਾਨ ਨੂੰ ਭਾਰਤੀ ਫੌਜ ਦੀਆਂ ਅਹਿਮ ਜਾਣਕਾਰੀਆਂ ਹਾਸਲ ਕਰਨ ਦੇ ਦੋਸ਼ ਵਿੱਚ ਮਮਦੋਟ ਪੁਲਸ ਨੂੰ ਸੌਂਪਿਆ ਹੈ। ਦੋਸ਼ੀ ਜਵਾਨ ਸ਼ੇਖ ਰਿਆਜ਼ੁਦੀਨ ਤੋਂ ਦੋ ਮੋਬਾਈਲ ਅਤੇ ਸੱਤ ਸਿਮ ਬਰਾਮਦ ਹੋਏ ਸਨ, ਜਿਨ੍ਹਾਂ ਨਾਲ ਉਹ ਪਾਕਿਸਤਾਨ ਵਿੱਚ ਬੈਠੇ ਆਈ ਐੱਸ ਆਈ ਏਜੰਟ ਮਿਰਜ਼ਾ ਫੈਜਲ ਸ਼ੇਖ ਨੂੰ ਅਹਿਮ ਜਾਣਕਾਰੀਆਂ ਦਿੰਦਾ ਸੀ। ਸਵਾਲ ਇਹ ਉਠ ਰਿਹਾ ਹੈ ਕਿ ਸੁਰੱਖਿਆ ਪੱਖੋਂ ਬਾਰਡਰ ਏਰੀਏ ਦੇ ਨੇੜੇ ਮੋਬਾਈਲ ਦੀ ਰੇਂਜ ਨਹੀਂ ਛੱਡੀ ਜਾਂਦੀ ਤਾਂ ਇਸ ਹਾਲਤ ਵਿੱਚ ਵਾਟਸਐਪ ਚੱਲਦਾ ਹੋਵੇਗਾ? ਪਿਛਲੇ ਸਾਲ ਵਿੱਚ ਹੈਰੋਇਨ ਦੀ ਤਸਕਰੀ ਵਿੱਚ ਫੜੇ ਗਏ ਲੋਕਾਂ ਤੋਂ ਪੁੱਛਗਿੱਛ ਵਿੱਚ ਪਤਾ ਲੱਗਾ ਕਿ ਉਹ ਪਾਕਿਸਤਾਨੀ ਸਿਮ ਮੰਗਵਾ ਲੈਂਦੇ ਹਨ। ਬੀ ਐੱਸ ਐੱਫ ਦੀ ਰਿਪੋਰਟ ਮੁਤਾ-ਬਕ ਇੱਕ ਜਤਿੱਕ ਸਰਹੱਦੀ ਖੇਤਰ ਤੋਂ 23 ਪਾਕਿ ਸਿਮ ਅਤੇ ਸੱਤ ਪਾਕਿ ਮੋਬਾਈਲ ਫੜੇ ਜਾ ਚੁੱਕੇ ਹਨ।

## ਡੀਲਰ ਨੂੰ ਗੋਲੀ ਮਾਰ ਕੇ ਲੁਟੇਰੇ ਕਾਰ ਲੈ ਗਏ

ਅੰਮ੍ਰਿਤਸਰ, 8 ਨਵੰਬਰ (ਪੋਸਟ ਬਿਊਰੋ)- ਛੇਹਰਟਾ ਦੇ ਰਾਮੂਵਾਲ ਪਿੰਡ ਨੇੜੇ ਮੋਟਰ ਸਾਈਕਲ ਸਵਾਰ ਤਿੰਨ ਲੁਟੇਰਿਆਂ ਨੇ ਕਾਰ ਖਰੀਦਣ ਦੇ ਬਹਾਨੇ ਪਹਿਲਾਂ ਡੀਲਰ ਦਿਲਬਾਗ ਸਿੰਘ ਦੀ ਲੱਤ 'ਤੇ ਗੋਲੀ ਮਾਰ ਕੇ ਜ਼ਖਮੀ ਕੀਤਾ ਅਤੇ ਫਿਰ ਉਸ ਦੀ ਕਾਰ ਲੈ ਕੇ ਫਰਾਰ ਹੋ ਗਏ। ਘਟਨਾ ਦੇ ਬਾਰੇ ਪਤਾ ਲੱਗਦੇ ਸਾਰ ਪੁਲਸ ਮੌਕੇ 'ਤੇ ਪਹੁੰਚ ਗਈ। ਰਾਹਗੀਰਾਂ ਨੇ ਤੜਫਦੇ ਹੋਏ ਦਿਲਬਾਗ ਸਿੰਘ ਨੂੰ ਨੂੰ ਹਸਪਤਾਲ ਦਾਖਲ ਕਰਾਇਆ।

ਏ ਸੀ ਪੀ ਵਿਸ਼ਾਲਜੀਤ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਕਰਾਈ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੁਟੇਰਿਆਂ ਨੂੰ ਜਲਦੀ ਕਾਬੂ ਕਰ ਲਿਆ ਜਾਏਗਾ। ਗੁਰੂ ਕੀ ਵਡਾਲੀ ਨੇੜੇ ਸੰਨ੍ਹ ਸਾਹਿਬ ਰੋਡ ਦੇ ਵਾਸੀ ਦਿਲਬਾਗ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਕਾਰਾਂ ਖਰੀਦਣ ਅਤੇ ਵੇਚਣ ਦਾ ਕਾਰੋਬਾਰ ਕਰਦੇ ਹਨ। ਸਵਿਫਟ ਕਾਰ ਵੇਚਣ ਲਈ ਉਨ੍ਹਾਂ ਨੇ ਓਲੈਕਸ 'ਤੇ ਜਾਣਕਾਰੀ ਦਿੱਤੀ ਸੀ। ਦੋ ਦਿਨ ਪਹਿਲਾਂ ਇੱਕ ਨੌਜਵਾਨ ਨੇ ਓਲੈਕਸ 'ਤੇ ਉਨ੍ਹਾਂ ਦੀ ਕਾਰ ਦੇ ਬਾਰੇ ਜਾਣਕਾਰੀ ਪੜ੍ਹ ਕੇ ਕਾਰ ਖਰੀਦਣ ਦੀ ਗੱਲ ਕਹੀ। ਉਨ੍ਹਾਂ ਨੇ ਉਸ ਨੂੰ ਆਪਣੇ ਘਰ ਬੁਲਾ ਲਿਆ। ਕੁਝ ਦੇਰ ਵਿੱਚ ਮੋਟਰ ਸਾਈਕਲ 'ਤੇ ਤਿੰਨ ਨੌਜਵਾਨ ਉਨ੍ਹਾਂ ਕੋਲ ਆ ਗਏ। ਕਾਰ ਦੇਖਣ ਦੇ ਬਾਅਦ ਦੋਸ਼ੀ ਨੇ ਕਿਹਾ ਕਿ ਉਹ ਕਾਰ ਨੂੰ ਇੱਕ ਵਾਰ ਚਲਾ ਕੇ ਦੇਖਣਾ ਚਾਹੁੰਦੇ ਹਨ। ਇੱਕ ਨੌਜਵਾਨ ਨੂੰ ਕਾਰ ਦੀ ਸੀਟ ਉਤੇ ਬਿਠ ਦਿੱਤਾ ਅਤੇ ਖੁਦ ਉਸ ਦੇ ਦੀ ਸੀਟ 'ਤੇ ਬੈਠ ਗਿਆ। ਦੋ ਹੋਰ ਨੌਜਵਾਨ ਆਪਣੀ ਮੋਟਰ ਸਾਈਕਲ 'ਤੇ ਉਨ੍ਹਾਂ ਦੇ ਨਾਲ ਚੱਲਣ ਲੱਗੇ। ਰਾਮੂਵਾਲ ਪਿੰਡ ਦੇ ਕੋਲ ਪਹੁੰਚ ਕੇ ਦੋਸ਼ੀ ਨੌਜਵਾਨ ਨੇ ਪਿਸਤੌਲ ਕੱਢੀ। ਉਹ ਡਰ ਦੇ ਮਾਰੇ ਕਾਰ 'ਚੋਂ ਹੇਠਾਂ ਉਤਰ ਗਏ। ਇੰਨੇ ਵਿੱਚ ਮੋਟਰ ਸਾਈਕਲ ਸਵਾਰ ਉਸ ਦੇ ਦੋ ਸਾਥੀ ਉਸ ਦੀ ਲੱਤ ਵਿੱਚ ਗੋਲੀ ਮਾਰ ਕੇ ਕਾਰ ਲੈ ਕੇ ਫਰਾਰ ਹੋ ਗਏ।

# ਪੰਜਾਬ ਸਰਕਾਰ ਨੇ 'ਬਿਜ਼ਨਸ ਫਸਟ ਪੋਰਟਲ' ਦੀ ਸ਼ੁਰੂਆਤ ਕੀਤੀ



'ਬਿਜ਼ਨਸ ਫਸਟ ਪੋਰਟਲ' ਲਾਂਚ ਕਰਨ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹੋਰ ਕੈਬਨਿਟ ਮੰਤਰੀ।

ਚੰਡੀਗੜ੍ਹ, 8 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਕਾਰੋਬਾਰ ਸੁਖਾਲਾ ਬਣਾਉਣ ਵੱਲ ਅਹਿਮ ਕਦਮ ਪੁੱਟਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਸਰਕਾਰ ਦਾ 'ਬਿਜ਼ਨਸ ਫਸਟ ਪੋਰਟਲ' ਸ਼ੁਰੂ ਕੀਤੀ ਹੈ। ਇਸ ਪੋਰਟਲ ਨਾਲ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਮਿਲ ਸਕਦਾ ਹੈ।

ਇਸ ਸੰਬੰਧ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਪੋਰਟਲ ਸਿੰਗਲ ਵਿੰਡੋ ਪ੍ਰਣਾਲੀ ਵਜੋਂ ਨਿਵੇਸ਼ਕਾਂ ਨੂੰ ਪੇਸ਼ ਸਨਅਤੀ ਮੁਸ਼ਕਲਾਂ ਦੇ ਹੱਲ, ਫੀਡਬੈਕ ਅਤੇ ਸੁਝਾਵਾਂ ਲਈ ਆਜ਼ਾਦ ਵਿਧੀ ਪੇਸ਼ ਕਰੇਗਾ। ਵਧੀਆ ਦਰਜੇ ਦੀ ਇਹ ਆਨਲਾਈਨ ਸਹੂਲਤ ਉਦਯੋਗਿਕ ਅਤੇ ਵਿਕਾਸ ਨੀਤੀ 2017 ਹੇਠ ਨਿਵੇਸ਼ਕਾਂ ਨੂੰ ਸਮਾਂਬੱਧ ਢੰਗ ਨਾਲ ਰਿਆਇਤਾਂ ਦੇਣ ਵਿੱਚ ਸਹਾਈ ਹੋਵੇਗੀ। ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਸਾਲ 2016-17 ਤੋਂ 2017-18 ਵਿੱਚ ਉਦਯੋਗਿਕ ਖੇਤਰ ਵਿੱਚ ਬਿਜਲੀ ਦੀ ਖਪਤ ਵਿੱਚ 9 ਫੀਸਦੀ ਵਾਧਾ ਹੋਇਆ ਹੈ ਜੋ ਸਨਅਤੀ ਖੇਤਰ ਦੀ ਤਰੱਕੀ ਦੱਸਦਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਮੰਡੀ ਗੋਬਿੰਦਗੜ੍ਹ 'ਚ ਪੁਰਾਣੇ ਯੂਨਿਟਾਂ ਦੇ ਮੁੜ ਚਾਲੂ ਹੋਣ ਤੋਂ ਇਲਾਵਾ 60 ਨਵੇਂ ਯੂਨਿਟ ਵੀ ਚਾਲੂ ਹੋ ਚੁੱਕੇ ਹਨ। ਉਦਯੋਗ ਅਤੇ ਵਪਾਰ ਵਿਭਾਗ ਅਤੇ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਪੋਰਟਲ ਪੰਜਾਬ ਵਿੱਚ ਸਥਾਪਤ ਹੋਣ ਵਾਲੇ ਨਵੇਂ ਉਦਯੋਗਿਕ ਯੂਨਿਟਾਂ ਰਾਹੀਂ ਰੁਜ਼ਗਾਰ ਦੇ ਵੱਡੇ ਮੌਕੇ ਸਿਰਜਣ ਲਈ ਬਹੁਤ ਸਹਾਈ ਹੋਵੇਗਾ। ਉਨ੍ਹਾਂ ਦੱਸਿਆ ਕਿ ਇਨਵੈਸਟ ਪੰਜਾਬ ਨੂੰ ਸਫਲ ਬਣਾਉਣ ਤੋਂ ਬਾਅਦ ਇਹ ਰਾਜ ਵਪਾਰ ਨੂੰ ਸੁਖਾਲਾ ਬਣਾਉਣ ਦੇ ਅਗਲੇ ਪੜਾਅ ਵੱਲ ਵੱਧ ਰਿਹਾ ਹੈ।

## ਕਮੇਟੀ ਦੇ 10 ਲੱਖ ਨਹੀਂ ਮਿਲੇ ਤਾਂ ਨਹਿਰ ਵਿੱਚ ਛਾਲ ਮਾਰ ਕੇ ਖੁਦਕੁਸ਼ੀ

ਸੰਗਰੂਰ, 8 ਨਵੰਬਰ (ਪੋਸਟ ਬਿਊਰੋ)- ਕਮੇਟੀ ਦੇ 10 ਲੱਖ ਰੁਪਏ ਵਾਪਸ ਨਾ ਮਿਲਣ ਤੋਂ ਪ੍ਰੇਸ਼ਾਨ ਇੱਕ ਵਿਅਕਤੀ ਨੇ ਨਹਿਰ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਉਸ ਨੇ ਸੁਸਾਈਡ ਨੋਟ ਵਿੱਚ ਇਸ ਮੌਤ ਦਾ ਜ਼ਿੰਮੇਵਾਰ ਪੈਸੇ ਵਾਪਸ ਨਾ ਕਰਨ ਵਾਲੇ ਦੁਕਾਨ ਮਾਲਕ ਨੂੰ ਠਹਿਰਾਇਆ ਹੈ। ਪੁਲਸ ਨੇ ਮ੍ਰਿਤਕ ਦੀ ਪਤਨੀ ਦੇ ਬਿਆਨ 'ਤੇ ਦੋਸ਼ੀ ਦੁਕਾਨ ਮਾਲਕ 'ਤੇ ਇਸ ਖੁਦਕੁਸ਼ੀ ਦੇ ਸੰਬੰਧ ਵਿੱਚ ਕੇਸ ਦਰਜ ਕਰ ਲਿਆ ਹੈ।

ਸੁਨਾਮ ਦੇ ਮੁਹੱਲਾ ਕੋਕੋਮਾਜਰੀ ਦੀ ਸੰਗੀਤਾ ਦੇਵੀ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਪਤੀ ਤੇਜਿੰਦਰ ਸਿੰਘ ਇੱਕ ਨਵੰਬਰ ਨੂੰ ਘਰੋਂ ਬਿਨਾਂ ਦੱਸੇ ਚਲਾ ਗਿਆ ਸੀ। ਤਿੰਨ ਨਵੰਬਰ ਨੂੰ ਉਸ ਦੀ ਲਾਸ਼ ਫਤਿਹਾਬਾਦ (ਹਰਿਆਣਾ) ਅਮਲੋਹਾ ਦੀ ਨਹਿਰ ਵਿੱਚੋਂ ਮਿਲੀ। ਉਸ ਪਤੀ ਦੀ ਦੁਕਾਨ ਤੋਂ ਸੁਸਾਈਡ ਨੋਟ ਵੀ ਮਿਲਿਆ।

# ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੇ ਖਾਤੇ ਵਿੱਚ ਦੂੱਗਣੀ ਤਨਖਾਹ ਮੁੜ ਕੇ ਪੈ ਗਈ

ਚੰਡੀਗੜ੍ਹ, 8 ਨਵੰਬਰ (ਪੋਸਟ ਬਿਊਰੋ)- ਸਾਫਟਵੇਅਰ ਦੇ ਨੁਕਸ ਅਤੇ ਤਕਨੀਕੀ ਗਲਤੀ ਦੇ ਕਾਰਨ ਸਰਕਾਰੀ ਮੁਲਜ਼ਮਾਂ ਦੇ ਖਾਤਿਆਂ 'ਚ ਦੁੱਗਣੀ ਤਨਖਾਹ ਪੈ ਜਾਣ ਨਾਲ ਮੁਲਾਜ਼ਮ ਬਾਗੋ ਬਾਗ ਹੋ ਗਏ, ਪਰ ਇਸ ਦਾ ਪਤਾ ਲੱਗਦੇ ਸਾਰ ਸਰਕਾਰ ਨੇ ਇਹ ਖਾਤੇ 'ਫ੍ਰੀਜ' ਕਰਵਾ ਦਿੱਤੇ। ਫਿਰ ਸਰਕਾਰ ਨੇ ਨੋਟਿਸ ਜਾਰੀ ਕਰ ਦਿੱਤਾ ਕਿ ਕਿਸੇ ਵੀ ਮੁਲਾਜ਼ਮ ਨੇ ਤਨਖਾਹ ਦੇ ਬੈਂਕ ਖਾਤਿਆਂ ਵਿੱਚੋਂ ਵਾਧੂ ਤਨਖਾਹ ਕਢਵਾਈ ਤਾਂ ਸਰਕਾਰ ਵਿਆਜ ਸਮੇਤ ਪੂਰੀ ਰਕਮ ਵਸੂਲ ਕਰੇਗੀ।

ਪਰਸੋਂ ਸਰਕਾਰ ਨੇ ਇਸ ਬਾਰੇ ਨੋਟਿਸ ਪੰਜਾਬ ਸਿਵਲ ਸਕੱਤਰੇਤ 'ਚ ਜਗ੍ਹਾ-ਜਗ੍ਹਾ ਲਗਵਾ ਦਿੱਤੇ ਸਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸਰਕਾਰ ਵੱਲੋਂ ਖਾਤਿਆਂ 'ਚ ਵਾਧੂ ਪਾਏ ਪੈਸੇ ਰਿਵਰਟ ਕਰਨ ਦੇ ਚੱਕਰ 'ਚ ਕੱਲ੍ਹ ਫਿਰ ਦੁੱਗਣੀ ਤਨਖਾਹ ਪਾ ਦਿੱਤੀ ਗਈ। ਪਤਾ ਲੱਗਾ ਹੈ ਕਿ ਇਹ ਤਕਨੀਕੀ ਗਲਤੀ ਦੇ ਕਾਰਨ ਵਾਰ-ਵਾਰ ਹੋ ਰਿਹਾ ਹੈ ਤੇ ਇਸ ਚੱਕਰ ਵਿੱਚ ਦੀਵਾਲੀ ਮੌਕੇ ਮੁਲਾਜ਼ਮ ਜ਼ਰੂਰ ਖੱਜਲ ਹੋਏ ਹਨ। ਇਕ ਮੁਲਾਜ਼ਮ ਨੇ ਇਕ ਦੱਸਿਆ ਕਿ ਪਹਿਲਾਂ ਉਸ ਦੇ ਖਾਤੇ ਵਿੱਚ ਦੁੱਗਣੀ ਤਨਖਾਹ ਆ ਗਈ ਤਾਂ ਉਸ ਨੇ ਸੋਚਿਆ ਕਿ ਦੀਵਾਲੀ ਮੌਕੇ ਸਰਕਾਰ ਨੇ ਤੋਹਫਾ ਦੇ ਦਿੱਤਾ, ਬਾਅਦ ਵਿੱਚ ਖਾਤੇ ਵਿੱਚੋਂ ਤਨਖਾਹ ਕੱਢ ਲਈ ਗਈ, ਪਰ ਕੱਲ੍ਹ ਫਿਰ ਉਸ ਦੇ ਖਾਤੇ ਵਿੱਚ ਦੁੱਗਣੀ ਤਨਖਾਹ ਆ ਗਈ ਹੈ। ਉਸ ਨੇ ਕਿਹਾ ਕਿ ਸਰਕਾਰ ਦੀ ਇਸ ਗਲਤੀ ਦੇ ਚੱਕਰ 'ਚ ਮੁਲਾਜ਼ਮ ਵਾਰ-ਵਾਰ ਖੱਜਲ ਹੋ ਰਹੇ ਹਨ। ਦੂਜੇ ਪਾਸੇ ਸਰਕਾਰ ਦੀਆਂ ਹਦਾਇਤਾਂ ਪਿੱਛੋਂ ਬੈਂਕਾਂ ਨੇ ਉਨ੍ਹਾਂ ਖਾਤਿਆਂ ਨੂੰ ਸੀਲ ਕਰ ਦਿੱਤਾ ਹੈ, ਜਿਨ੍ਹਾਂ 'ਚ ਦੁੱਗਣੀ ਤਨਖਾਹ ਪਾ ਦਿੱਤੀ ਗਈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਸਾਰੇ ਵਿਭਾਗੀ ਮੁਖੀਆਂ ਨੂੰ ਦੋ ਦਿਨ ਪਹਿਲਾਂ ਨਿਰਦੇਸ਼ ਦਿੱਤੇ ਸਨ ਕਿ ਕਰਮਚਾਰੀਆਂ ਦੇ ਬੈਂਕ ਖਾਤਿਆਂ 'ਚ ਦੁੱਗਣੀ ਤਨਖਾਹ ਪੈ ਜਾਣ ਬਾਰੇ ਸੂਚਿਤ ਕੀਤਾ ਜਾਂਦਾ ਹੈ ਤੇ ਇਹ ਸਾਫਟਵੇਅਰ 'ਚ ਗੜਬੜ ਕਾਰਨ ਹੋਇਆ ਹੈ। ਫਿਰ ਸਰਕਾਰ ਨੇ ਨੋਟਿਸ ਜਾਰੀ ਕੀਤਾ ਕਿ ਮੁਲਾਜ਼ਮ ਜੇ ਇਕ ਮਹੀਨੇ ਤੋਂ ਵਾਧੂ ਤਨਖਾਹ ਕਢਵਾਉਣਗੇ ਤਾਂ ਉਨ੍ਹਾਂ ਤੋਂ ਵਿਆਜ ਸਮੇਤ ਵਸੂਲੀ ਜਾਵੇਗੀ। ਕਈ ਮੁਲਾਜ਼ਮਾਂ ਨੇ ਖਾਤਿਆਂ ਵਿੱਚੋਂ ਪੂਰੀ ਤਨਖਾਹ ਕਢਵਾ ਲਈ ਸੀ, ਇਹੋ ਜਿਹੇ ਮੁਲਾਜ਼ਮਾਂ ਦੇ ਖਾਤਿਆਂ ਬਾਰੇ ਸਰਕਾਰ ਜਾਣਕਾਰੀ ਇਕੱਠੀ ਕਰਕੇ ਕਾਰਵਾਈ ਕਰੇਗੀ। ਸਰਕਾਰ ਨੇ ਪਰਸੋਂ ਪੰਜਾਬ ਸਿਵਲ ਸਕੱਤਰੇਤ 'ਚ ਜਗ੍ਹਾ-ਜਗ੍ਹਾ ਲਾਏ ਨੋਟਿਸ 'ਚ ਕਿਹਾ ਕਿ ਸਾਫਟਵੇਅਰ ਦੀ ਖਰਾਬੀ ਕਾਰਨ ਜਿਨ੍ਹਾਂ ਦੇ ਬੈਂਕ ਖਾਤਿਆਂ 'ਚ ਤਨਖਾਹ ਡਬਲ ਜਮ੍ਹਾਂ ਹੋ ਗਈ ਹੈ, ਉਨ੍ਹਾਂ ਨੂੰ ਖਜ਼ਾਨਾ ਦਫਤਰ ਵੱਲੋਂ ਸਲਾਹ ਦਿੱਤੀ ਜਾਂਦੀ ਹੈ ਕਿ ਅਜਿਹੇ ਅਫਸਰ/ ਕਰਮਚਾਰੀ ਕੇਵਲ ਇਕ ਤਨਖਾਹ ਖਾਤੇ ਵਿੱਚੋਂ ਕਢਵਾਉਣ ਤੇ ਜੇ ਕਿਸੇ ਨੇ ਦੁੱਗਣੀ ਤਨਖਾਹ ਕਢਵਾਈ ਤਾਂ ਉਹ ਤੁਰੰਤ ਵਾਧੂ ਰਾਸ਼ੀ ਨੂੰ ਆਪਣੇ ਵਿਭਾਗ ਦੇ ਕੈਸ਼ੀਅਰ ਕੋਲ ਜਮ੍ਹਾਂ ਕਰਵਾ ਦੇਵੇ, ਅਜਿਹਾ ਨਾ ਕਰਨ ਦੀ ਸੂਰਤ 'ਚ ਸਰਕਾਰ ਵਿਆਜ ਸਮੇਤ ਸਾਰੀ ਰਾਸ਼ੀ ਦੀ ਰਿਕਵਰੀ ਕਰ ਸਕਦੀ ਹੈ।

# ਰੇਂਜ ਰੋਵਰ ਦੀ ਟੱਕਰ ਨਾਲ ਸਕੂਟਰ ਸਵਾਰ ਦੀ ਮੌਤ

ਜਲੰਧਰ ਛਾਉਣੀ, 8 ਨਵੰਬਰ (ਪੋਸਟ ਬਿਊਰੋ)- ਥਾਣਾ ਛਾਉਣੀ ਹੇਠਲੇ ਜਲੰਧਰ-ਫਗਵਾੜਾ ਮੁੱਖ ਮਾਰਗ 'ਤੇ ਕੱਲ੍ਹ ਰਾਤ ਚੰਡੀਗੜ੍ਹ ਵੱਲੋਂ ਆਈ ਤੇਜ਼ ਰਫਤਾਰ ਰੇਂਜ ਰੋਵਰ ਗੱਡੀ ਵੱਲੋਂ ਟੱਕਰ ਮਾਰਨ ਨਾਲ ਸੜਕ ਪਾਰ ਕਰ ਰਹੇ ਸਕੂਟਰੀ ਸਵਾਰ ਵਿਅਕਤੀ ਦੀ ਮੌਤ ਹੋ ਗਈ, ਜਿਸ ਦੇ ਖਿਲਾਫ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਪਤਾ ਲੱਗਾ ਹੈ ਕਿ ਤੇਜ਼ ਰਫਤਾਰ ਹੋਣ ਕਾਰਨ ਇਸ ਘਟਨਾ ਦੌਰਾਨ ਗੱਡੀ 'ਚ ਲੱਗੇ ਹੋਏ ਕਰੀਬ ਸੱਤ ਏਅਰ ਬੈਗ ਖੁੱਲ੍ਹ ਗਏ, ਜਿਸ ਕਾਰਨ ਗੱਡੀ 'ਚ ਚਾਲਕ ਸਮੇਤ ਬੈਠੇ ਹੋਏ ਤਿੰਨ ਵਿਅਕਤੀ ਵਾਲ-ਵਾਲ ਬਚ ਗਏ ਤੇ ਗੱਡੀ ਪਲਟੀਆਂ ਖਾਂਦੀ ਹੋਈ ਸੜਕ ਦੇ ਦੂਸਰੇ ਪਾਸੇ ਸੜਕ ਕਿਨਾਰੇ ਪਹੁੰਚ ਗਈ। ਇਸ ਦੀ ਜਾਂਚ ਕਰ ਰਹੇ ਏ ਐਸ ਆਈ ਜਸਵੰਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਲਲਿਤ ਕਾਲੀਆ (36) ਪੁੱਤਰ ਤਰਸੇਮ ਲਾਲ ਵਾਸੀ ਬੜਿੰਗ ਵਜੋਂ ਹੋਈ ਹੈ, ਜੋ ਬੀ ਐਮ ਸੀ ਚੌਕ ਨੇੜੇ ਇਕ ਢਾਬੇ 'ਤੇ ਕੰਮ ਕਰਦਾ ਸੀ ਤੇ ਦੇਰ ਰਾਤ ਜਦੋਂ ਉਹ ਘਰ ਵੱਲ ਜਾ ਰਿਹਾ ਸੀ ਤਾਂ ਚੰਡੀਗੜ੍ਹ ਵੱਲੋਂ ਆਈ ਤੇਜ਼ ਰਫਤਾਰ ਰੇਂਜ ਰੋਵਰ ਗੱਡੀ ਨੇ ਉਸ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਪਿੱਛੋਂ ਲਲਿਤ ਕਾਲੀਆ ਨੂੰ ਰਾਮਾ ਮੰਡੀ ਦੇ ਜੌਹਲ ਹਸਪਤਾਲ 'ਚ ਇਲਾਜ ਲਈ ਦਾਖਲ ਕਰਵ-ਾਇਆ ਗਿਆ। ਕੱਲ੍ਹ ਸਵੇਰੇ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਗੱਡੀ ਦੇ ਚਾਲਕ ਗੰਗਾ ਮਹਿਤੋ ਪੁੱਤਰ ਰਾਮ ਸਾਗਰ ਵਾਸੀ ਨੇੜੇ ਚਾਵਲ ਮੰਡੀ ਅੰਮ੍ਰਿਤਸਰ ਨੂੰ ਕਾਬੂ ਕਰਕੇ ਉਸ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਬਿਜਲੀ ਦੀਆਂ ਤਾਰਾਂ ਤੋਂ ਅੱਗ ਲੱਗੀ, ਸੱਤ ਏਕੜ ਕਮਾਦ ਸੜਿਆ

ਕਾਹਨੂੰਵਾਨ, 8 ਨਵੰਬਰ (ਪੋਸਟ ਬਿਊਰੋ)- ਬੇਟ ਖੇਤਰ ਦੇ ਦਰਿਆ ਬਿਆਸ ਦੀ ਧੁੱਸੀ ਨੇੜਲੇ ਪਿੰਡ ਮੁੰਨਣ ਤੇ ਫੁਲੜੇ ਦੇ ਕਿਸਾਨਾਂ ਦੀ ਗੰਨੇ ਦੀ ਫਸਲ ਬਿਜਲੀ ਦੀਆਂ ਤਾਰਾਂ ਤੋਂ ਨਿਕਲੀ ਅੱਗ ਨਾਲ ਸੜ ਗਈ ਹੈ।

ਇਸ ਬਾਰੇ ਮਿਲੀ ਜਾਣਕਾਰੀ ਅਨੁਸਾਰ ਪਰਸੋਂ ਸ਼ਾਮ ਪਿੰਡ ਮੁੰਨਣ ਦੇ ਗਣੇਸ਼ ਸਿੰਘ ਨੰਬਰਦਾਰ ਦੀ ਡੇਢ ਏਕੜ, ਨਰਿੰ-ਦਰ ਸਿੰਘ ਪੁੱਤਰ ਤੇਜਾ ਸਿੰਘ, ਜਗਤਾਰ ਸਿੰਘ, ਰਣਜੀਤ ਸਿੰਘ, ਸੰਤੋਖ ਸਿੰਘ ਪਿੰਡ ਮੁੰਨਣ, ਅੰਗਰੇਜ਼ ਸਿੰਘ ਵਾਸੀ ਫੁੱਲੜਾ ਦੀ ਗੰਨੇ ਦੀ ਫਸਲ ਵਿੱਚ ਬਿਜਲੀ ਦੀ ਤਾਰ ਟੁੱਟਣ ਕਾਰਨ ਕੁੱਲ ਸੱਤ ਏਕੜ ਗੰਨਾ ਸੜ ਗਿਆ। ਪੀੜਤ ਕਿਸਾਨਾਂ ਨੇ ਦੱਸਿਆ ਕਿ ਹਫਤਾ ਪਹਿਲਾਂ ਵੀ ਇਸ ਥਾਂ ਬਿਜਲੀ ਦੀਆਂ ਤਾਰਾਂ ਤੋਂ ਅੱਗ ਲੱਗਣ ਨਾਲ ਗਣੇਸ਼ ਸਿੰਘ ਤੇ ਨਰਿੰਦਰ ਸਿੰਘ ਦੀ ਗੰਨੇ ਦੀ ਫਸਲ ਸੜੀ ਸੀ। ਉਨ੍ਹਾਂ ਦੱਸਿਆ ਕਿ ਮੇਲਾ ਸਿੰਘ ਦੇ ਨਾਂ ਉਤੇ ਵੱਜਦੇ ਪਾਵਰਕੌਮ ਦੇ ਇਸ ਟਰਾਂਸਫਾਰਮਰ ਦੀ ਹਾਲਤ ਖਸਤਾ ਹੈ ਅਤੇ ਟਰਾਂਸਫਾਰਮਰ ਤੋਂ ਜਾਂਦੀਆਂ ਤਾਰਾਂ ਵੀ ਖਸਤਾ ਹਨ। ਇਸ ਕਾਰਨ ਅਜਿਹੀਆਂ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਦੀਆਂ ਹਨ। ਅੱਗ ਨਾਲ ਉਨ੍ਹਾਂ ਦਾ ਕਰੀਬ ਸੱਤ ਲੱਖ ਰੁਪਏ ਦਾ

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS



www.jeyatransport.com
202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

www.AREA REALTOR.com
Multi Award Winner Realtor
CENTURY 21 PRESIDENT



KAMAL SANDHU
Sales Representative
647.891.0143
905.488.2100 ext. 407



## ਸਬਜ਼ੀ ਵੇਚ ਕੇ 17 ਕੰਪਨੀਆਂ ਦੀ ਮਾਲਿਕ ਬਣੀ ਮਹਿਲਾ 1 ਹਜ਼ਾਰ ਕਰੋੜ ਕਮਾਉਣ ਪਿੱਛੋਂ ਗ੍ਰਿਫਤਾਰ



ਨਵੀਂ ਦਿੱਲੀ, 8 ਨਵੰਬਰ (ਪੋਸਟ ਬਿਊਰੋ)- ਕੀ ਕੋਈ ਅੰਦਾਜ਼ਾ ਲਾ ਸਕਦੇ ਹੈ ਕਿ ਸਬਜ਼ੀ ਵੇਚਦੀ ਇਕ ਮਹਿਲਾ ਅਚਾਨਕ 17 ਕੰਪਨੀਆਂ ਦੀ ਮਾਲਕ ਬਣ ਜਾਏ ਤੇ ਉਸ ਦਾ ਇਕ ਹਜ਼ਾਰ ਕਰੋੜ ਦਾ ਟਰਨਓਵਰ ਹੋ ਜਾਵੇ। ਤਿਰੂਪਤੀ ਦੇ ਦੱਖਣੀ ਹਿੱਸੇ ’ਚ ਆਪਣੀ ਮਾਂ ਨਾਲ ਸਬਜ਼ੀਆਂ ਵੇਚਣ ਵਾਲੀ ਇਸ ਮਹਿਲਾ ਨੇ ਠੱਗੀ ਨਾਲ ਇਸ ਤਰ੍ਹਾਂ ਕੀਤਾ ਹੈ।

ਮਿਲੀ ਜਾਣਕਾਰੀ ਮੁਤਾਬਕ ਠੱਗੀ ਸਕੀਮ ਚਲਾਉਣ ਵਾਲੀ ਇਸ ਮਹਿਲਾ ਦਾ ਨਾਮ ਨੌਹੇਰਾ ਸ਼ੇਖ ਹੈ ਅਤੇ ਉਹ ਠੱਗੀ ਸਕੀਮ ਚਲਾਉਂਦੀ ਹੈ ਅਤੇ 2 ਲੱਖ ਤੋਂ ਵੱਧ ਨਿਵੇਸ਼ਕ ਇਸ ਨਾਲ ਜੁੜੇ ਸਨ। ਇਸ ਮਹਿਲਾ ਨੂੰ 500 ਕਰੋੜ ਦੇ ਘਪਲੇ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਇਸ ਦੌਰਾਨ ਨੌਹੇਰਾ ਨੇ ਲੜਕੀਆਂ ਲਈ ਮਦਰਸਾ ਖੋਲ੍ਹਿਆ ਤੇ ਇਕ ਪਾਰਟੀ ਵੀ ਬਣਾਈ, ਪਰ ਬੀਤੇ 7 ਸਾਲਾਂ ਵਿਚ ਨੌਹੇਰਾ ਸ਼ੇਖ ’ਤੇ ਨਿਵੇਸ਼ਕਾਂ ਦਾ ਪੈਸਾ ਹੜੱਪਣ ਦਾ ਵੀ ਦੋਸ਼ ਲੱਗਾ ਹੈ। ਦਰਅਸਲ ਠੱਗੀ ਸਕੀਮ ਨਾਲ ਨੌਹੇਰਾ ਦੀਆਂ ਕੰਪਨੀਆਂ ਨਿਵੇਸ਼ਕਾਂ ਨੂੰ 36 ਤੋਂ 42 ਫੀਸਦੀ ਦਾ ਰਿਟਰਨ ਦੇਣ ਦਾ ਭਰੋਸਾ ਦਿੰਦੀਆਂ ਸਨ ਤੇ ਮਈ 2018 ’ਚ ਉਸ ਨੇ ਫੰਡ ਨਾਲ ਹੇਰਾਫੇਰੀ ਕਰਨੀ ਸ਼ੁਰੂ ਕਰ ਦਿੱਤੀ ਸੀ। ਕੁੱਲ ਮਿਲਾ ਕੇ ਸ਼ੇਖ ਉਤੇ 500 ਕਰੋੜ ਦੀ ਹੇਰਾਫੇਰੀ ਦਾ ਦੋਸ਼ ਹੈ। ਮੁੰਬਈ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰਨ ਪਿੱਛੋਂ ਹੈਦਰਾਬਾਦ ਪੁਲਸ ਦੇ ਹਵਾਲੇ ਕਰ ਦਿੱਤਾ ਹੈ।

# ਬੈਂਕ ਧੋਖਾਧੜੀ ਕੇਸ ਵਿੱਚ ਹਰਸ਼ਦ ਮਹਿਤਾ ਦੇ ਭਰਾ ਸਣੇ 9 ਬਰੀ

ਮੁੰਬਈ, 8 ਨਵੰਬਰ (ਪੋਸਟ ਬਿਊਰੋ)- ਮੁੰਬਈ ਦੀ ਇਕ ਅਦਾਲਤ ਨੇ 1992 ਦੇ ਸ਼ੇਅਰ ਘੁਟਾਲੇ ਦੇ ਮੋਢੀ ਮੰਨੇ ਜਾ ਰਹੇ ਹਰਸ਼ਦ ਮਹਿਤਾ ਦੇ ਭਰਾ ਅਸ਼ਵਿਨ ਮਹਿਤਾ ਸਮੇਤ ਨੌਂ ਜਣਿਆਂ ਨੂੰ ਸਟੇਟ ਬੈਂਕ ਆਫ ਇੰਡੀਆ (ਐਸ ਬੀ ਆਈ) ਨਾਲ 105 ਕਰੋੜ ਰੁਪਏ ਦੇ ਧੋਖਾਧੜੀ ਦੇ ਕੇਸ ਵਿੱਚ ਬਰੀ ਕਰ ਦਿੱਤਾ ਹੈ।



ਸਾਲ 1992 ਦੇ ਸ਼ੇਅਰ ਘੁਟਾਲੇ ਨਾਲ ਸਬੰਧਤ ਕੇਸ ਦੀ ਸੁਣਵਾਈ ਲਈ ਬਣਾਈ ਵਿਸੇਸ਼ ਅਦਾਲਤ ਦੀ ਅਗਵਾਈ ਕਰਨ ਵਾਲੀ ਜਸਟਿਸ ਸ਼ਾਲਿਨੀ ਫੰਸਾਲਕਰ ਜੋਸ਼ੀ ਨੇ ਆਪਣੇ ਫੈਸਲੇ 'ਚ ਕਿਹਾ ਕਿ ਸਰਕਾਰੀ ਪੱਖ ਦੋਸ਼ ਸਾਬਤ ਕਰਨ 'ਚ ਨਾਕਾਮ ਰਿਹਾ ਹੈ। ਅਸ਼ਵਿਨ ਮਹਿਤਾ ਦੇ ਇਲਾਵਾ ਐਸ ਬੀ ਆਈ ਦੇ ਬਾਂਡ ਵਿਭਾਗ ਦੇ ਇੰਚਾਰਜ ਰਾਮ ਸੀਤਾਰਮਨ ਅਤੇ ਸੱਤ ਅਧਿਕਾਰੀ ਭੂਸ਼ਣ ਰਾਓਤ, ਸੀ. ਰਵੀ ਕੁਮਾਰ, ਐਸ ਸੁਰੇਸ਼ ਬਾਬੂ, ਪੀ ਮੁਰਲੀਧਰਨ, ਅਸ਼ੋਕ ਅਗਰਵਾਲ, ਜਨਾਰਦਨ ਬਧੋਪਾਧਿਆਏ ਅਤੇ ਸ਼ਿਆਮ ਸੁੰਦਰ ਗੁਪਤਾ ਵੀ ਬਰੀ ਕੀਤੇ ਗਏ ਹਨ। ਸਰਕਾਰੀ ਕੇਸ ਮੁਤਾਬਕ ਬੈਂਕ ਅਧਿਕਾਰੀਆਂ ਨੇ ਐਸ ਬੀ ਆਈ ਕੈਂਪਸ (ਐਸ ਬੀ ਆਈ ਕੈਪੀਟਲ ਮਾਰਕੀਟ) ਨਾਲ ਧੋਖਾਧੜੀ ਕਰਨ ਲਈ ਮਹਿਤਾ ਭਰਾਵਾਂ ਨਾਲ ਮਿਲ ਕੇ ਸਾਜ਼ਿਸ਼ ਰਚੀ। ਉਨ੍ਹਾਂ 1991 ਤੋਂ 1992 ਦੌਰਾਨ ਸ਼ੇਅਰਾਂ ਦੇ ਲੈਣ ਦੇਣ 'ਚ ਬੈਂਕ ਨਾਲ 105 ਕਰੋੜ ਰੁਪਏ ਦੀ ਧੋਖਾਧੜੀ ਕੀਤੀ। ਜਾਂਚ ਏਜੰਸੀ ਸੀ ਬੀ ਆਈ ਨੇ ਕਿਹਾ ਕਿ ਐਸ ਬੀ ਆਈ ਕੈਂਪਸ ਨੇ ਹਰਸ਼ਦ ਮਹਿਤਾ ਦੇ ਮਾਧਿਅਮ ਨਾਲ ਧਨ ਦੇ ਲੈਣ ਦੇਣ ਦੇ 24 ਸੌਦੇ ਕੀਤੇ ਸਨ। ਇਨ੍ਹਾਂ ਦੇ ਰਾਹੀਂ ਧਨ ਦੀ ਹੇਰਾਫੇਰੀ ਕੀਤੀ ਗਈ, ਜਿਸ ਨਾਲ ਬੈਂਕ ਨੂੰ ਨੁਕਸਾਨ ਪੁੱਜਾ ਹੈ। ਸੀ ਬੀ ਆਈ ਨੇ ਦਾਅਵਾ ਕੀਤਾ ਸੀ ਕਿ ਬੈਂਕ ਅਧਿਕਾਰੀਆਂ ਦੀ ਜਾਣਕਾਰੀ ਬਿਨਾਂ ਪੂੰਜੀ ਨੂੰ ਦੂਜੀ ਥਾਂ ਨਹੀਂ ਭੇਜੀ ਜਾ ਸਕਦੀ। ਅਦਾਲਤ ਨੇ ਬਚਾਅ ਪੱਖ ਦੀ ਇਹ ਦਲੀਲ ਮੰਨ ਲਈ ਕਿ ਧਨ ਦੀ ਹੇਰਾਫੇਰੀ ਬੈਂਕ ਦੀ ਮੁੱਖ ਬਰਾਂਚ ਤੋਂ ਬਦਲੀ ਗਈ ਸੀ ਅਤੇ ਇਸ ਲਈ ਸ਼ੇਅਰ ਵਿਭਾਗ ਦੇ ਇਨ੍ਹਾਂ ਅਧਿਕਾਰੀਆਂ ਖਿਲਾਫ ਦੋਸ਼ ਨਹੀਂ ਬਣਦਾ। ਅਦਾਲਤ ਨੇ ਕਿਹਾ ਕਿ ਸਰਕਾਰੀ ਪੱਖ ਦੀ ਦਲੀਲ 'ਚ ਬਹੁਤ ਸਾਰੀਆਂ ਗੱਲਾਂ ਅਣਉਚਿਤ ਹਨ ਅਤੇ ਉਹ ਵਿਚਕਾਰਲੀਆਂ ਕੜੀਆਂ ਨੂੰ ਜੋੜਨ 'ਚ ਨਾਕਾਮ ਰਿਹਾ ਹੈ। ਹੋ ਸਕਦਾ ਹੈ ਕਿ ਇਹ ਮੁੱਖ ਦੋਸ਼ੀ ਹਰਸ਼ਦ ਮਹਿਤਾ ਦੀ ਮੌਤ ਤੇ ਬਹੁਤ ਸਾਰੇ ਦੋਸ਼ੀਆਂ ਦੇ ਬਰੀ ਹੋਣ ਦਾ ਕਾਰਨ ਬਣਿਆ ਹੋਵੇ, ਪਰ ਤੱਥ ਇਹ ਹੈ ਕਿ ਸਾਜ਼ਿਸ਼ ਦਾ ਇਹ ਦੋਸ਼ ਸਿੱਧ ਨਹੀਂ ਕੀਤਾ ਜਾ ਸਕਿਆ। ਹਰਸ਼ਦ ਮਹਿਤਾ ਦੀ ਮੌਤ ਪਿੱਛੋਂ 2001 ਦਾ ਉਸ ਦੇ ਖਿਲਾਫ ਮਾਮਲਾ ਬੰਦ ਕਰ ਦਿੱਤਾ ਗਿਆ ਸੀ।

# ਕਾਂਗਰਸ ਆਗੂ ਸ਼ੈਲਜਾ ਉਤੇ 3.5 ਕਰੋੜ ਵਿੱਚ ਟਿਕਟ ਵੇਚਣ ਦਾ ਦੋਸ਼ ਲੱਗਾ

ਜੈਪੁਰ, 8 ਨਵੰਬਰ (ਪੋਸਟ ਬਿਊਰੋ)- ਰਾਜਸਥਾਨ ਵਿਧਾਨ ਸਭਾ ਚੋਣਾਂ ਵਿੱਚ ਟਿਕਟ ਵੰਡ ਬਾਰੇ ਕਾਂਗਰਸੀ ਨੇਤਾਵਾਂ ਉਤੇ ਦੋਸ਼ ਲੱਗਣ ਦਾ ਸਿਲਸਿਲਾ ਤੇਜ਼ ਹੁੰਦਾ ਜਾਂਦਾ ਹੈ। ਪਾਰਟੀ ਦੇ ਚਾਰ ਕੌਮੀ ਸੈਕਟਰੀਆਂ ਦੇ ਬਾਅਦ ਸਕਰੀਨਿੰਗ ਕਮੇਟੀ ਦੀ ਚੇਅਰਪਰਸਨ ਕੁਮਾਰੀ ਸ਼ੈਲਜਾ ਉੱਤੇ 3.5 ਕਰੋੜ ਰੁਪਏ ਵਿੱਚ ਟਿਕਟ ਵੇਚਣ ਦਾ ਦੋਸ਼ ਲੱਗ ਗਿਆ ਹੈ। ਉਂਜ ਪਾਰਟੀ ਨੇ ਇਸ ਤਰ੍ਹਾਂ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।



ਕੁਮਾਰੀ ਸ਼ੈਲਜਾ 'ਤੇ ਲਾਏ ਗਏ ਦੋਸ਼ਾਂ 'ਤੇ ਕੇਂਦਰੀ ਖੇਤੀ ਰਾਜ ਮੰਤਰੀ ਅਤੇ ਭਾਜਪਾ ਆਗੂ ਗਜੇਂਦਰ ਸਿੰਘ ਸ਼ੇਖਾਵਤ ਨੇ ਵਿਅੰਗ ਕੱਸਿਆ ਅਤੇ ਗਾਣਾ ਗੁਣਗੁਣਾਉਂਦੇ ਹੋਏ ਕਿਹਾ, ‘ਨਾਮ ਬੜੇ ਹੈਂ ਔਰ ਕਾਮ ਹੈਂ ਖੋਟੇ, ਟਿਕਟ ਕੇ ਲੀਏ ਰੁਪਏ ਲੇਤੇ ਹੈਂ ਮੋਟੇ।’ ਸ਼ੇਖਾਵਤ ਨੇ ਕੁਮਾਰੀ ਸ਼ੈਲਜਾ ਦੇ ਖਿਲਾਫ ਪੋਸਟਰ ਲਾਉਣ ਵਾਲਿਆਂ ਨੂੰ ਧੰਨਵਾਦ ਦਿੱਤਾ ਹੈ।

ਦੂਸਰੇ ਪਾਸੇ ਦਿੱਲੀ ਵਿੱਚ ਕਾਂਗਰਸ ਹੈੱਡਕੁਆਰਟਰ ਦੇ ਟਾਇਲੈੱਟ ਅਤੇ ਜੈਪੁਰ ਵਿੱਚ ਇੱਕ ਸਥਾਨ ਉੱਤੇ ਚਿਪਕੇ ਹੋਏ ਇੱਕ ਪੋਸਟਰ ਵਿੱਚ ਸ਼ੈਲਜਾ 'ਤੇ ਫਲੌਦੀ ਵਿਧਾਨ ਸਭਾ ਖੇਤਰ ਦੀ ਟਿਕਟ 3.5 ਕਰੋੜ ਰੁਪਏ ਵਿੱਚ ਵੇਚਣ ਦਾ ਦੋਸ਼ ਲਾਇਆ ਗਿਆ ਹੈ। ਇਸ ਪੋਸਟਰ ਵਿੱਚ ਸ਼ੈਲਜਾ ਨਾਲ ਇੱਕ ਹੋਰ ਮਹਿਲਾ ਦਾ ਫੋਟੋ ਛਪਿਆ ਹੈ। ਪੋਸਟਰ ਅਨੁਸਾਰ ਇਸ ਸੀਟ 'ਤੇ ਸਾਬਕਾ ਪਾਰਲੀਮੈਂਟਰੀ ਸੈਕਟਰੀ ਵਿਜੇਲਕਸ਼ਮੀ ਬਿਸ਼ਨੋਈ ਨੂੰ 3.5 ਕਰੋੜ ਰੁਪਏ ਵਿੱਚ ਕਾਂਗਰਸ ਟਿਕਟ ਵੇਚੀ ਗਈ ਹੈ। ਇਹ ਪੋਸਟਰ ਕੱਲ੍ਹ ਰਾਤ ਸੋਸ਼ਲ ਮੀਡੀਆ 'ਤੇ ਵਾਇਰਲ ਵੀ ਹੋਇਆ। ਸੂਬਾ ਕਾਂਗਰਸ ਪ੍ਰਧਾਨ ਸਚਿਨ ਪਾਇਲਟ ਨੇ ਜੈਪੁਰ ਵਿੱਚ ਇਸ ਤਰ੍ਹਾਂ ਦੇ ਦੋਸ਼ਾਂ ਨੂੰ ਗਲਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੂਰੀ ਪਾਰਦਰਸ਼ਿਤਾ ਨਾਲ ਕੰਮ ਹੋ ਰਿਹਾ ਹੈ। ਕਾਂਗਰਸ ਦੇ ਕੌਮੀ ਜਨਰਲ ਸੈਕਟਰੀ ਅਵਿਨਾਸ਼ ਪਾਂਡੇ ਨੇ ਵੀ ਇਸ ਤਰ੍ਹਾਂ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।

## ਕਤਲ ਦੇ 38 ਸਾਲਾਂ ਪਿੱਛੋਂ ਦੋਸ਼ੀ ਸੁਪਰੀਮ ਕੋਰਟ ਤੋਂ ਬਰੀ ਹੋਇਆ

ਨਵੀਂ ਦਿੱਲੀ, 8 ਨਵੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਕਤਲ ਦੇ ਇੱਕ ਕੇਸ ਵਿੱਚ 38 ਸਾਲ ਬਾਅਦ ਸੁਪਰੀਮ ਕੋਰਟ ਨੇ ਇੱਕ ਦੋਸ਼ੀ ਰਾਮਵੀਰ ਨੂੰ ਬਰੀ ਕਰ ਦਿੱਤਾ ਹੈ। ਕਾਸਗੰਜ ਜ਼ਿਲ੍ਹੇ ਦੇ ਪਟਿਆਲੀ ਥਾਣਾ ਖੇਤਰ ਵਿੱਚ 25 ਦਸੰਬਰ 1980 ਨੂੰ ਸ਼ਾਮ ਪੰਜ ਵਜੇ ਸੀਆਰਾਮ ਅਤੇ ਉਸ ਦਾ ਬੇਟਾ ਕਿਰਪਾਲ ਪੰਚਾਇਤ ਦੀ ਮੀਟਿੰਗ ਵਿੱਚ ਹਿੱਸਾ ਲੈਣ ਜਾ ਰਹੇ ਸਨ। ਇਸ ਦੌਰਾਨ ਰਾਮਵੀਰ ਅਤੇ ਪੰਜ ਹੋਰਨਾਂ ਨੇ ਅੰਨ੍ਹੇਵਾਹ ਫਾਇਰਿੰਗ ਕੀਤੀ, ਜਿਸ ਨਾਲ ਸੀਆਰਾਮ ਦੀ ਮੌਕੇ 'ਤੇ ਮੌਤ ਹੋ ਗਈ। ਹੇਠਲੀ ਅਦਾਲਤ ਨੇ ਜੁਲਾਈ 1983 ਨੂੰ ਰਾਮਵੀਰ ਨੂੰ ਦੋਸ਼ੀ ਮੰਨ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਤੇ ਪੰਜ ਹੋਰਨਾਂ ਨੂੰ ਬਰੀ ਕਰ ਦਿੱਤਾ। ਰਾਮਵੀਰ ਨੇ ਅਦਾਲਤ ਦੇ ਫੈਸਲੇ ਨੂੰ ਇਲਾਹਾਬਾਦ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ। ਹਾਈ ਕੋਰਟ ਨੇ 28 ਫਰਵਰੀ 2012 ਨੂੰ ਉਸ ਦੀ ਅਪੀਲ ਰੱਦ ਕਰ ਕੇ ਸਜ਼ਾ ਕਾਇਮ ਰੱਖੀ। ਫਿਰ ਕੇਸ ਸੁਪਰੀਮ ਕੋਰਟ ਚਲਾ ਗਿਆ। ਸੁਪਰੀਮ ਕੋਰਟ ਦੇ ਜਸਟਿਸ ਏ ਐੱਮ ਸਪਰੇ ਅਤੇ ਜਸਟਿਸ ਇੰਦੂ ਮਲਹੋਤਰਾ ਨੇ ਕਿਹਾ ਕਿ ਦੋਸ਼ੀ ਵਿਰੁੱਧ ਇਹੋ-ਜਿਹੇ ਸਬੂਤ ਨਹੀਂ ਮਿਲੇ, ਜਿਸ ਤੋਂ ਪਤਾ ਲੱਗਦਾ ਹੋਵੇ ਕਿ ਕਤਲ ਦੀ ਕਹਾਣੀ ਉਸ ਨੇ ਘੜੀ ਸੀ। ਜੋ ਚੱਲੇ ਕਾਰਤੂਸ ਮੌਕੇ ਤੋਂ ਮਿਲੇ, ਉਨ੍ਹਾਂ ਤੋਂ ਸਾਬਿਤ ਨਹੀਂ ਹੋਇਆ ਕਿ ਇਹ ਉਸੇ ਰਾਈਫਲ ਵਿੱਚੋਂ ਚੱਲੇ ਸਨ, ਜੋ ਰਾਮਵੀਰ ਕੋਲ ਸੀ। ਰਾਮਵੀਰ ਨੂੰ ਸ਼ੱਕ ਦਾ ਲਾਭ ਦੇ ਕੇ ਬਰੀ ਕਰ ਦਿੱਤਾ ਗਿਆ ਹੈ।

## ਚੋਰੀ ਦੇ ਸਾਫਟਵੇਅਰ ਨਾਲ ਹੀ ਭਾਰਤ ਦੇ ਚੱਲਦੇ ਹਨ 91 ਫੀਸਦੀ ਕੰਪਿਊਟਰ: ਮਾਈਕਰੋਸਾਫਟ

ਨਵੀਂ ਦਿੱਲੀ, 8 ਨਵੰਬਰ (ਪੋਸਟ ਬਿਊਰੋ)- ਭਾਰਤ ਵਿੱਚ 91 ਫੀਸਦੀ ਤੋਂ ਵੱਧ ਪ੍ਰਸਨਲ ਕੰਪਿਊਟਰ ਚੋਰੀ ਕੀਤੇ ਹੋਏ ਸਾਫਟਵੇਅਰ ਨਾਲ ਚੱਲ ਰਹੇ ਹਨ। ਇਹ ਖੁਲਾਸਾ ਮਾਈਕਰੋਸਾਫਟ ਨੇ ਕੀਤਾ ਹੈ। ਮਾਈਕਰੋਸਾਫਟ ਦੀ ਰਿਪੋਰਟ ਮੁਤਾ-ਬਕ ਭਾਰਤ ਸਮੇਤ ਨੌਂ ਦੇਸ਼ਾਂ ਵਿੱਚ ਚੋਰੀ ਦੇ ਸਾਫਟਵੇਅਰ ਨਾਲ ਚੱਲ ਰਹੇ ਕੰਪਿਊਟਰ ਸਿਸਟਮ ਦੀ ਗਿਣਤੀ ਸਭ ਤੋਂ ਵੱਧ ਹੈ। ਇਸ ਦੇ ਵਿਸ਼ਲੇਸ਼ਣ ਲਈ ਮਾਈਕਰੋਸਾਫਟ ਨੇ ਇਸ ਸਾਲ ਮਈ ਤੋਂ ਜੁਲਾਈ 'ਚ ਭਾਰਤ ਸਮੇਤ ਹੋਰ ਦੇਸ਼ਾਂ ਤੋਂ ਪ੍ਰਸਨਲ ਕੰਪਿਊਟਰ ਦੀ ਖਰੀਦਦਾਰੀ ਕੀਤੀ ਅਤੇ ਉਨ੍ਹਾਂ ਦਾ ਪ੍ਰੀਖਣ ਕੀਤਾ। ਮਾਈਕਰੋਸਾਫਟ ਵੱਲੋਂ ਨੌਂ ਦੇਸ਼ਾਂ ਵਿੱਚੋਂ ਖਰੀਦੇ 166 ਨਿੱਜੀ ਕੰਪਿਊਟਰਾਂ ਵਿੱਚੋਂ 22 ਕੰਪਿਊਟਰ ਭਾਰਤ ਤੋਂ ਖਰੀਦੇ ਗਏ ਸਨ। ਇਨ੍ਹਾਂ ਨੂੰ





ਦੇਸ਼ ਭਰ ਦੇ ਵੱਖ-ਵੱਖ ਸਥਾਨਾਂ ਤੋਂ ਖਰੀਦਿਆ ਗਿਆ ਸੀ। ਇਨ੍ਹਾਂ ਦੀ ਜਾਂਚ 'ਚ ਪਾਇਆ ਗਿਆ ਕਿ ਇਨ੍ਹਾਂ ਸਾਰੇ ਨੌਂ ਏਸ਼ੀਆਈ ਦੇਸ਼ਾਂ ਦੇ 83 ਫੀਸਦੀ ਤੋਂ ਵੱਧ ਕੰਪਿਊਟਰ ਚੋਰੀ ਦੇ ਸਾਫਟਵੇਅਰ ਨਾਲ ਚੱਲਦੇ ਹਨ। ਕੁਝ ਦੇਸ਼ਾਂ 'ਚ 100 ਫੀਸਦੀ ਕੰਪਿਊਟਰ ਚੋਰੀ ਦੇ ਸਾਫਟਵੇਅਰ ਨਾਲ ਚਲਦੇ ਹਨ। ਮਾਈਕਰੋਸਾਫਟ ਦੀ ਜਾਂਚ ਮੁਤਾਬਕ ਦੱਖਣ ਕੋਰੀਆ ਮਲੇਸ਼ੀਆ, ਵੀਅਤਨਾਮ ਤੇ ਥਾਈਲੈਂਡ 'ਚ ਲਗਭਗ ਸਾਰੇ ਪ੍ਰਸਨਲ ਕੰਪਿਊਟਰ ਚੋਰੀ ਦੇ ਸਾਫਟਵੇਅਰ 'ਤੇ ਚੱਲਦੇ ਹਨ।

## ਕਾਂਗਰਸ ਲੋਕ ਸਭਾ ਵਿੱਚ 49 ਸੀਟਾਂ ਉੱਤੇ ਪਹੁੰਚੀ, ਪਰ ਵਿਰੋਧੀ ਧਿਰ ਦਾ ਦਰਜਾ ਨਹੀਂ

ਨਵੀਂ ਦਿੱਲੀ, 8 ਨਵੰਬਰ (ਪੋਸਟ ਬਿਊਰੋ)- ਸਾਲ 2014 ਦੌਰਾਨ ਲੋਕ ਸਭਾ ਚੋਣਾਂ ਵਿੱਚ 44 ਮੈਂਬਾਂ ਨਾਲ ਲੋਕ ਸਭਾ ਦੇ ਪਹੁੰਚੀ ਕਾਂਗਰਸ ਨੇ 53 ਮਹੀਨਿਆਂ ਵਿੱਚ ਆਪਣੇ ਪੰਜ ਪਾਰਲੀਮੈਂਟ ਮੈਂਬਰ ਵਧਾ ਲਏ ਹਨ। ਕਰਨਾਟਕ ਦੀ ਬੇਲਾਰੀ ਲੋਕ ਸਭਾ ਸੀਟ ਜਿੱਤਣ ਪਿੱਛੋਂ ਕਾਂਗਰਸ ਮੈਂਬਰਾਂ ਦੀ ਗਿਣਤੀ 49 ਹੋ ਗਈ ਹੈ। ਇਸ ਦੇ ਬਾਵਜੂਦ ਕਾਂਗਰਸ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਵਾਲੇ ਦਾਅਵੇ ਤੋਂ ਦੂਰ ਹੈ। ਇਹ ਦਰਜਾ 54 ਮੈਂਬਰਾਂ ਨਾਲ ਮਿਲ ਸਕਦਾ ਹੈ।

ਪਿਛਲੀਆਂ ਚੋਣਾਂ ਤੋਂ ਬਾਅਦ ਅੱਜ ਤੱਕ ਲੋਕ ਸਭਾ ਦੀਆਂ 16 ਉਪ ਚੋਣਾਂ ਹੋਈਆਂ ਹਨ, ਜਿਸ ਵਿੱਚ ਸਭ ਤੋਂ ਵੱਧ ਮੈਂਬਰ ਭਾਜਪਾ ਨੇ ਗਵਾਏ ਹਨ। ਹਾਕਮ ਦਲ ਭਾਜਪਾ ਨੇ 2014 ਦੇ ਬਾਅਦ ਤੋਂ ਅੱਜ ਤੱਕ 10 ਪਾਰਲੀਮੈਂਟ ਮੈਂਬਰ ਗਵਾਏ ਹਨ। ਕਾਂਗਰਸ ਨੇ ਉਸ ਤੋਂ ਪੰਜ ਸੀਟਾਂ ਖੋਹ ਲਈਆਂ ਹਨ। ਸਾਢੇ ਚਾਰ ਸਾਲ ਪਹਿਲਾਂ 282 ਪਾਰਲੀਮੈਂਟ ਮੈਂਬਰਾਂ ਦੇ ਨਾਲ ਜਿੱਤ ਦਰਜ ਕਰਾਉਣ ਵਾਲੀ ਭਾਜਪਾ ਕਰਨਾਟਕ ਦੀ ਹਾਰ ਦੇ ਬਾਅਦ 272 ਮੈਂਬਰਾਂ ਤੱਕ ਆ ਗਈ ਹੈ। ਲੋਕ ਸਭਾ ਵਿੱਚ ਕੁੱਲ 543 ਮੈਂਬਰਾਂ ਦੇ ਆਧਾਰ ਉੱਤੇ ਭਾਜਪਾ ਅਜੇ ਵੀ ਇਕੱਲੇ ਬਹੁਮਤ ਦੇ ਅੰਕੜੇ ਨੂੰ ਹਾਸਲ ਕਰਦੀ ਹੈ। ਇਸ ਦੌਰਾਨ ਮੈਂਬਰਾਂ ਦੀ ਗਿਣਤੀ ਘਟ ਕੇ 532 ਹੋਣ ਦੇ ਕਾਰਨ ਉਸ ਦੇ ਲਈ ਹੋਰ ਵੀ ਰਾਹਤ ਦੀ ਗੱਲ ਹੈ। ਕਾਂਗਰਸ ਲਈ ਬੇਲਾਰੀ ਸੀਟ ਉੱਤੇ ਵਾਪਸੀ ਦੱਖਣ ਭਾਰਤ ਵਿੱਚ ਉਸ ਦੀ ਵਾਪਸੀ ਦੇ ਸ਼ੁੱਭ ਸੰਕੇਤ ਹਨ। ਇਕ ਸਮੇਂ ਬੇਲਾਰੀ ਸੀਟ ਨੂੰ ਕਾਂਗਰਸ ਦਾ ਗੜ੍ਹ ਮੰਨਿਆ ਜਾਂਦਾ ਸੀ, ਪਰ ਮਾਈਨਿੰਗ ਕਾਰੋਬਾਰੀ ਰੈਡੀ ਭਰਾਵਾਂ ਦੇ ਭਾਜਪਾ ਨਾਲ ਖੜੇ ਹੋ ਜਾਣ ਦੇ ਕਾਰਨ ਭਾਜਪਾ ਉਥੇ ਮਜ਼ਬੂਤ ਹੋ ਗਈ। ਕਾਂਗਰਸ ਨੇ 14 ਸਾਲਾਂ ਦੇ ਬਨਵਾਸ ਦੇ ਬਾਅਦ ਬੇਲਾਰੀ ਸੀਟ 'ਤੇ ਵਾਪਸੀ ਕੀਤੀ ਹੈ।

## ਕਰਨਾਟਕ ਸਰਕਾਰ 10 ਨਵੰਬਰ ਨੂੰ ਟੀਪੂ ਜਯੰਤੀ ਮਨਾਉਣ ਲੱਗੀ, ਕੇਂਦਰੀ ਮੰਤਰੀ ਨਾਰਾਜ਼



ਬੰਗਲੌਰ, 8 ਨਵੰਬਰ (ਪੋਸਟ ਬਿਊਰੋ)- ਕਰਨਾਟਕ ਵਿੱਚ ਟੀਪੂ ਸੁਲਤਾਨ ਜਯੰਤੀ ਉੱਤੇ ਫਿਰ ਸਿਆ-ਸਤ ਭਖ ਰਹੀ ਹੈ। ਪਰਸੋਂ ਸਰਕਾਰ ਨੇ 10 ਨਵੰਬਰ ਨੂੰ ਟੀਪੂ ਸੁਲਤਾਨ ਦੀ ਜਯੰਤੀ ਮਨਾਉਣ ਦਾ ਫੈਸਲਾ ਕੀਤਾ ਤੇ ਭਾਜਪਾ ਨੇ ਵਿਰੋਧ ਕੀਤਾ ਅਤੇ ਸਰਕਾਰ ਨੂੰ ਕਿਹਾ ਕਿ ਉਹ ਜਯੰਤੀ ਮਨਾਉਣ ਦਾ ਫੈਸਲਾ ਤੁਰੰਤ ਵਾਪਸ ਲਵੇ।

ਉਪ ਮੁੱਖ ਮੰਤਰੀ ਜੀਦ ਪਰਮੇਸ਼ਵਰ ਨੇ ਜਯੰਤੀ ਦੀਆਂ ਤਿਆਰੀਆਂ ਬਾਰੇ ਅਧਿਕਾਰੀਆਂ ਨਾਲ ਬੈਠਕ ਕੀਤੀ ਹੈ। ਉਨ੍ਹਾਂ ਨੇ ਸਾਰੇ ਜ਼ਿਲ੍ਹਿਆਂ ਵਿੱਚ ਟੀਪੂ ਜਯੰਤੀ ਮੌਕੇ ਸਮਾਰੋਹ ਆਯੋਜਤ ਕਰਨ ਦੇ ਹੁਕਮ ਦਿੱਤੇ ਹਨ। ਪਰਮੇਸ਼ਵਰ ਨੇ ਕਿਹਾ ਹੈ ਕਿ ਸਰਕਾਰ ਨੇ ਟੀਪੂ ਸੁਲਤਾਨ ਦੀ ਜਯੰਤੀ ਦੇ ਦੌਰਾਨ ਧਰਨਾ-ਪ੍ਰਦਰਸ਼ਨ 'ਤੇ ਪਾਬੰਦੀ ਲਾਈ ਹੈ। ਦੂਸਰੇ ਪਾਸੇ ਕੇਂਦਰੀ ਮੰਤਰੀ ਅਨੰਤ ਹੇਗੜੇ ਨੇ ਕਰਨਾਟਕ ਸਰਕਾਰ ਦੀ ਨਿੰਦਾ ਕੀਤੀ ਤੇ ਕਿਹਾ ਕਿ ਉਨ੍ਹਾਂ ਨੂੰ ਟੀਪੂ ਦੀ ਜਯੰਤੀ ਨਾਲ ਜੁੜੇ ਕਿਸੇ ਵੀ ਸਮਾਰੋਹ ਜਾਂ ਪ੍ਰੋਗਰਾਮ ਵਿੱਚ ਸੱਦਾ ਪੱਤਰ ਨਾ ਭੇਜਿਆ ਜਾਏ। ਚੀਫ ਸੈਕਟਰੀ ਨੂੰ ਲਿਖੇ ਪੱਤਰ ਵਿੱਚ ਕੇਂਦਰੀ ਮੰਤਰੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਨਾਂਅ ਸੱਦਾ ਪੱਤਰ ਦੇਣ ਵਾਲਿਆਂ ਦੀ ਸੂਚੀ ਵਿੱਚ ਸ਼ਾਮਲ ਨਾ ਕੀਤਾ ਜਾਏ।

# ਆਪਰੇਸ਼ਨ ਗ੍ਰੀਨ ਨੂੰ ਇੱਕ ਵਾਰ ਫਿਰ ਰਫਤਾਰ ਦੇਣ ਦੀ ਤਿਆਰੀ

ਨਵੀਂ ਦਿੱਲੀ, 8 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੀ ਮਹੱਤਵ ਪੂਰਨ ਯੋਜਨਾ ਆਪਰੇਸ਼ਨ ਗ੍ਰੀਨ ਨੂੰ ਰਫਤਾਰ ਦੇਣ ਦੀਆਂ ਤਿਆਰੀਆਂ ਫਿਰ ਤੇਜ਼ ਹੋ ਗਈਆਂ ਹਨ। ਸੋਧੇ ਹੋਏ ਨਿਰਦੇਸ਼ ਜਾਰੀ ਕਰਨ ਦੇ ਨਾਲ ਨਿਸ਼ਾਨਦੇਹੀ ਵਾਲੇ ਰਾਜਾਂ ਦੀ ਸੂਚੀ ਜਾਰੀ ਕਰ ਦਿੱਤੀ ਗਈ ਹੈ। ਟਮਾਟਰ, ਪਿਆਜ ਅਤੇ ਆਲੂ (ਟਾਪ) ਪੈਦਾਵਾਰ ਕਰਦੇ ਰਾਜਾਂ ਦੇ ਵੱਡੇ ਕਲਸਟਰ ਦੀ ਨਿਸ਼ਾਨਦੇਹੀ ਕੀਤੀ ਗਈ ਅਤੇ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਖੁਰਾਕ ਮੰਤਰਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਪਰੇਸ਼ਨ ਗਰੀਨ ਬਾਰੇ ਬੜਾ ਗੰਭੀਰ ਹੈ। ਆਪਰੇਸ਼ਨ ਗਰੀਨ ਵਿੱਚ ਟਮਾਟਰ, ਪਿਆਜ ਅਤੇ ਆਲੂ ਵਰਗੀਆਂ ਸਬਜ਼ੀਆਂ ਨੂੰ ਪੈਦਾ ਕਰਨ ਤੇ ਸੁਰੱਖਿਅਤ ਕਰਨ ਦੀ ਰਣਨੀਤੀ ਦੇ ਖਰੜੇ ਨੂੰ ਮੰਤਰਾਲੇ ਨੇ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਦੀ ਦੇਸ਼ ਵਿੱਚ ਸਪਲਾਈ ਬਾਰੇ ਖਰੜਾ ਤਿਆਰ ਕੀਤਾ ਗਿਆ ਹੈ। ਇਨ੍ਹਾਂ ਦੇ ਮੁੱਲ ਦੀ ਸੰਵੇਦਨਸ਼ੀਲਤਾ ਨੂੰ ਵੇਖ ਕੇ ਸਰਕਾਰ ਨੇ ਆਪਰੇਸ਼ਨ ਗਰੀਨ ਸ਼ੁਰੂ ਕਰਨ ਦਾ ਐਲਾਨ ਚਾਲੂ ਵਿੱਤ ਸਾਲ



2018-19 ਦੇ ਆਮ ਬਜਟ ਵਿੱਚ ਕੀਤਾ ਸੀ। ਇਨ੍ਹਾਂ ਸਬਜ਼ੀਆਂ ਦੇ ਨਾਲ ਉਨ੍ਹਾਂ ਦੀ ਵੈਲਿਊ ਚੇਨ ਨੂੰ ਮਜ਼ਬੂਤ ਬਣਾਉਣ ਦੀ ਯੋਜਨਾ ਹੈ। ਖੁਰਾਕ ਤੇ ਉਦਯੋਗ ਮੰਤਰਾਲੇ ਨੇ ਇਸ ਦੇ ਲਈ ਤਤਕਾਲੀ ਅਤੇ ਦੂਰ-ਗਾਮੀ ਉਪਾਅ ਕੀਤੇ ਹਨ। ਮੰਤਰਾਲੇ ਦੇ ਸੂਤਰਾਂ ਮੁਤਾਬਕ ਫੌਰੀ ਉਪਾਵਾਂ ਨਾਲ ਕੀਮਤ ਕੰਟਰੋਲ ਦੀ ਯੋਜਨਾ ਹੇਠ ਨੈਫੇਡ ਨੂੰ ਨੋਡਲ ਏਜੰਸੀ ਬਣਾਇਆ ਗਿਆ ਹੈ। ਖੁਰਾਕ ਉਦਯੋਗ ਮੰਤਰਾਲਾ ਇਸ ਦੇ ਲਈ ਦੋ ਹਿੱਸਿਆਂ ਵਿੱਚ ਸਬਸਿਡੀ ਦੇਵੇਗਾ। ਟਾਪ ਜਿਣਸਾਂ (ਟਮਾਟਰ, ਪਿਆਜ਼ ਅਤੇ ਆਲੂ) ਨੂੰ ਉਤਪਾਦਕ ਸਥਾਨਾਂ ਤੋਂ ਗੋਦਾਮਾਂ ਤੱਕ ਢੁਆਈ ਤੇ ਇਨ੍ਹਾਂ ਦੇ ਭੰਡਾਰ ਦੇ ਖਰਚ 'ਤੇ ਸਬਸਿਡੀ ਦਿੱਤੀ ਜਾਏਗੀ।

ਟਮਾਟਰ ਪੈਦਾਵਾਰ ਵਾਲੇ ਖੇਤਰਾਂ ਵਿੱਚ ਆਂਧਰਾ ਪ੍ਰਦੇਸ਼, ਕਰਨਾਟਕ ਤੇ ਉੜੀਸਾ ਦੇ ਦੋ-ਦੋ ਜ਼ਿਲ੍ਹੇ ਅਤੇ ਗੁਜਰਾਤ ਦੇ ਇੱਕ ਜ਼ਿਲ੍ਹੇ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਪਿਆਜ਼ ਪੈਦਾਵਾਰ ਦੇ ਖੇਤਰਾਂ ਵਿੱਚ ਮਹਾਰਾਸ਼ਟਰ ਦਾ ਨਾਸਿਕ, ਕਰਨਾਟਕ ਦੇ ਦੋ ਜ਼ਿਲ੍ਹੇ, ਗੁਜਰਾਤ ਦੇ ਦੋ ਜ਼ਿਲ੍ਹੇ ਅਤੇ ਬਿਹਾਰ ਦੇ ਨਾਲੰਦਾ ਨੂੰ ਚੁਣਿਆ ਹੈ। ਆਲੂ ਦੇ ਮਾਮਲੇ ਵਿੱਚ ਉਤਰ ਪ੍ਰਦੇਸ਼ ਦੇ ਦੋ ਕਲਸਟਰਾਂ ਵਿੱਚ ਛੇ ਜ਼ਿਲ੍ਹੇ ਸ਼ਾਮਲ ਕੀਤੇ ਗਏ ਹਨ। ਪੱਛਮੀ ਬੰਗਾਲ ਦੇ ਦੋ ਜ਼ਿਲ੍ਹੇ, ਗੁਜਰਾਤ ਦੇ ਦੋ ਅਤੇ ਬਿਹਾਰ ਦਾ ਇੱਕ ਜ਼ਿਲ੍ਹਾ ਪ੍ਰਮੁੱਖ ਹੈ। ਵਿਧਾਨ ਸਭਾ ਚੋਣਾਂ ਦੀ ਸਮਾਪਤੀ ਦੇ ਬਾਅਦ ਇਸ ਸੂਚੀ ਵਿੱਚ ਸੋਧ ਕੀਤੀ ਜਾਵੇਗੀ।

## ਭਾਰਤ ਵਿੱਚ ਸੀ ਐੱਨ ਜੀ ਕਾਰਾਂ ਦੀ ਰਿਕਾਰਡ ਵਿਕਰੀ

ਨਵੀਂ ਦਿੱਲੀ, 8 ਨਵੰਬਰ (ਪੋਸਟ ਬਿਊਰੋ)- ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ ਵਾਧੇ ਕਾਰਨ ਸੀ ਐੱਨ ਜੀ ਨਾਲ ਚੱਲਣ ਵਾਲੀਆਂ ਕਾਰਾਂ ਦੀ ਵਿਕਰੀ ਲਈ ਚਲੰਤ ਸਾਲ ਇੱਕ ਰਿਕਾਰਡ ਸਾਲ ਹੋਵੇਗਾ। ਸੀ ਐੱਨ ਜੀ ਕਾਰਾਂ ਦੀ ਵਿਕਰੀ ਵਿੱਤੀ ਸਾਲ 2019 ਦੀ ਪਹਿਲੀ ਛਿਮਾਹੀ (ਅਪ੍ਰੈਲ-ਸਤੰਬਰ) ਦੌਰਾਨ ਲਗਭਗ 52 ਫੀਸਦੀ ਵਧੀ ਹੈ, ਪਰ ਕੁੱਲ ਕਾਰਾਂ ਦੀ ਵਿਕਰੀ 'ਚ ਸਿਰਫ ਸੱਤ ਫੀਸਦੀ ਦਾ ਵਾਧਾ ਹੋਇਆ ਹੈ।

ਇਨ੍ਹਾਂ ਕਾਰਾਂ ਦੇ ਖੇਤਰ ਵਿੱਚ ਮਾਰੂਤੀ-ਸੁਜ਼ੂਕੀ ਅਤੇ ਹੁੰਡਈ ਪ੍ਰਮੁੱਖ ਖਿਡਾਰੀ ਹਨ। ਮਾਰੂਤੀ-ਸੁਜ਼ੂਕੀ ਨੇ ਸੀ ਐੱਨ ਜੀ ਵਾਲਿਊਮ 'ਚ ਪੰਜਾਹ ਫੀਸਦੀ ਦਾ ਵਾਧਾ ਕਰ ਕੇ 55,000 ਇਕਾਈਆਂ ਦਾ ਵਾਧਾ ਕੀਤਾ ਹੈ। ਕੰਪਨੀ ਦਾ ਭਾਰਤ ਵਿੱਚ ਸੀ ਐੱਨ ਜੀ ਕਾਰਾਂ ਦਾ ਸਭ ਤੋਂ ਵੱਡਾ ਪੋਰਟਫੋਲੀਓ ਹੈ ਅਤੇ ਇਸ ਦਾ ਵੈਗਨਾਰ ਸਭ ਤੋਂ ਵੱਧ ਵਿਕਣ ਵਾਲਾ ਸੀ ਐੱਨ ਜੀ ਵਾਹਨ ਹੈ। ਇਸ ਸਾਲ ਸਤੰਬਰ 'ਚ ਸਰਕਾਰ ਨੇ 10,000 ਸੀ ਐੱਨ ਜੀ ਆਊਟਲੈਟਸ ਸ਼ੁਰੂ ਕਰਨ ਦੀ ਯੋਜਨਾ ਦੱਸੀ ਸੀ। ਇਹ ਸੀ ਐੱਨ ਜੀ ਵੱਲ ਆਟੋਮੋਬਾਈਲ ਤੇਲ ਦੇ ਰੂਪ ਵਿੱਚ ਸਰਕਾਰ ਦੀ ਪਹਿਲ ਜ਼ਾਹਰ ਕਰਦਾ ਹੈ।










# ਪ੍ਰੈਸ ਕਾਨਫਰੰਸ ਦੇ ਦੌਰਾਨ ਟਰੰਪ ਨੂੰ ਘੇਰਨ ਵਾਲੇ ਪੱਤਰਕਾਰ ਨੂੰ ਨਤੀਜਾ ਭੁਗਤਣਾ ਪਿਆ


ਪ੍ਰੈਸ ਕਾਨਫਰੰਸ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ।

ਵਾਸ਼ਿੰਗਟਨ, 8 ਨਵੰਬਰ (ਪੋਸਟ ਬਿਊਰੋ)- ਅਮਰੀਕੀ ਸੈਨੇਟ ਦੀਆਂ ਚੋਣਾਂ ਦੇ ਬਾਅਦ ਪ੍ਰੈੱਸ ਕਾਨਫਰੰਸ ’ਚ ਰਾਸ਼ਟਰਪਤੀ ਡੋਨਾਲਡ ਟਰੰਪ ਪੱਤਰਕਾਰਾਂ ਨਾਲ ਭਿੜ ਗਏ। ਵ੍ਹਾਈਟ ਹਾਊਸ ’ਚ ਹੋਈ ਪ੍ਰੈੱਸ ਕਾਨਫਰੰਸ ਵਿੱਚ ਪੱਤਰਕਾਰਾਂ ਨਾਲ ਝਗੜੇ ਦੌਰਾਨ ਗੁੱਸੇ ਵਿੱਚ ਆਏ ਟਰੰਪ ਨੇ ਇਕ ਰਿਪੋਰਟਰ ਨੂੰ ਅਸੱਭਿਆ ਅਤੇ ਬੇਰਹਿਮ ਕਿਹਾ, ਜਦ ਕਿ ਇਕ ਪੱਤਰਕਾਰ ਉਤੇ ਨਸਲੀ ਸਵਾਲ ਕਰਨ ਦਾ ਦੋਸ਼ ਵੀ ਲਾਇਆ ਗਿਆ।

ਤਕਰੀਬਨ ਡੇਢ ਘੰਟੇ ਦੀ ਪ੍ਰੈੱਸ ਕਾਨਫਰੰਸ ਦੌਰਾਨ ਕਈ ਵਾਰ ਟਰੰਪ ਰਿਪੋਰਟਰਾਂ ਦੇ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਮਾਈਕ੍ਰੋਫੋਨ ਛੱਡ ਕੇ ਗਏ।

ਇਸ ਦੌਰਾਨ ਡੋਨਾਲਡ ਟਰੰਪ ਨੇ ਕਿਹਾ, ‘ਇਹ ਮੀਡੀਆ ਦਾ ਦੁਸ਼ਮਣਾਂ ਵਾਂਗ ਵਿਹਾਰ ਹੈ ਤੇ ਬਹੁਤ ਨਿਰਾਸ਼ਾ ਜਨਕ ਹੈ।’ ਇਹੀ ਨਹੀਂ, ਟਰੰਪ ਨੇ ਕਥਿਤ ਨਸਲੀ ਸਵਾਲ ਪੁੱਛਣ ਵਾਲੇ ਸੀ ਐਨ ਐਨ ਦੇ ਰਿਪੋਰਟਰ ਦਾ ਪ੍ਰੈੱਸ ਪਾਸ ਰੱਦ ਕਰ ਦਿੱਤਾ। ਦੂਸਰੇ ਪਾਸੇ ਅਮਰੀਕਾ ਦੇ ਪ੍ਰੈੱਸ ਸੰਗਠਨਾਂ ਨੇ ਟਰੰਪ ਨਾਲ ਸੈਂਟਰਲ ਅਮਰੀਕਾ ਤੋਂ ਆਉਂਦੇ ਪ੍ਰਵਾਸੀਆਂ ਬਾਰੇ ਪ੍ਰਸ਼ਨ ਪੁੱਛਿਆ ਸੀ। ਇਸ ਉਤੇ ਟਰੰਪ ਨੇ ਜਵਾਬ ਦਿੱਤਾ, ‘ਮੈਂ ਸਮਝਦਾ ਹਾਂ, ਮੈਨੂੰ ਦੇਸ਼ ਚਲਾਉਣ ਦਿਓ ਤੇ ਤੁਸੀਂ ਆਪਣਾ ਚੈਨਲ ਚਲਾਓ।’ ਜਦ ਉਸ ਰਿਪੋਰਟਰ ਨੇ ਇਕ ਹੋਰ ਪੱਤਰਕਾਰ ਨੂੰ ਮਾਈਕ੍ਰੋਫੋਨ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਟਰੰਪ ਨੇ ਗੁੱਸੇ ’ਚ ਕਿਹਾ; ‘ਬਹੁਤ ਹੋ ਗਿਆ।’ ਇਸ ਪਿੱਛੋਂ ਰਿਪੋਰਟਰ ਨੇ ਫਿਰ ਪੁੱਛਿਆ ਕਿ ਕੀ ਜਾਂਚ ਬਾਰੇ ਲੱਗਦੇ ਦੋਸ਼ਾਂ ਨਾਲ ਤੁਸੀਂ ਚਿੰਤਾ ਕਰ ਰਹੇ ਹੋ ਤਾਂ ਟਰੰਪ ਨੇ ਖਿਝ ਕੇ ਕਿਹਾ, ‘ਤੁਹਾਨੂੰ ਕੀ ਕਿਹਾ, ਤੁਹਾਡੇ ਚੈਨਲ ਨੂੰ ਸ਼ਰਮਿੰਦਾ ਹੋਣਾ ਚਾਹੀਦਾ ਹੈ ਕਿ ਤੁਸੀਂ ਓਥੇ ਕੰਮ ਕਰਦੇ ਹੋ, ਤੁਸੀਂ ਅਸੱਭਿਅਅ ਅਤੇ ਬੇਰਹਿਮ ਹੋ। ਤੁਹਾਨੂੰ ਸੀ ਐਨ ਐਨ ਵਿੱਚ ਕੰਮ ਨਹੀਂ ਕਰਨਾ ਚਾਹੀਦਾ।’

# ਅਮਰੀਕੀ ਚੋਣਾਂ ਦੇ ਨਤੀਜਿਆਂ ’ਚ ਕਈ ਭਾਰਤੀਆਂ ਦੀ ਜਿੱਤ, ਕਈ ਪੱਛੜ ਗਏ



ਵਾਸ਼ਿੰਗਟਨ, 8 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਭਾਰਤੀ ਮੂਲ ਦੇ ਕਈ ਉਮੀਦਵਾਰ ਚੋਣ ਮੈਦਾਨ ਵਿੱਚ ਸਨ, ਜਿਨ੍ਹਾਂ ਵਿੱਚੋਂ ਕਈਆਂ ਦੀ ਜਿੱਤ ਹੋਈ ਤੇ ਕਈ ਪਛੜ ਗਏ ਹਨ।

ਮੱਧ ਕਾਲੀ ਚੋਣਾਂ ਵਿੱਚ 5 ਨਵੇਂ ਚੁਣੇ ਸੈਨੇਟ ਮੈਂਬਰਾਂ ਨੇ ਇਕ ਵਾਰ ਫਿਰ ਯੂ ਐਸ ਪ੍ਰਤੀਨਿਧੀ ਸਭ (ਉਤਲੇ ਸਦਨ) ਵਿੱਚ ਜਿੱਤ ਹਾਸਲ ਕੀਤੀ ਹੈ, ਪਰ ਭਾਰਤੀ ਮੂਲ ਦੇ ਜਿਨ੍ਹਾਂ ਉਮੀਦਵਾਰਾਂ ਨੂੰ ‘ਸਮੋਸਾ ਕੋਕਸ’ ਕਿਹਾ ਜਾਂਦਾ ਸੀ, ਉਨ੍ਹਾਂ ’ਚੋਂ ਕੁਝ ਇੰਨੀਆਂ ਵੋਟਾਂ ਨਹੀਂ ਲੈ ਸਕੇ, ਜਿੰਨੀ ਆਸ ਕੀਤੀ ਜਾਂਦੀ ਸੀ। ਕਰੀਬ ਇਕ ਦਰਜਨ ਭਾਰਤੀ ਮੂਲ ਦੇ ਉਮੀਦਵਾਰ ਅਮਰੀਕਾ ਦੇ ਇਸ ਸਦਨ ਵਿੱਚ ਕਿਸਮਤ ਅਜਮਾ ਰਹੇ ਸਨ, ਪਰ ਅੰਕੜੇ ਪਿਛਲੀ ਵਾਰ ਜਿੰਨੇ ਹੀ ਆਏ।

ਪਹਿਲਾਂ ਤੋਂ ਚੁਣੇ ਗਏ ‘ਸਮੋਸਾ ਕਾਕਸ’ ਦੇ ਮੈਂਬਰ ਐਮੀ ਬੇਰਾ, ਰੋਅ ਖੰਨਾ ਤੇ ਰਾਜਾ ਕ੍ਰਿਸ਼ਣਾਮੂਰਤੀ ਨੇ ਆਪਣੀਆਂ ਸੀਟਾਂ ਬਚਾ ਲਈਆਂ ਹਨ। ਐਮੀ ਬੇਰਾ ਚੌਥੀ ਵਾਰ ਅਤੇ ਬਾਕੀ ਲੋਕ ਦੂਜੀ ਵਾਰ ਸੈਨੇਟ (ਪਾਰਲੀਮੈਂਟ) ਦੇ ਮੈਂਬਰ ਚੁਣੇ ਗਏ ਹਨ। ਜੈਪਾਲ ਨੂੰ ਜ਼ਿਲੇ ਵਿੱਚ ਪਈਆਂ ਵੋਟਾਂ ’ਚੋਂ 83 ਫੀਸਦੀ ਵੋਟ ਅਤੇ ਖੰਨਾ ਨੂੰ 72 ਫੀਸਦੀ ਵੋਟਾਂ ਤੇ ਕ੍ਰਿਸ਼ਣਮੂਰਤੀ ਨੂੰ 65 ਫੀਸਦੀ ਵੋਟਾਂ ਮਿਲੀਆਂ। ਪਿਛਲੀਆਂ 3 ਚੋਣਾਂ ਦੇ ਮੁਕਾਬਲੇ ਬੇਰਾ ਨੇ ਇਸ ਵਾਰ ਹੋਰ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ। ਉਨ੍ਹਾਂ ਨੂੰ ਇਕੱਲਿਆਂ ਨੂੰ 53 ਫੀਸਦੀ ਵੋਟ ਮਿਲੇ, ਜਦ ਕਿ ਵਿਰੋਧੀਆਂ ਨੂੰ 47 ਫੀਸਦੀ ਵੋਟਾਂ ਮਿਲੀਆਂ।

ਆਪਣੇ ਆਪ ਨੂੰ ਹਿੰਦੂ-ਅਮਰੀਕਨ ਕਹਿਣ ਵਾਲੀ ਤੁਲਸੀ ਗਾਬਾਰਡ ਨੇ ਹਵਾਈ ਦੀ ਆਪਣੀ ਸੀਟ ਬਚਾ ਲਈ ਹੈ, ਪਰ ਦੋ ਹੋਰ ਭਾਰਤੀ-ਅਮਰੀਕੀ ਔਰਤਾਂ ਐਰੀਜੋਨਾ ਵਿੱਚ ਸਖਤ ਟੱਕਰ ਦੇ ਬਾਅਦ ਵੀ ਆਪਣੇ ਰੀਪਬਲਿਕਨ ਵਿਰੋਧੀਆਂ ਤੋਂ ਹਾਰ ਗਈਆਂ। ਐਰੀਜੋਨਾ ਦੇ 8ਵੇਂ ਜ਼ਿਲੇ ’ਚ ਹਿਰਲ ਤਿਪਿਰਨੇਨੀ ਨੂੰ 94,000 ਵੋਟਾਂ ਮਿਲੀਆਂ ਜਦ ਕਿ ਡੇਬੀ ਲੇਸਕੋ ਨੇ 1,23,000 ਵੋਟਾਂ ਹਾਸਲ ਕਰਕੇ ਜਿੱਤ ਦਰਜ ਕੀਤੀ। ਐਰੀਜੋਨਾ ਦੇ ਛੇਵੇਂ ਜ਼ਿਲੇ ’ਚ ਅਨੀਤਾ ਮਲਿਕ ਨੂੰ 95,000 ਵੋਟਾਂ ਹਾਸਲ ਕਰਨ ਪਿੱਛੋਂ ਵੀ ਹਾਰ ਹੋਈ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਸਾਬਕਾ ਅਧਿਕਾਰੀ ਪ੍ਰੇਸਟਨ ਕੁਲਕਰਣੀ ਨੂੰ ਟੈਕਸਾਸ ’ਚ ਹਾਰ ਦਾ ਮੂੰਹ ਦੇਖਣਾ ਪਿਆ ਅਤੇ ਫਲੋਰੀਡਾ ਵਿੱਚ ਸੰਜੇ ਪਟੇਲ, ਅਰਕਾਨਸਾਸ ਵਿੱਚ ਚਿੰਤਨ ਦੇਸਾਈ ਅਤੇ ਕਨੈਕਟੀਕਟ ’ਚ ਹੈਰੀ ਅਰੋੜਾ ਨੂੰ ਹਾਰ ਝੱਲਣੀ ਪਈ ਹੈ।

# ਘੱਟ ਨੀਂਦ ਲੈਣਾ ਵੀ ਡੀਹਾਈਡਰੇਸ਼ਨ ਨਾਲ ਜੁੜਿਐ

ਨਿਊਯਾਰਕ, 8 ਨਵੰਬਰ (ਪੋਸਟ ਬਿਊਰੋ)- ਇਕ ਖੋਜ ਅਨੁਸਾਰ ਜੋ ਵਿਅਕਤੀ ਅੱਠ ਘੰਟੇ ਦੀ ਬਜਾਏ ਹਰ ਰਾਤ ਛੇ ਘੰਟੇ ਸੌਂਦੇ ਹਨ, ਉਨ੍ਹਾਂ ਵਿੱਚ ਡੀਹਾਈਡਰੇਸ਼ਨ ਤੋਂ ਪੀੜਤ ਹੋਣ ਦਾ ਖਤਰਾ ਵੱਧ ਰਹਿੰਦਾ ਹੈ। ਖੋਜ ਨੇ ਇਸ ਗੱਲ 'ਤੇ ਵੀ ਰੋਸ਼ਨੀ ਪਾਈ ਹੈ ਕਿ ਰਾਤ ਨੂੰ ਘੱਟ ਨੀਂਦ ਦੇ ਬਾਅਦ ਜੋ ਲੋਕ ਠੀਕ ਮਹਿਸੂਸ ਨਹੀਂ ਕਰਦੇ ਅਤੇ ਡੀਹਾਈਡ੍ਰੇਟੇਡ ਮਹਿਸੂਸ ਕਰਦੇ ਹਨ, ਉਨ੍ਹਾਂ ਨੂੰ ਜ਼ਿਆਦਾ ਪਾਣੀ ਪੀਣ ਉੱਤੇ ਧਿਆਨ ਦੇਣਾ ਚਾਹੀਦਾ ਹੈ।

ਡੀਹਾਈਡਰੇਸ਼ਨ ਨਕਾਰਾਤਮਕ ਰੂਪ ਨਾਲ ਸਰੀਰ ਦੀ ਪ੍ਰਣਾਲੀ ਅਤੇ ਕਾਰਜਾਂ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਵਿੱਚ ਮੂਡ, ਸਰੀਰਕ ਪ੍ਰਦਰਸ਼ਨ ਅਤੇ ਹੋਰ ਸ਼ਾਮਲ ਹੈ। ਲੰਬੀ ਮਿਆਦ ਦੀ ਅਤੇ ਪੁਰਾਣੀ ਡੀਹਾਈਡਰੇਸ਼ਨ ਦੀ ਸਮੱਸਿਆ ਕਈ ਗੰਭੀਰ ਪਰੇਸ਼ਾਨੀਆਂ ਪੈਦਾ ਕਰ ਸਕਦੀ ਹੈ ਜਿਵੇਂ ਪੇਸ਼ਾਬ ਵਿੱਚ ਇਨਫੈਕਸ਼ਨ ਦਾ ਜ਼ੋਖਮ ਤੇ ਪੱਥਰੀ। ਯੂਨੀਵਰਸਿਟੀ ਆਫ ਪੇਨੀਸਲਵੇਨੀਆ ਦੇ ਸਹਾਇਕ ਪ੍ਰੋਫੈਸਰ ਏਸ਼ਰ ਰੋਸਿੰਗਰ ਨੇ ਕਿਹਾ, ‘ਜੇ ਤੁਸੀਂ ਰੋਜ਼ ਕੇਵਲ ਛੇ ਘੰਟੇ ਨੀਂਦ ਲੈ ਰਹੇ ਹੋ ਤਾਂ ਇਸ ਨਾਲ ਤੁਹਾਡਾ ਡੀਹਾਈਡਰੇਸ਼ਨ ਪੱਧਰ ਪ੍ਰਭਾਵਿਤ ਹੋ ਸਕਦਾ ਹੈ। ਇਹ ਸਟੱਡੀ ਦੱਸਦੀ ਹੈ ਕਿ ਜੇ ਤੁਸੀਂ ਜ਼ਰੂਰੀ ਨੀਂਦ ਨਹੀਂ ਲੈ ਰਹੇ ਅਤੇ ਅਗਲੇ ਦਿਨ ਥੱਕਿਆ ਤੇ ਠੀਕ ਨਹੀਂ ਮਹਿਸੂਸ ਕਰਦੇ ਤਾਂ ਤੁਸੀਂ ਜ਼ਿਆਦਾ ਪਾਣੀ ਪੀਓ।'

# ਭਾਰਤ ਦੇ ਵਿਰੋਧ ਦੇ ਬਾਵਜੂਦ ਪਾਕਿ- ਚੀਨ ਬੱਸ ਸੇਵਾ ਸ਼ੁਰੂ



ਇਸਲਾਮਾਬਾਦ, 8 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਵਲੋਂ ਵਾਰ-ਵਾਰ ਜਤਾਏ ਰੋਸ ਨੂੰ ਅਣਗੌਲਿਆ ਕਰ ਕੇ ਪਾਕਿਸਤਾਨ ਅਤੇ ਚੀਨ ਵਿਚਾਲੇ ਬੱਸ ਸੇਵਾ ਸ਼ੁਰੂ ਹੋ ਗਈ ਹੈ। ਇਸ ਦਾ ਰਸਤਾ ਮਕਬੂਜ਼ਾ ਕਸ਼ਮੀਰ ਤੋਂ ਲੰਘਣਾ ਹੈ। ਇਹ ਬੱਸ ਸਰਵਿਸ ਚੀਨ ਦੇ ਸ਼ਿਨਜ਼ਿਆਂਗ ਸੂਬੇ ਦੇ ਕਾਸ਼ਗਰ ਤੋਂ ਪਾਕਿਸਤਾਨ ਦੇ ਲਾਹੌਰ ਤਕ ਚੱਲੇਗੀ।

ਵਰਨਣ ਯੋਗ ਹੈ ਕਿ ਸੋਮਵਾਰ ਰਾਤ ਲਾਹੌਰ ਦੇ ਗੁਲਬਰਗ ਤੋਂ ਬੱਸ ਨੇ ਅਪਣਾ ਪਹਿਲਾ ਸਫ਼ਰ ਸ਼ੁਰੂ ਕੀਤਾ। ਇਸ ਬੱਸ ਸੇਵਾ ਨੂੰ 60 ਅਰਬ ਡਾਲਰ ਦੀ ਲਾਗਤ ਨਾਲ ਤਿਆਰ ਹੋਣ ਵਾਲੀ ਸੀ ਪੀ ਈ ਸੀ ਦੀ ਸੜਕ ਸੰਪਰਕ ਬਣਾਉਣ ਦੀ ਲੋੜ ਨਾਲ ਸ਼ੁਰੂ ਕੀਤਾ ਗਿਆ ਹੈ। ਭਾਰਤ ਨੇ ਮਕਬੂਜ਼ਾ ਕਸ਼ਮੀਰ ਦੇ ਰਸਤਿਓਂ ਸ਼ੁਰੂ ਹੋਈ ਬੱਸ ਸਰਵਿਸ ’ਤੇ ਇਤਰਾਜ਼ ਕੀਤਾ ਸੀ। ਪਾਕਿਸਤਾਨ ਤੇ ਚੀਨ ਵਿੱਚ ਸੀ ਪੀ ਈ ਸੀ ਦੀ ਯੋਜਨਾ 2015 ਤੋਂ ਸ਼ੁਰੂ ਹੋਈ ਸੀ। ਇਹ ਲਗ਼ਜ਼ਰੀ ਬਸ ਦੋਵਾਂ ਦੇਸ਼ਾਂ ਵਿੱਚ ਆਪਣਾ ਸਫ਼ਰ 36 ਘੰਟਿਆਂ ’ਚ ਤੈਅ ਕਰੇਗੀ। ਇਸ ਦਾ ਇੱਕ ਪਾਸੇ ਦਾ ਕਿਰਾਇਆ 13,000 ਰੁਪਏ ਅਤੇ ਆਉਣ-ਜਾਣ ਦਾ 23,000 ਰੁਪਏ ਹੋਵੇਗਾ।

# ਬੰਗਲਾ ਦੇਸ਼ ਵਿੱਚ ਦਹਿਸ਼ਤਗਰਦ ਟੋਲੇ ਦਾ ਮੁਖੀ ਮਾਰਿਆ ਗਿਆ



ਢਾਕਾ, 8 ਨਵੰਬਰ (ਪੋਸਟ ਬਿਊਰੋ)- ਬੰਗਲਾ ਦੇਸ਼ ਪੁਲਸ ਨੇ ਪਰਸੋਂ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਜਮਾਇਤ ਉਲ ਮੁਜਹਾਦੀਨ ਬੰਗਲਾ ਦੇਸ਼ (ਜੇ ਐੱਮ ਬੀ) ਦੇ ਮੁਖੀ ਨੂੰ ਮਾਰ ਦਿੱਤਾ। ਜੇ ਐੱਮ ਬੀ ਉੱਤੇ ਵਿਦੇਸ਼ੀਆਂ, ਬਲਾਗਰਾਂ, ਅਧਿਕਾਰ ਕਾਰਜ ਕਰਤਾਵਾਂ ਅਤੇ 2016 ਵਿੱਚ ਢਾਕਾ ਕੈਫੇ 'ਤੇ ਹੋਏ ਹਮਲੇ ਦਾ ਦੋਸ਼ ਲਾਇਆ ਜਾਂਦਾ ਹੈ। ਢਾਕਾ ਕੈਫੇ ਹਮਲੇ ਵਿੱਚ ਇੱਕ ਭਾਰਤੀ ਲੜਕੀ ਸਮੇਤ 20 ਲੋਕ ਮਾਰੇ ਗਏ ਸਨ।

ਪੁਲਸ ਨੇ ਦੱਸਿਆ ਕਿ ਜੇ ਐੱਮ ਬੀ ਦਾ ਮੁਖੀ ਖੁਰਸ਼ੀਦ ਆਲਮ ਉਰਫ ਸ਼ਮੀਮ ਇਸ ਦੇਸ਼ ਦੇ ਇੱਕ ਉੱਤਰੀ ਕਸਬੇ ਸ਼ੀਬਗੰਜ ਦੇ ਬੋਗਰਾ ਵਿੱਚ ਇੱਕ ਮੁੱਠਭੇੜ ਵਿੱਚ ਮਾਰਿਆ ਗਿਆ। ਇੱਕ ਪੁਲਸ ਅਫਸਰ ਨੇ ਦੱਸਿਆ ਕਿ ਅਸੀਂ ਸ਼ੀਬਗੰਜ ਇਲਾਕੇ (ਬੋਗਰਾ) ਦੇ ਉਸ ਦੇ ਗੁਪਤ ਟਿਕਾਣੇ 'ਤੇ ਰਾਤ ਨੂੰ ਛਾਪੇਮਾਰੀ ਕੀਤੀ। ਜਦ ਅੱਤਵਾਦੀਆਂ ਨੇ ਫਾਇਰਿੰਗ ਸ਼ੁਰੂ ਕੀਤੀ ਤਾਂ ਜਵਾਬੀ ਕਾਰਵਾਈ ਦੌਰਾਨ ਖੁਰਸ਼ੀਦ ਮਾਰਿਆ ਗਿਆ। ਬੋਗਰਾ ਸਦਰ ਸਰਕਲ ਦੇ ਵਧੀਕ ਪੁਲਸ ਕਮਿਸ਼ਨਰ ਸਨਾਤਨ ਚੱਕਰਵਰਤੀ ਨੇ ਕਿਹਾ ਕਿ ਪੁਲਸ ਨੇ ਗੁਪਤ ਸੂਚਨਾ ਉੱਤੇ ਤੀਪੁਕੁਰ ਖੇਤਰ ਵਿੱਚ ਛਾਪੇਮਾਰੀ ਕੀਤੀ। ਪੁਲਸ ਨੂੰ ਇਹ ਸੂਚਨਾ ਮਿਲੀ ਸੀ ਕਿ ਉਥੇ ਅੱਤਵਾਦੀਆਂ ਦਾ ਇੱਕ ਗੈਂਗ ਲੁਕਿਆ ਹੈ। ਬੰਗਲਾ ਦੇਸ਼ ਦੇ ਇੱਕ ਅਖਬਾਰ ਨੇ ਕਿਹਾ ਹੈ ਕਿ ਪੁਲਸ ਨੂੰ ਦੇਖ ਕੇ ਅੱਤਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਜਿਸ ਦੇ ਬਾਅਦ ਪੁਲਸ ਨੂੰ ਵੀ ਜਵਾਬੀ ਕਾਰਵਾਈ ਦੇ ਲਈ ਮਜਬੂਰ ਹੋਣਾ ਪਿਆ। ਅਧਿਕਾਰੀ ਨੇ ਕਿਹਾ ਕਿ ਬਹੁਤੇ ਅੱਤਵਾਦੀ ਫਰਾਰ ਹੋ ਗਏ, ਪਰ ਗੋਲੀਆਂ ਨਾਲ ਛਾਣਨੀ ਹੋ ਚੁੱਕਾ ਖੁਰਸ਼ੀਦ ਮਿਲਿਆ। ਚੱਕਰਵਰਤੀ ਨੇ ਕਿਹਾ ਕਿ ਉਸ ਨੂੰ ਸ਼ਾਹਿਦ ਜ਼ਿਆਉਰ ਰਹਿਮਾਨ ਮੈਡੀਕਲ ਕਾਲਜ ਹਸਪਤਾਲ ਲਿਜਾਇਆ ਗਿਆ, ਪਰੰਤੂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਚੱਕਰਵਰਤੀ ਨੇ ਕਿਹਾ ਕਿ ਹਸਪਤਾਲ ਜਾਂਦੇ ਸਮੇਂ ਖੁਰਸ਼ੀਦ ਨੇ ਆਪਣੀ ਪਛਾਣ ਦੱਸੀ, ਉਨ੍ਹਾਂ ਨੇ ਕਿਹਾ ਕਿ ਮੁੱਠਭੇੜ ਵਿੱਚ ਜ਼ਖਮੀ ਦੋ ਪੁਲਸ ਮੁਲਾਜ਼ਮਾਂ ਦਾ ਇਲਾਜ ਬੋਗਰਾ ਪੁਲਸ ਹਸਪਤਾਲ ਵਿੱਚ ਚੱਲ ਰਿਹਾ ਹੈ।

# ਤੇਲ ਕੀਮਤਾਂ ਘੱਟ ਰੱਖਣ ਲਈ ਅੱਠ ਦੇਸ਼ਾਂ ਨੂੰ ਇਰਾਨ ਵਾਲੀ ਪਾਬੰਦੀ ਤੋਂ ਛੋਟ: ਅਮਰੀਕਾ

ਵਾਸ਼ਿੰਗਟਨ, 8 ਨਵੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਸਮੇਤ ਅੱਠ ਦੇਸ਼ਾਂ ਨੂੰ ਈਰਾਨੀ ਤੇਲ ਖਰੀਦਣ ਦੀ ਛੋਟ ਦੇਣ ਦੇ ਆਪਣੇ ਫੈਸਲੇ ਦਾ ਬਚਾਅ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਵਿਸ਼ਵ ਪੱਧਰੀ ਤੇਲ ਕੀਮਤਾਂ ਨੂੰ ਘੱਟ ਰੱਖਣ ਤੇ ਬਾਜ਼ਾਰ ਨੂੰ ‘ਝਟਕੇ' ਤੋਂ ਬਚਾਉਣ ਲਈ ਕੀਤਾ ਗਿਆ ਹੈ। ਅਮਰੀਕਾ ਨੇ ਪਰਸੋਂ ਈਰਾਨ 'ਤੇ ਉਨ੍ਹਾਂ ਸਾਰੀਆਂ ਪਾਬੰਦੀਆਂ ਨੂੰ ਲਾਗੂ ਕਰ ਦਿੱਤਾ ਹੈ, ਜਿਨ੍ਹਾਂ ਨੂੰ 2015 ਦੇ ਵਿਸ਼ਵ ਪੱਧਰੀ ਸਮਝੌਤੇ ਮਗਰੋਂ ਹਟਾ ਲਿਆ ਗਿਆ ਹੈ। ਟਰੰਪ ਸਰਕਾਰ ਨੇ ਪਾਬੰਦੀ ਸੂਚੀ 'ਚ ਲਗਭਗ 700 ਹੋਰ ਸੰਸਥਾਵਾਂ ਨੂੰ ਜੋੜ ਲਿਆ ਹੈ, ਜਿਨ੍ਹਾਂ 'ਚ 50 ਈਰਾਨੀ ਵਿੱਤੀ ਸੰਸਥਾਨ ਵੀ ਸ਼ਾਮਲ ਹਨ। ਅਮਰੀਕਾ 'ਚ ਮੱਧਕਾਲੀਨ ਚੋਣਾਂ ਲਈ ਪ੍ਰਚਾਰ ਤੋਂ ਪਹਿਲਾਂ ਜੁਆਇੰਟ ਬੇਸ ਐਂਡ੍ਰੂ 'ਤੇ ਪੱਤਰਕਾਰਾਂ ਨਾਲ ਗੱਲਬਾਤ 'ਚ ਟਰੰਪ ਨੇ ਕਿਹਾ, ‘ਅਸੀਂ ਅੱਜ ਤੱਕ ਦੀਆਂ ਸਭ ਤੋਂ ਕਰੜੀਆਂ ਪਾਬੰਦੀਆਂ ਲਾਗੂ ਕੀਤੀਆਂ ਹਨ, ਪਰ ਤੇਲ ਦੇ ਮਾਮਲੇ 'ਚ ਅਸੀਂ ਥੋੜ੍ਹਾ ਹੌਲੀ ਚੱਲਣਾ ਚਾਹੁੰਦੇ ਹਾਂ, ਕਿਉਂਕਿ ਮੈਂ ਦੁਨੀਆ 'ਚ ਤੇਲ ਕੀਮਤਾਂ 'ਚ ਵਾਧਾ ਨਹੀਂ ਕਰਨਾ ਚਾਹੁੰਦਾ।' ਜਦੋਂ ਉਨ੍ਹਾਂ ਤੋਂ ਅੱਠ ਦੇਸ਼ਾਂ ਨੂੰ ਈਰਾਨੀ ਤੇਲ ਦਰਾਮਦ ਤੋਂ ਛੂਟ ਦੇਣ ਦੇ ਉਨ੍ਹਾਂ ਦੇ ਫੈਸਲੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ, ‘ਮੇਰੀ ਮਹਾਨ ਨਾਇਕ ਬਣ ਕੇ ਇਸ ਨੂੰ ਤੁਰੰਤ ਜ਼ੀਰੋ 'ਤੇ ਲਿਆਉਣ ਦੀ ਮਨਸ਼ਾ ਨਹੀਂ। ਇਸ ਨਾਲ ਬਾਜ਼ਾਰ ਨੂੰ ਝਟਕਾ ਲੱਗੇਗਾ। ਜੇ ਤੁਸੀਂ ਗੌਰ ਕੀਤਾ ਹੈ ਤਾਂ ਤੇਲ ਦੀਆਂ ਕੀਮਤਾਂ ਹੌਲੀ-ਹੌਲੀ ਹੇਠਾਂ ਆ ਰਹੀਆਂ ਹਨ, ਜਦ ਕਿ ਬਾਜ਼ਾਰ ਤੋਂ ਲਗਭਗ ਅੱਧਾ ਤੇਲ ਘੱਟ ਹੋ ਗਿਆ ਹੈ।'

# ਇਟਲੀ ਦੇ ਡਿਪਟੀ ਪ੍ਰਧਾਨ ਮੰਤਰੀ ਦੀ ਗਰਲਫਰੈਂਡ ਨੇ ਸੰਬੰਧ ਤੋੜੇ

ਰੋਮ, 8 ਨਵੰਬਰ (ਪੋਸਟ ਬਿਊਰੋ)- ਇਟਲੀ ਦੇ ਡਿਪਟੀ ਪ੍ਰਧਾਨ ਮੰਤਰੀ ਮਾਤੇਓ ਸਾਲਵਿਨ ਅਤੇ ਉਨ੍ਹਾਂ ਦੀ ਗਰਲ ਫਰੈਂਡ ਏਲੀਜਾ ਇਜ਼ੋਆਰਦੀ ਦਾ ਬਹੁ ਚਰਚਿਤ ਖੂਬਸੂਰਤ ਰਿਸ਼ਤਾ ਆਖਿਰ ਟੁੱਟ ਗਿਆ ਹੈ। ਟੀ ਵੀ ਐਂਕਰ ਏਲੀਜਾ ਨੇ ਇਸ ਰਿਸ਼ਤੇ ਨੂੰ ਟੁੱਟਣ ਉਤੇ ਕੋਈ ਰਸਮੀ ਐਲਾਨ ਜਾਂ ਪ੍ਰੈਸ ਬ੍ਰੀਫਿੰਗ ਤਾਂ ਨਹੀਂ ਕੀਤੀ, ਪਰ ਸੈਲਫੀ ਪੋਸਟ ਕਰ ਕੇ ਦੁਨੀਆ ਨੂੰ ਰਿਸ਼ਤਾ ਖਤਮ ਕਰਨ ਦੀ ਗੱਲ ਦੱਸੀ ਹੈ। ਉਸ ਨੇ ਮਾਤੇਓ ਨਾਲ ਆਪਣੇ ਬਿਤਾਏ ਖੂਬਸੂਰਤ ਪਲਾਂ ਨੂੰ ਯਾਦ ਕਰਦਿਆਂ ਬੈਡ ਉੱਤੇ ਅੰਦਰੂਨੀ ਪਲਾਂ ਦੌਰਾਨ ਖਿੱਚੀ ਸੈਲਫੀ ਨੂੰ ਪੋਸਟ ਕੀਤਾ। ਇਟਲੀ ਦੇ ਲੋਕਾਂ ਨੇ ਦੋਵਾਂ ਦੇ ਇਸ ਤਰ੍ਹਾਂ ਬ੍ਰੇਕਅਪ ਹੋਣ ਨੂੰ ਵਧੀਆ ਨਹੀਂ ਮੰਨਿਆ ਅਤੇ ਕਿਹਾ ਕਿ ਇਸ ਢੰਗ ਨਾਲ ਰਿਸ਼ਤਾ ਨਹੀਂ ਤੋੜਨਾ ਚਾਹੀਦਾ ਸੀ। 35 ਸਾਲਾ ਏਲੀਜਾ ਨੇ ਜਦੋਂ ਦੇਸ਼ ਦੇ ਡਿਪਟੀ ਪ੍ਰਧਾਨ ਮੰਤਰੀ ਨਾਲੋਂ ਨਾਤਾ ਤੋੜਨ ਦਾ ਐਲਾਨ ਕੀਤਾ ਤਾਂ ਓਦੋਂ ਡਿਪਟੀ ਪ੍ਰਧਾਨ ਮੰਤਰੀ ਘਾਨਾ ਜਾਣ ਲਈ ਫਲਾਈਟ ਲੈਣ ਵਾਲੇ ਸਨ। ਦੋਵਾਂ ਦਾ ਤਿੰਨ ਸਾਲ ਦਾ ਰਿਸ਼ਤਾ ਪਲਾਂ ਵਿੱਚ ਹੀ ਟੁੱਟ ਗਿਆ।



Honesty, Reliability, Commitment
HomeLife SilverCity
"Open House Until Sold"
o 1yr Home Warranty
o 40% Discount on Brand Name
o Appliances & Furniture
o Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585




| Morning Star/Airport | Wanless & Mclaughlin | Hwy 10/ Sandalwood | Chinguacousy/Queen |
|---|---|---|---|
| Great Opportunity For 1st Time Buyers. Newly Renovated W/Granite Counter Top, S/S Appliances, Range Hood, No Carpet In The House, Close To School, 421/401, Westwood Mall, 2 Basement Apartment. Potential Income Of $1800/Month From Bsmnt. | Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities | A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities. | Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc... |

Supervisa,
Travel Insurance
Call: 416.319.0551

## A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

“ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ”

New Drivers Are Also Welcome, We Give Paid Training With Full Time Job

For Further Information Contact: 6476253344

MICHELIN | Hankook | Continental | ROADLUX | BFGoodrich | AEOLUS

## BEST TRUCK REPAIR & TIRE CENTRE



ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ

We also Specialize in Engine, Transmission, Differential Rebuild, Safety Inspection & All Kinds of Electric Work

SPECIAL ON TRUCK ALIGNMENT | BRAND NEW MACHINES 2018

Brake & Drum - On Special Sale! -Made in U.S

4 CAT Batteries $500 on Special Sale

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

Chevron Delo

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

## ਭਾਰਤ ਯੂ ਐਨ ਏਜੰਸੀਆਂ, ਉਸ ਦੀਆਂ ਵਿਕਾਸ ਕੰਮਾਂ ਲਈ 1.33 ਕਰੋੜ ਡਾਲਰ ਦੇਵੇਗਾ

ਯੂ ਐੱਨ ਓ, 8 ਨਵੰਬਰ (ਪੋਸਟ ਬਿਊਰੋ)- ਭਾਰਤ ਨੇ ਯੂ ਐੱਨ ਓ ਦੀਆਂ ਵੱਖ-ਵੱਖ ਏਜੰਸੀਆਂ ਤੇ ਉਸ ਦੇ ਵਿਕਾਸ ਕੰਮਾਂ ਲਈ 1.33 ਕਰੋੜ ਡਾਲਰ ਦਾ ਯੋਗਦਾਨ ਕਰਨ ਦਾ ਐਲਾਨ ਕੀਤਾ ਅਤੇ ਜ਼ੋਰ ਦਿੱਤਾ ਹੈ ਕਿ ਇਸ ਕੌਮਾਂਤਰੀ ਸੰਗਠਨ ਕੋਲ ਆਪਣੀਆਂ ਸਰਗਰਮੀਆਂ ਚਲਾਉਣ ਲਈ ਸਮਰੱਥ ਪੈਸਾ ਹੋਣਾ ਹੀ ਚਾਹੀਦਾ ਹੈ।

ਯੂ ਐੱਨ ਵਿੱਤੀ ਯੋਗਦਾਨ ਵਚਨਬੱਧਤਾ ਸੰਮੇਲਨ 2018 ਦੌਰਾਨ ਭਾਰਤ ਦੇ ਸਥਾਈ ਮਿਸ਼ਨ ਵਿੱਚ ਪਹਿਲੇ ਸਕੱਤਰ ਮਹੇਸ਼ ਕੁਮਾਰ ਨੇ ਕਿਹਾ ਕਿ ਭਾਰਤ ਇਸ ਬਹੁਪੱਖੀ ਸੰਗਠਨ ਦੀ ਸ਼ੁਰੂ ਤੋਂ ਮਦਦ ਕਰਦਾ ਰਿਹਾ ਹੈ। ਭਾਰਤ ਦਾ ਮੰਨਣਾ ਹੈ ਕਿ ਯੂ ਐੱਨ ਦੇ ਕੋਲ ਯੋਗ ਅਤੇ ਸੰਤੁਲਿਤ ਤਰੀਕੇ ਨਾਲ ਸਰਗਰਮੀਆਂ ਚਲਾਉਣ ਲਈ ਜ਼ਰੂਰੀ ਸਾਧਨ ਹੋਣੇ ਚਾਹੀਦੇ ਹਨ। ਭਾਰਤ ਨੇ ਸੰਖੇਪ ਵਿਕਾਸ ਪ੍ਰੋਗਰਾਮ ਲਈ 45 ਲੱਖ ਡਾਲਰ, ਸੰਖੇਪ ਰਾਹਤ ਅਤੇ ਬਚਾਅ ਕਾਰਜ ਏਜੰਸੀ ਲਈ 50 ਲੱਖ ਡਾਲਰ ਤੇ ਵਿਸ਼ਵ ਖੁਰਾਕੀ ਪ੍ਰੋਗਰਾਮ ਲਈ 19.2 ਲੱਖ ਡਾਲਰ ਦੀ ਮਦਦ ਕਰਨ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਯੂ ਐੱਨ ਬਾਲ ਫੰਡ ਨੂੰ 7,90,000 ਡਾਲਰ, ਸੰਖੇਪ ਜਨਸੰਖਿਆ ਫੰਡ ਨੂੰ 5,00,000 ਡਾਲਰ, ਮਨੁੱਖੀ ਬਸਤੀਆਂ 'ਤੇ ਸੰਯੁਕਤ ਰਾਸ਼ਟਰ ਕਮਿਸ਼ਨਰ ਨੂੰ 1,50,000 ਡਾਲਰ ਅਤੇ ਸੰਖੇਪ ਵਾਤਾਵਰਣ ਪ੍ਰੋਗਰਾਮ ਤੇ ਅਪਰਾਧ ਦਫਤਰ ਅਤੇ ਸੰਖੇਪ ਤਕਨੀਕੀ ਅਤੇ ਤਕਨੀਕੀ ਸਹਾਇਤਾ ਪ੍ਰੋਗਰਾਮ ਨੂੰ ਇੱਕ ਇੱਕ ਡਾਲਰ ਦੀ ਸਹਾਇਤਾ ਦੇਣ ਨੂੰ ਕਿਹਾ ਹੈ।

# ਕੈ. ਅਮਰਿੰਦਰ ਨੇ ਭੀੜ, ਜਲਸੇ ਤੇ ਧਰਨੇ ਕੰਟਰੋਲ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ



ਚੰਡੀਗੜ੍ਹ, 8 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਦਾਇਤਾਂ ਉੱਤੇ ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਨੇ ਜਲੂਸਾਂ, ਇਕੱਠਾਂ, ਵਿਖਾਵਿਆਂ, ਧਰਨਿਆਂ ਅਤੇ ਮਾਰਚਾਂ ਦੇ ਨਾਲ ਤਿਉਹਾਰਾਂ ਦੌਰਾਨ ਵੱਡੀ ਪੱਧਰ 'ਤੇ ਲੋਕਾਂ ਦੇ ਇਕੱਠ ਨੂੰ ਸੰਭਾਲਣ ਲਈ ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਪੁਲਸ ਮੁਖੀਆਂ ਅਤੇ ਪੁਲਸ ਕਮਿਸ਼ਨਰਾਂ ਨੂੰ ਵੱਡੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਅੰਮ੍ਰਿਤਸਰ ਰੇਲ ਹਾਦਸੇ ਵਿੱਚ ਕਈ ਲੋਕਾਂ ਦੇ ਮਾਰੇ ਜਾਣ ਤੇ ਜ਼ਖਮੀ ਹੋਣ ਦੇ ਅਸਰ ਵਜੋਂ ਮੁੱਖ ਮੰਤਰੀ ਨੇ ਗ੍ਰਹਿ ਸਕੱਤਰ ਨੂੰ ਵਿਸਥਾਰਤ ਨਿਰਦੇਸ਼ ਤਿਆਰ ਕਰਨ ਲਈ ਕਿਹਾ ਸੀ।

ਇਸ ਸੰਬੰਧ ਵਿੱਚ ਜਾਰੀ ਕੀਤੇ ਨਿਰਦੇਸ਼ ਅਨੁਸਾਰ ਇਜਾਜ਼ਤ ਦਿੰਦੇ ਹੋਏ ਯੋਗ ਅਥਾਰਟੀ ਇਨ੍ਹਾਂ ਸਮਾਗਮਾਂ ਦੇ ਰੂਟ ਉੱਤੇ ਜਨਤਕ ਸਹੂਲਤ, ਜਨਤਕ ਸੁਰੱਖਿਆ, ਸਾਫ-ਸਫਾਈ ਅਤੇ ਵਾਤਾਵਰਣ ਦੀ ਸੁਰੱਖਿਆ ਤੋਂ ਇਲਾਵਾ ਸੰਕਟ ਦੀ ਹਾਲਤ ਆਦਿ ਨਾਲ ਨਿਪਟਣ ਲਈ ਢੁੱਕਵੇਂ ਪ੍ਰਬੰਧਾਂ ਨਾਲ ਜੁੜੇ ਹੋਏ ਪੱਖਾਂ ਨੂੰ ਵਿਚਾਰੇਗੀ। ਇਸ ਦੇ ਨਾਲ ਉਹ ਅਥਾਰਟੀ ਇਹ ਵੀ ਯਕੀਨੀ ਬਣਾਵੇਗੀ ਕਿ ਆਯੋਜਕ ਅਤੇ ਇਸ ਵਿੱਚ ਸ਼ਾਮਲ ਹੋਣ ਵਾਲੇ ਲੋਕ ਜਨਤਕ ਅਤੇ ਨਿੱਜੀ ਜਾਇਦਾਦ ਦੀ ਭੰਨ-ਤੋੜ ਵਿੱਚ ਸ਼ਾਮਲ ਨਾ ਹੋਣ ਅਤੇ ਵੱਖ-ਵੱਖ ਮਾਮਲਿਆਂ ਵਿੱਚ ਅਦਾਲਤ ਵੱਲੋਂ ਦਿੱਤੀਆਂ ਸੇਧਾਂ ਤੇ ਕਾਨੂੰਨਾਂ ਦੀ ਪਾਲਣਾ ਕਰਨ। ਇਨ੍ਹਾਂ ਨਿਰਦੇਸ਼ਾਂ ਵਿੱਚ ਇਹ ਵੀ ਯਕੀਨੀ ਬਣਾਇਆ ਗਿਆ ਹੈ ਕਿ ਯੋਟ ਅਥਾਰਟੀ ਵਿਅਕਤੀਆਂ/ ਭਾਈਚਾਰਿਆਂ ਦੇ ਜਨਜੀਵਨ ਵਿੱਚ ਕੋਈ ਵੀ ਵਿਘਨ ਨਾ ਪਾਉਣ ਨੂੰ ਜ਼ਰੂਰੀ ਬਣਾਵੇਗੀ। ਆਵਾਜਾਈ ਵਿੱਚ ਰੁਕਾਵਟ ਅਤੇ ਅਰਾਜਕਤਾ, ਆਯੋਜਕਾਂ ਦੇ ਲਾਊਡ ਸਪੀਕਰਾਂ ਰਾਹੀਂ ਸ਼ੋਰ ਪ੍ਰਦੂਸ਼ਣ, ਕੂੜਾ-ਕਰਕਟ ਸੁੱਟ ਕੇ ਵਾਤਾਵਰਣ ਪ੍ਰਦੂਸ਼ਣ ਨਾ ਪੈਦਾ ਕਰਨ ਨੂੰ ਵੀ ਇਹ ਅਥਾਰਟੀ ਯਕੀਨੀ ਕਰੇਗੀ। ਇਸ ਵਿੱਚ ਇਹ ਵੀ ਦਰਜ ਹੈ ਕਿ ਸਾਰੇ ਸਮਾਰੋਹ ਦੀ ਵੀਡੀਓਗਰਾਫੀ ਆਯੋਜਕਾਂ ਦੀ ਲਾਗਤ ਉੱਤੇ ਆਯੋਜਕਾਂ ਤੋਂ ਹਾਸਲ ਕੀਤੀ ਜਾਵੇ। ਜੇ ਕੋਈ ਵਿਅਕਤੀ ਜਾਂ ਸੰਸਥਾ ਜਾਂ ਸਿਆਸੀ ਪਾਰਟੀ ਜਨਤਕ ਜਾਂ ਨਿੱਜੀ ਜਾਇਦਾਦ ਦਾ ਨੁਕਸਾਨ ਕਰਨ ਦੇ ਉਦੇਸ਼ ਨਾਲ ਕਿਸੇ ਹਿੰਸਕ ਕਿਸਮ ਦਾ ਸੱਦਾ ਦਿੰਦੀ ਹੈ ਜਾਂ ਉਸ ਵੱਲੋਂ ਸੱਦੇ ਗਏ ਵਿਰੋਧ ਪ੍ਰਦਰਸ਼ਨ ਦੇ ਨਤੀਜੇ ਵਜੋਂ ਜਨਤਕ/ ਨਿੱਜੀ ਜਾਇਦਾਦ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਸੰਬੰਧ ਵਿੱਚ ਆਗੂਆਂ ਦੇ ਨਾਂਅ ਉੱਤੇ ਜਾਂ ਉਸ ਵਿਰੋਧ ਵਿਖਾਵੇ ਦਾ ਸੱਦਾ ਦੇਣ ਵਾਲੇ ਵਿਅਕਤੀਆਂ ਦੇ ਵਿਰੁੱਧ ਕੇਸ ਦਰਜ ਕੀਤਾ ਜਾਵੇ। ਨਿਰਦੇਸ਼ਾਂ ਦੇ ਅਨੁਸਾਰ ਜੇ ਕਿਸੇ ਮਾਮਲੇ ਵਿੱਚ ਇਹ ਸੱਦਾ ਅਧਿਕਾਰਤ ਬੁਲਾਰੇ ਵੱਲੋਂ ਜਾਂ ਅਧਿਕਾਰਿਤ ਸੋਸ਼ਲ ਮੀਡੀਆ ਅਕਾਊਂਟ/ ਪੇਜ ਰਾਹੀਂ ਵਿਅਕਤੀ, ਸਿਆਸੀ ਪਾਰਟੀ ਜਾਂ ਸੰਸਥਾ ਵੱਲੋਂ ਦਿੱਤਾ ਜਾਂਦਾ ਹੈ ਤਾਂ ਉਸ ਦੇ ਦੋਸ਼ ਉਸ ਸਿਆਸੀ ਪਾਰਟੀ ਜਾਂ ਸੰਸਥਾ ਦੇ ਮੁੱਖ ਅਹੁਦੇਦਾਰ ਦੇ ਵਿਰੁੱਧ ਵੀ ਦਰਜ ਕੀਤੇ ਜਾਣਗੇ।

### ਆਈ ਜੀ ਕੁਰੱਪਸ਼ਨ ਕੇਸ

## ਵਿਚੋਲਗੀ ਕਰਨ ਵਾਲੇ ਗੋਇਲ ਨੇ ਸੀ ਸੀ ਟੀ ਵੀ ਫੁਟੇਜ ਸੰਭਾਲਣ ਦੀ ਮੰਗ ਕੀਤੀ




ਚੰਡੀਗੜ੍ਹ, 8 ਨਵੰਬਰ (ਪੋਸਟ ਬਿਊਰੋ)- ਫਿਰੋਜ਼ਪੁਰ ਰੇਂਜ ਦੇ ਸਾਬਕਾ ਆਈ ਜੀ ਗੁਰਿੰਦਰ ਸਿੰਘ ਢਿੱਲੋਂ ਦੇ ਨਾਂਅ 'ਤੇ 10 ਲੱਖ ਰੁਪਏ ਰਿਸ਼ਵਤ ਲੈਣ ਦੇ ਕੇਸ ਵਿੱਚ ਫੜੇ ਗਏ ਵਿਚੋਲੇ ਅਸ਼ੋਕ ਗੋਇਲ ਨੇ ਕੱਲ੍ਹ ਜ਼ਿਲ੍ਹਾ ਅਦਾਲਤ ਵਿੱਚ ਅਰਜ਼ੀ ਦੇ ਕੇ ਉਸ ਹੋਟਲ ਦੀ ਸੀ ਸੀ ਟੀ ਵੀ ਫੁਟੇਜ਼ ਸੰਭਾਲਣ ਦੀ ਅਪੀਲ ਕੀਤੀ ਹੈ, ਜਿੱਥੇ ਫੜੇ ਗਏ ਸਨ।

ਮਿਲੀ ਜਾਣਕਾਰੀ ਅਨੁਸਾਰ ਅਸ਼ੋਕ ਗੋਇਲ ਨੇ ਇਸ ਅਰਜ਼ੀ ਵਿੱਚ ਕਿਹਾ ਹੈ ਕਿ ਲੁਧਿਆਣਾ ਦੇ ਐਕਸਿਸ ਬੈਂਕ ਦੀ 16 ਅਗਸਤ ਦੀ 12 ਤੋਂ ਸ਼ਾਮ ਚਾਰ ਵਜੇ ਤੱਕ ਤੇ 16 ਅਗਸਤ ਦੀ ਲੁਧਿਆਣਾ ਦੇ ਐਕਸਿਸ ਬੈਂਕ ਦੀ 16 ਅਗਸਤ ਦੀ ਲੁਧਿਆਣਾ ਦੇ ਮਹਿਲ ਹੋਟਲ ਦੇ ਮੈਨੇਜਰ ਨੂੰ ਸ਼ਾਮ ਤਿੰਨ ਵਜੇ ਅਤੇ 10 ਅਗਸਤ ਦੀ ਸੀ ਸੀ ਟੀ ਵੀ ਫੁਟੇਜ ਸੰਭਾਲਣ ਦੇ ਲਈ ਕਿਹਾ ਜਾਏ। ਉਸ ਨੇ ਮੰਗ ਕੀਤੀ ਹੈ ਕਿ ਸੀ ਸੀ ਟੀ ਵੀ ਫੁਟੇਜ ਨਾਲ ਛੇੜਛਾੜ ਕਰ ਕੇ ਉਸ ਨੂੰ ਡੀਲੀਟ ਨਾ ਕੀਤਾ ਜਾਵੇ, ਇਸ ਲਈ ਉਸ ਨੂੰ ਸੁਰੱਖਿਅਤ ਰੱਖਣ ਲਈ ਸੰਬੰਧਤ ਮੈਨੇਜਰ ਨੂੰ ਅਦਾਲਤ ਦੇ ਹੁਕਮ ਦਿੱਤੇ ਜਾਣ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਸੀ ਬੀ ਆਈ ਨੇ ਕੇਸ ਦੀ ਜਾਂਚ ਦੇ ਦੌਰਾਨ ਹੋਟਲ ਮਹਿਲ ਦੀ ਵਰਤੋਂ ਕੀਤੀ ਸੀ ਅਤੇ ਜਿਸ ਬੈਂਕ ਤੋਂ ਪੈਸੇ ਕੱਢਣ ਦੀ ਗੱਲ ਕੀਤੀ ਗਈ ਸੀ, ਉਸ ਦੀ ਵੀ ਸੀ ਸੀ ਟੀ ਫੁਟੇਜ ਵੀ ਸੁਰੱਖਿਅਤ ਕਰਵਾਈ ਜਾਏ।

ਅਦਾਲਤ ਨੇ ਇਸ ਸੰਬੰਧ ਵਿੱਚ 20 ਨਵੰਬਰ ਤੱਕ ਜਵਾਬ ਦੇਣ ਦੇ ਲਈ ਨੋਟਿਸ ਜਾਰੀ ਕਰ ਦਿੱਤਾ ਹੈ। ਦੋ ਸਾਲ ਪਹਿਲਾਂ ਪਟਵਾਰੀ ਮੋਹਨ ਸਿੰਘ ਨੇ ਓਦੋਂ ਦੇ ਕਮਿਸ਼ਨਰ ਕਾਹਨ ਸਿੰਘ ਪੰਨੂ ਤੋਂ ਐੱਸ ਐੱਸ ਪੀ ਸ਼ਿਵ ਕੁਮਾਰ ਵੱਲੋਂ ਉਸ ਨੂੰ ਝੂਠੇ ਕੇਸ ਵਿੱਚ ਫਸਾ ਕੇ ਨਾਜਾਇਜ਼ ਹਿਰਾਸਤ ਵਿੱਚ ਰੱਖਣ ਤੇ ਟਾਰਚਰ ਕਰਨ ਦੀ ਸ਼ਿਕਾਇਤ ਦਿੱਤੀ ਸੀ। ਜਾਂਚ ਮਗਰੋਂ ਐੱਸ ਐੱਸ ਪੀ ਸ਼ਿਵ ਕੁਮਾਰ ਨੂੰ ਕਲੀਨ ਚਿੱਟ ਦੇ ਦਿੱਤੇ ਜਾਣ ਦੇ ਬਾਅਦ ਪਟਵਾਰੀ ਮੋਹਨ ਸਿੰਘ ਨੇ ਉਚ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ, ਜਿਸ ਪਿੱਛੋਂ ਜਾਂਚ ਦੇ ਲਈ ਐੱਸ ਆਈ ਟੀ ਬਣਾਈ ਗਈ ਸੀ। ਇਹ ਐੱਸ ਆਈ ਟੀ ਫਿਰੋਜ਼ਪੁਰ ਦੇ ਆਈ ਜੀ ਗੁਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਬਣੀ ਅਤੇ ਇਸ ਟੀ ਨੇ ਆਪਣੀ ਜਾਂਚ ਦੇ ਦੌਰਾਨ ਸ਼ਿਵ ਕੁਮਾਰ ਦੇ ਘਰ ਵਿੱਚ ਕਈ ਵਾਰ ਰੇਡ ਕੀਤੀ ਅਤੇ ਉਥੋਂ ਕਈ ਦਸਤਾਵੇਜ਼ ਜ਼ਬਤ ਕੀਤੇ ਸਨ।

## ਦੀਵਾਲੀ ਮੌਕੇ ਪਟਾਕੇ ਚਲਾਉਣ ਵਾਲੇ ਦੋ ਭਾਰਤੀ ਸਿੰਗਾਪੁਰ ਵਿੱਚ ਫਸ ਗਏ



ਸਿੰਗਾਪੁਰ, 8 ਨਵੰਬਰ (ਪੋਸਟ ਬਿਊਰੋ)- ਵਿਦੇਸ਼ਾਂ 'ਚ ਭਾਰਤੀਆਂ ਨੂੰ ਕੁਝ ਹਦਾਇਤਾਂ ਹੇਠ ਰਹਿ ਕੇ ਦੀਵਾਲੀ ਮਨਾਉਣ ਦੀ ਇਜਾਜ਼ਤ ਹੁੰਦੀ ਹੈ। ਸਿੰਗਾਪੁਰ ਦੇ 'ਲਿਟਲ ਇੰਡੀਆ' ਇਲਾਕੇ ਵਿੱਚ ਭਾਰਤੀ ਮੂਲ ਦੇ ਦੋ ਜਣਿਆਂ ਨੂੰ ਬਿਨਾਂ ਸਰਕਾਰੀ ਇਜਾਜ਼ਤ ਤੋਂ ਪਟਾਕੇ ਚਲਾਉਣੇ ਮਹਿੰਗੇ ਪਏ। ਇਨ੍ਹਾਂ ਦੋਵਾਂ ਭਾਰਤੀਆਂ ਨੂੰ ਦੋ ਸਾਲ ਦੀ ਜੇਲ ਦੇ ਨਾਲ 2000 ਡਾਲਰ ਤੋਂ 10,000 ਡਾਲਰ ਦਾ ਜ਼ੁਰਮਾਨਾ ਭਰਨਾ ਪੈ ਸਕਦਾ ਹੈ।

ਮਿਲੀ ਜਾਣਕਾਰੀ ਮੁਤਾਬਕ 29 ਸਾਲਾ ਥਿਆਗੂ ਸੇਲਵਾਰਾਜੋ ਨੇ ਖਤਰਨਾਕ ਪਟਾਕੇ ਚਲਾਏ ਅਤੇ 48 ਸਾਲਾ ਸਿਵਾ ਕੁਮਾਰ ਸੁਬਰਮਨੀਅਮ ਨੇ ਉਸ ਦਾ ਸਾਥ ਦਿੱਤਾ। ਸਿੰਗਾਪੁਰ 'ਚ ਅਧਿਕਾਰੀਆਂ ਦੀ ਇਜਾਜ਼ਤ ਬਿਨਾਂ ਪਟਾਕੇ ਚਲਾਉਣ 'ਤੇ ਰੋਕ ਹੈ। ਅਦਾਲਤੀ ਸਬੂਤਾਂ ਮੁਤਾਬਕ ਸੋਮਵਾਰ ਅੱਧੀ ਰਾਤ ਤੋਂ ਪਹਿਲਾਂ ਸਿਵਾ ਨੇ ਸੜਕ ਦੇ ਡਿਵਾਈਡਰ 'ਤੇ ਪਟਾਕਿਆਂ ਦਾ ਡੱਬਾ ਰੱਖਿਆ ਅਤੇ ਥਿਆਗੂ ਨੇ ਇਨ੍ਹਾਂ ਨੂੰ ਅੱਗ ਲਾਈ। ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਨੇ ਕਿੰਨੇ ਪਟਾਕੇ ਚਲਾਏ ਪਰ ਸੋਸ਼ਲ ਮੀਡੀਆ ਉੱਤੇ ਉਨ੍ਹਾਂ ਦੀ ਇਹ ਵੀਡੀਓ ਵਾਇਰਲ ਹੋ ਰਹੀ ਹੈ। ਮੰਗਲਵਾਰ ਦੋਵਾਂ ਨੂੰ ਪੁਲਸ ਨੇ ਹਿਰਾਸਤ 'ਚ ਲੈ ਲਿਆ। ਸਿੰਗਾਪੁਰ ਦੇ ਲਿਟਲ ਇੰਡੀਆ ਇਲਾਕੇ ਵਿੱਚ ਬਹੁਤ ਸਾਰੇ ਭਾਰਤੀ ਰਹਿੰਦੇ ਹਨ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਛੁੱਟੀਆਂ ਅਤੇ ਵੀਕਐਂਡ 'ਤੇ ਮਿਲਦੇ ਹਨ। ਇਨ੍ਹਾਂ ਦੋਵਾਂ ਭਾਰਤੀਆਂ ਨੂੰ ਰਿਮਾਂਡ 'ਤੇ ਭੇਜਿਆ ਗਿਆ ਹੈ ਅਤੇ 14 ਨਵੰਬਰ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

## ਭਾਜਪਾ ਅਸਲ ਵਿੱਚ ਮੁਸਲਮਾਨ ਮੁਕਤ ਭਾਰਤ ਚਾਹੁੰਦੀ ਹੈ: ਓਵੈਸੀ



ਹੈਦਰਾਬਾਦ, 8 ਨਵੰਬਰ (ਪੋਸਟ ਬਿਊਰੋ)- ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਿਮ ਦੇ ਮੁਖੀ ਅਸਦੁਦੀਨ ਓਵੈਸੀ ਨੇ ਇਕ ਵਾਰ ਫਿਰ ਭਾਜਪਾ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਆਪਣੇ ਆਪ ਨੂੰ ਮੁਸਲਿਮਾਂ ਦਾ ਪ੍ਰਤੀਨਿਧ ਦੱਸਦੇ ਓਵੈਸੀ ਨੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਇਕ ਬਿਆਨ 'ਤੇ ਨਿਸ਼ਾਨਾ ਸਾਧਿਆ ਹੈ।

ਏਥੇ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਓਵੈਸੀ ਨੇ ਕਿਹਾ ਕਿ 'ਅਮਿਤ ਸ਼ਾਹ ਤੇਲੰਗਾਨਾ ਆਏ ਅਤੇ ਕਿਹਾ ਕਿ ਹੈਦਰਾਬਾਦ ਨੂੰ ਮਜਲਿਸ ਤੋਂ ਮੁਕਤ ਕਰਾਂਗਾ। ਕੀ ਮੁਕਤ ਕਰੋਗੇ ਤੁਸੀਂ। ਕਿਥੋਂ ਮੁਕਤ ਕਰੋਗੇ ਤੁਸੀਂ। ਤੁਸੀਂ ਮਜਲਿਸ ਤੋਂ ਮੁਕਤ ਨਹੀਂ, ਭਾਰਤ ਤੋਂ ਮੁਸਲਮਾਨਾਂ ਨੂੰ ਮੁਕਤ ਕਰਨਾ ਚਾਹੁੰਦੇ ਹੋ।' ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਹੈਦਰਾਬਾਦ ਤੋਂ ਏ ਆਈ ਐੱਮ ਆਈ ਐਮ ਦੇ ਪਾਰਲੀਮੈਂਟ ਮੈਂਬਰ ਓਵੈਸੀ ਨੇ ਭਾਜਪਾ ਅਤੇ ਅਮਿਤ ਸ਼ਾਹ 'ਤੇ ਮੁਸਲਮਾਨਾਂ ਨੂੰ ਡਰਾਉਣ ਦਾ ਦੋਸ਼ ਲਾਇਆ ਹੈ। ਉਸ ਨੇ ਕਿਹਾ, ਤੇਲੰਗਾਨਾ ਆਏ ਸਾਬਕਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ ਇੱਕ ਵਾਰ ਕਿਹਾ ਸੀ ਕਿ 'ਹੈਦਰਾਬਾਦ ਨੂੰ ਮਜਲਿਸ ਤੋਂ ਮੁਕਤ ਕਰਾਂਗਾ। ਤੁਸੀਂ ਭਾਰਤ ਨੂੰ ਮੁਸਲਮਾਨਾਂ ਤੋਂ ਮੁਕਤ ਕਰਨਾ ਚਾਹੁੰਦੇ ਹੋ।' ਓਵੈਸੀ ਨੇ ਅੱਗੇ ਕਿਹਾ ਕਿ ਕਿੰਨੇ ਲੋਕ ਆਏ ਤੇ ਕਿੰਨੇ ਚਲੇ ਗਏ। ਬਹੁਤਿਆਂ ਨੇ ਛਾਤੀ ਠੋਕ ਕੇ ਕਿਹਾ ਕਿ ਮੈਂ ਓਵੈਸੀ ਨੂੰ ਦੇਖਣਾ ਨਹੀਂ ਚਾਹੁੰਦਾ। ਓਵੈਸੀ ਨੇ ਸਾਬਕਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ, ਰਾਓ ਨੇ ਵੀ ਕਿਹਾ ਸੀ ਕਿ ਮੈਂ ਓਵੈਸੀ ਨੂੰ ਨਹੀਂ ਦੇਖਣਾ ਚਾਹੁੰਦਾ, ਪਰ ਅਜਿਹਾ ਕੁਝ ਨਹੀਂ ਹੋਇਆ।

ਵਰਨਣ ਯੋਗ ਹੈ ਕਿ ਚੋਣ ਸਰਗਰਮੀਆਂ ਦੌਰਾਨ ਹੈਦਰਾਬਾਦ 'ਚ ਚੰਦਰਯਾਨਗੱਟਾ ਵਿਧਾਨ ਸਭਾ ਖੇਤਰ ਤੋਂ 4 ਵਾਰ ਏ ਆਈ ਐੱਮ ਆਈ ਐਮ ਵਿਧਾਇਕ ਰਹਿ ਚੁੱਕੇ ਅਕਬਰੂਦੀਨ ਓਵੈਸੀ ਦੇ ਖਿਲਾਫ ਭਾਜਪਾ ਨੇ ਮੁਸਲਿਮ ਸਾਮਾਜਿਕ ਵਰਕਰਾਂ ਅਤੇ ਭਾਜਪਾ ਦੀ ਵਿਦਿਆਰਥੀ ਨੇਤਾ ਸ਼ਾਹਜ਼ਦੀ ਨੇਤਾ ਸਈਅਦ ਨੂੰ ਚੋਣ ਲੜਨ ਲਈ ਉਤਾਰਿਆ ਹੈ। ਸ਼ਾਹਜ਼ਾਦੀ ਸਈਅਦ ਮੁਸਲਿਮ ਔਰਤਾਂ ਨੂੰ ਕਾਨੂੰਨ ਦੀ ਮਦਦ ਹਾਸਲ ਕਰਵਾਉਂਦੀ ਹੈ।






## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੌਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ । ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਓਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at: www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
LUCKY
○Unbeatable Prices ○Huge Discounts on
○Good Rates Various Insurances
Harmanjeet Kaur | 905.602.1629
LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
○$29 per hr
○Experience: 3-5 years
○Education has to be secondary high school or equivalent experience
Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092
www.STARLANEPAINTING.com
ਹਰਜੀਤ ਢਨੋਆ

# ਪ੍ਰਿੰਸ ਚਾਰਲਸ ਨੇ ਰਾਜਾ ਵਾਂਗ ਦਖਲ ਨਾ ਦੇਣ ਦਾ ਪ੍ਰਣ ਕੀਤਾ

ਲੰਡਨ, 8 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਿੰਸ ਚਾਰਲਸ ਨੇ ਅੱਜ ਇਕ ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ ਭਵਿੱਖ ਵਿੱਚ ਆਪਣੀ ਭੂਮਿਕਾ ਬਾਰੇ ਗੱਲਬਾਤ ਕੀਤੀ ਅਤੇ ਕਿਹਾ ਕਿ ਜੇ ਉਹ ਰਾਜਾ ਬਣਦੇ ਹਨ ਤਾਂ ਇੰਨੇ ਮੂਰਖ ਨਹੀਂ ਕਿ ਵਿਵਾਦ ਪੂਰਨ ਜਨਤਕ ਮੁੱਦਿਆਂ ’ਤੇ ਬੋਲਣਗੇ। ਮਹਾਰਾਣੀ ਐਲੀਜ਼ਾਬੇਥ ਦੇ ਸਭ ਤੋਂ ਵੱਡੇ ਪੁੱਤਰ ਪ੍ਰਿੰਸ ਚਾਰਲਸ ਨੂੰ ਰਸਮੀ ਤੌਰ ’ਤੇ ਪ੍ਰਿੰਸ ਆਫ ਵੇਲਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ।



ਆਪਣੇ 70ਵੇਂ ਜਨਮ ਦਿਨ ਬਾਰੇ ਅਗਲੇ ਹਫਤੇ ਬਣ ਰਹੀ ਇਕ ਡਾਕੂਮੈਂਟਰੀ ਵਿਚ ਉਨ੍ਹਾਂ ਦੱਸਿਆ ਕਿ ਉਹ ਰਾਜਾ ਵਾਂਗ ਦਖਲ ਦੇਣ ਦੇ ਇਛੁੱਕ ਨਹੀਂ। ਉਨ੍ਹਾਂ ਕਿਹਾ ਕਿ ਮੈਨੂੰ ਅਹਿਸਾਸ ਹੈ ਕਿ ਰਾਜਾ ਵਜੋਂ ਇੱਕ ਵੱਖਰੀ ਜ਼ਿੰਮੇਵਾਰੀ ਹੁੰਦੀ ਹੈ, ਜ਼ਾਹਿਰ ਹੈ, ਇਸ ਲਈ ਮੈਂ ਪੂਰੀ ਤਰ੍ਹਾਂ ਸਮਝਦਾ ਹਾਂ ਕਿ ਇਸ ਨੂੰ ਕਿਵੇਂ ਨਿਭਾਉਣਾ ਚਾਹੀਦਾ ਹੈ। ਇਹ ਪੁੱਛੇ ਜਾਣ ਉਤੇ ਕਿ ਕੀ ਉਹ ਜਨਤਕ ਪ੍ਰਚਾਰ ਮੁਹਿੰਮ ਜਾਰੀ ਰੱਖਣਗੇ, ਉਨ੍ਹਾਂ ਨੇ ਕਿਹਾ ਕਿ ਨਹੀਂ, ਇਹ ਨਹੀਂ ਹੋਵੇਗਾ। ਮੈਂ ਇੰਨਾ ਮੂਰਖ ਨਹੀਂ।’ ਪ੍ਰਿੰਸ ਚਾਰਲਸ ਕਈ ਮੁੱਦਿਆਂ ’ਤੇ ਰਾਇਸ਼ੁਮਾਰੀ ਤਿਆਰ ਕਰਵਾ ਚੁੱਕੇ ਹਨ, ਜੋ ਉਨ੍ਹਾਂ ਤੇ ਸਰਕਾਰ ਦੇ ਮੰਤਰੀਆਂ ਵਿਚਾਲੇ ਹੋਏ ਕਈ ਚਿੱਠੀ ਪੱਤਰ ਵਿਚ ਨਜ਼ਰ ਆਉਂਦਾ ਹੈ। ਇਨ੍ਹਾਂ ਨੂੰ ਬਲੈਕ ਸਪਾਈਡਰ ਮੈਮੋ ਕਿਹਾ ਜਾਂਦਾ ਹੈ।

# ਫਸੀਆਂ ਹੋਈਆਂ ਬਿਜਲੀ ਕੰਪਨੀਆਂ ਦਾ ਮਸਲਾ ਸੁਲਝ ਨਹੀਂ ਰਿਹਾ

ਨਵੀਂ ਦਿੱਲੀ, 8 ਨਵੰਬਰ (ਪੋਸਟ ਬਿਊਰੋ)- ਪਹਿਲਾਂ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਵੱਲੋਂ ਆਪਣੇ ਫਸੇ ਹੋਏ ਕਰਜ਼ੇ (ਐਨ ਪੀ ਏ) ਬਾਰੇ ਨਵੇਂ ਨਿਯਮ ਪੇਸ਼ ਕਰਨ ਤੇ ਬਾਅਦ ਵਿੱਚ ਇਸ 'ਤੇ ਇਲਾਹਾਬਾਦ ਕੋਰਟ ਦੇ ਫੈਸਲੇ ਨਾਲ ਭਾਰਤ ਦੇ 30 ਹਜ਼ਾਰ ਮੈਗਾਵਾਟ ਦੇ ਬਿਜਲੀ ਪ੍ਰਾਜੈਕਟਾਂ ਦਾ ਮਾਮਲਾ ਅਜੇ ਤੱਕ ਸੁਲਝ ਨਹੀਂ ਰਿਹਾ।



ਇਹ ਗੱਲ ਕਹੀ ਜਾ ਰਹੀ ਹੈ ਕਿ ਪਿਛਲੇ ਦਿਨਾਂ 'ਚ ਵਿੱਤ ਮੰਤਰਾਲੇ ਅਤੇ ਰਿਜ਼ਰਵ ਬੈਂਕ ਵਿਚਾਲੇ ਵਿਵਾਦ ਦੇ ਵਧ ਜਾਣ ਕਾਰਨ ਇਨ੍ਹਾਂ ਨੂੰ ਪ੍ਰਾਜੈਕਟਾਂ ਦੇ ਮਾਮਲੇ ਸੁਲਝਾਉਣ ਦੀਆਂ ਕੋਸ਼ਿਸ਼ਾਂ ਨੂੰ ਵੀ ਝਟਕਾ ਲੱਗਾ ਹੈ। ਸਰਕਾਰ ਵੱਲੋਂ ਕੈਬਨਿਟ ਸੈਕਟਰੀ ਦੀ ਪ੍ਰਧਾਨਗੀ ਹੇਠ ਬਣਾਈ ਕਮੇਟੀ ਵੀ ਅਜੇ ਤੱਕ ਇਨ੍ਹਾਂ ਬਿਜਲੀ ਕੰਪਨੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਗਾਰੰਟੀ ਨਹੀਂ ਦੇ ਸਕੀ। ਇਹ ਪੂਰਾ ਵਿਵਾਦ ਇਕ ਪਾਸੇ ਕਾਨੂੰਨੀ ਮਾਮਲਿਆਂ 'ਚ ਉਲਝਿਆ ਹੋਇਆ ਹੈ ਤਾਂ ਦੂਜੇ ਪਾਸੇ ਆਰ ਬੀ ਆਈ ਅਜੇ ਤੱਕ ਬੇਹੱਦ ਸਖਤ ਰੁਖ ਅਪਣਾਏ ਹੋਏ ਹਨ। ਵਿੱਤ ਮੰਤਰਾਲੇ ਅਤੇ ਆਰ ਬੀ ਆਈ ਦੇ ਵਿਵਾਦ ਦੇ ਪਿੱਛੇ ਇਕ ਵੱਡੀ ਵਜ੍ਹਾ ਇਨ੍ਹਾਂ ਬਿਜਲੀ ਕੰਪਨੀਆਂ ਉੱਤੇ ਲਾਗੂ ਐਨ ਪੀ ਏ ਨਿਯਮ ਹੈ। ਇਹ ਕੇਸ ਅਜੇ ਸੁਪਰੀਮ ਕੋਰਟ ਵਿੱਚ ਹੈ ਤੇ 14 ਨਵੰਬਰ ਨੂੰ ਇਸ ਦੀ ਅਗਲੀ ਸੁਣਵਾਈ ਹੈ। ਇਸ ਦੌਰਾਨ ਇਹ ਕੋਸ਼ਿਸ਼ ਹੋ ਰਹੀ ਹੈ ਕਿ ਸੁਪਰੀਮ ਕੋਰਟ 'ਚ ਅਗਲੀ ਸੁਣਵਾਈ ਤੋਂ ਪਹਿਲਾਂ ਕੁਝ ਬਿਜਲੀ ਕੰਪਨੀਆਂ 'ਤੇ ਬਕਾਇਆ ਕਰਜ਼ ਦਾ ਮੁੱਦਾ ਮੁਕਾ ਲਿਆ ਜਾਵੇ।

ਬਿਜਲੀ ਮੰਤਰਾਲੇ ਦੇ ਸੂਤਰਾਂ ਮੁਤਾਬਕ ਫਸੇ ਹੋਏ ਬਿਜਲੀ ਪ੍ਰਾਜੈਕਟਾਂ ਨੂੰ ਸੁਲਝਾਉਣ ਲਈ ਬਦਲੇ ਹੋਏ ਨਾਂ ਨਾਲ ਇਕ ਯੋਜਨਾ ਬਣਾਈ ਗਈ ਸੀ, ਜਿਸ ਵਿੱਚ ਕੁਝ ਪ੍ਰਾਜੈਕਟਾਂ ਨੂੰ ਉਨ੍ਹਾਂ ਦੀ ਪ੍ਰਮੋਟਰ ਕੰਪਨੀਆਂ ਦੀ ਮਦਦ ਨਾਲ ਉਭਾਰਨ ਦਾ ਖਿਆਲ ਸੀ, ਪਰ ਆਰ ਬੀ ਆਈ ਇਸ ਬਾਰੇ ਬਹੁਤਾ ਉਤਸ਼ਾਹਿਤ ਨਹੀਂ। ਆਰ ਬੀ ਆਈ ਦਾ ਰੁਖ਼ ਵੇਖ ਕੇ ਬੈਂਕ ਵੀ ਕੋਈ ਫੈਸਲਾ ਨਹੀਂ ਕਰ ਰਹੇ। ਇਨ੍ਹਾਂ 'ਚੋਂ ਕੁਝ ਪ੍ਰਾਜੈਕਟਾਂ ਨੂੰ ਖਰੀਦਣ ਦੇ ਬਹੁਤ ਚੰਗੇ ਪੱਖ ਸਾਹਮਣੇ ਆਏ ਹਨ, ਫਿਰ ਵੀ ਬੈਂਕ ਉਨ੍ਹਾਂ ਨੂੰ ਨਹੀਂ ਮੰਨ ਰਹੇ। ਜਦ ਕਿ ਕੁਝ ਕੇਸਾਂ 'ਚ ਬੈਂਕਾਂ ਵਿਚਾਲੇ ਹੀ ਆਪਸੀ ਰਜਾਮੰਦੀ ਨਹੀਂ ਹੈ।

## ਹਵਾ ਪ੍ਰਦੂਸ਼ਣ ਨਾਲ ਬੱਚਿਆਂ ਵਿੱਚ 78 ਫੀਸਦੀ ਤੱਕ ਆਟੀਜ਼ਮ ਦਾ ਖਤਰਾ

ਬੀਜਿੰਗ, 8 ਨਵੰਬਰ (ਪੋਸਟ ਬਿਊਰੋ)- ਵਾਹਨਾਂ ਤੇ ਕਾਰਖਾਨਿਆਂ ਤੋਂ ਨਿਕਲਣ ਵਾਲੇ ਧੂੰਏਂ ਅਤੇ ਹੋਰ ਬਾਹਰੀ ਪ੍ਰਦੂਸ਼ਣ ਦੇ ਕਾਰਨ ਬੱਚਿਆਂ ਵਿੱਚ ਆਟੀਜ਼ਮ ਦਾ ਖਤਰਾ 78 ਪ੍ਰਤੀਸ਼ਤ ਤੱਕ ਵਧ ਸਕਦਾ ਹੈ। ਪਿਛਲੇ ਦਿਨਾਂ ਵਿੱਚ ਚੀਨ ਵਿੱਚ ਹੋਈ ਇਕ ਖੋਜ ਵਿੱਚ ਇਸ ਗੱਲ ਦਾ ਖੁਲਾਸਾ ਹੋਇਆ ਹੈ।

ਇਸ ਖੋਜ ਵਿੱਚ ਹਵਾ ਵਿੱਚ ਘੁਲੇ ਖਤਰਨਾਕ ਸੂਖਮ ਕਣ (ਪੀ ਐਮ 2.5) ਦੇ ਸੰਪਰਕ ਪ੍ਰਭਾਵ ਨੂੰ ਸਮਝਣ ਲਈ ਸ਼ੰਘਾਈ ਵਿੱਚ ਕੁਝ ਬੱਚਿਆਂ ਦੇ ਉਨ੍ਹਾਂ ਦੇ ਜਨਮ ਦੇ ਸਮੇਂ ਤੋਂ ਲੈ ਕੇ ਤਿੰਨ ਸਾਲ ਤੱਕ ਦਾ ਅਧਿਐਨ ਕੀਤਾ ਗਿਆ। ਇਸ ਅਧਿਐਨ ਵਿੱਚ 124 ਏ ਐਸ ਡੀ (ਆਟੀਜ਼ਮ ਸਪੇਕਟਮ ਵਿਕਾਰ) ਵਾਲੇ ਬੱਚਿਆਂ ਅਤੇ 1240 ਸਿਹਤਮੰਦ ਬੱਚਿਆਂ ਨੂੰ ਸ਼ਾਮਲ ਕੀਤਾ ਗਿਆ। ਉਨ੍ਹਾਂ ਵਿੱਚ ਹਵਾ ਪ੍ਰਦੂਸ਼ਣ ਅਤੇ ਏ ਐਸ ਡੀ ਦੇ ਵਿਚਾਲੇ ਸੰਬੰਧ ਦੀ ਜਾਂਚ ਕੀਤੀ ਗਈ। ‘ਜਰਨਲ ਇਨਵਾਈਰਨਮੈਂਟ ਇੰਟਰਨੈਸ਼ਨਲ' ਵਿੱਚ ਪ੍ਰਕਾਸ਼ਿਤ ਅਧਿਐਨ ਵਿੱਚ ਪਹਿਲੀ ਵਾਰ ਬੱਚਿਆਂ ਦੇ ਜਨਮ ਲੈਣ ਤੋਂ ਕੁਝ ਸਾਲਾਂ ਬਾਅਦ ਵੀ ਉਨ੍ਹਾਂ ਦੀ ਸਿਹਤ 'ਤੇ ਪੈਣ ਵਾਲੇ ਆਟੀਜ਼ਮ ਦੇ ਹਾਨੀਕਾਰਕ ਪ੍ਰਭਾਵਾਂ ਦਾ ਪਤਾ ਲੱਗਾ ਹੈ। ਚਾਈਨਿਜ਼ ਅਕੈਡਮੀ ਆਫ ਸਾਇੰਸਜ਼ ਦੇ ਝਿਲਿੰਗ ਗੁਆ ਨੇ ਕਿਹਾ, ‘ਆਟੀਜ਼ਮ ਦੇ ਕਾਰਨ ਜਟਿਲ ਹਨ ਅਤੇ ਪੂਰੀ ਤਰ੍ਹਾਂ ਨਾਲ ਸਮਝ ਵਿੱਚ ਨਹੀਂ ਆਉਂਦੇ, ਪਰ ਗੈਰ ਜ਼ਰੂਰੀ ਤੇ ਹੋਰ ਪੱਖਾਂ ਦੇ ਇਲਾਵਾ ਵਾਤਾਵਰਣ ਕਾਰਕਾਂ ਨੂੰ ਤੇਜ਼ੀ ਨਾਲ ਪਛਾਣਿਆ ਜਾਂਦਾ ਹੈ।' ਡਬਲਊ ਐਚ ਓ ਦੇ ਮੁਤਾਬਕ ਹਵਾ ਪ੍ਰਦੂਸ਼ਣ ਜਨਤਕ ਰੂਪ ਨਾਲ ਚਿੰਤਾ ਦਾ ਵਿਸ਼ਾ ਹੈ ਅਤੇ ਗੋਲਬਲ ਪੱਧਰ 'ਤੇ ਹਰ ਸਾਲ 42 ਲੱਖ ਮੌਤਾਂ ਦਾ ਕਾਰਨ ਬਣਦਾ ਹੈ।

## ਆਪਣੇ ਬੱਚਿਆਂ ਨੂੰ ਟੀਚਰ ਬਣਾਉਣਾ ਚਾਹੁੰਦੇ ਨੇ ਭਾਰਤੀ ਲੋਕ

ਲੰਡਨ, 8 ਨਵੰਬਰ (ਪੋਸਟ ਬਿਊਰੋ)- ਇਕ ਅਧਿਐਨ ਵਿੱਚ ਇਹ ਗੱਲ ਪਤਾ ਲੱਗੀ ਹੈ ਕਿ ਸਿੱਖਿਆ ਖੇਤਰ ’ਚ ਆਪਣੇ ਬੱਚਿਆਂ ਦਾ ਕਰੀਅਰ ਬਣਾਉਣ ਬਾਰੇ ਭਾਰਤੀਆਂ ਦਾ ਰੁਖ ਸਭ ਤੋਂ ਵਧ ਸਕਾਰਾਤਮਕ ਰਹਿੰਦਾ ਹੈ। ਬ੍ਰਿਟੇਨ ਦੀ ਵਰਕੇ ਫਾਊਂਡੇਸ਼ਨ ਵਲੋਂ ਅੱਜ ‘ਗਲੋਬਲ ਟੀਚਰ ਸਟੇਟਸ ਇੰਡੈਕਸ 2018’ ਰਲੀਜ਼ ਕੀਤਾ ਗਿਆ ਤੇ ਇਸ ਵਿੱਚ ਦੁਨੀਆ ਦੇ 35 ਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ’ਚ ਖੁਲਾਸਾ ਕੀਤਾ ਗਿਆ ਹੈ ਕਿ ਅੱਧੇ ਤੋਂ ਵੱਧ (54 ਫੀਸਦੀ) ਭਾਰਤੀ ਲੋਕ ਆਪਣੇ ਬੱਚਿਆਂ ਨੂੰ ਉਤਸ਼ਾਹਿਤ ਕਰਦੇ ਹਨ ਕਿ ਉਹ ਟੀਚਿੰਗ ਕਰੀਅਰ ਚੁਣਨ। ਚੀਨ ’ਚ ਇਹ 50 ਫੀਸਦੀ ਸੀ। ਤੁਲਨਾ ਕਰਨ ਲਈ ਕਰੀਬ 23 ਫੀਸਦੀ ਬ੍ਰਿਟਿਸ਼ ਲੋਕ ਆਪਣੇ ਬੱਚਿਆਂ ਨੂੰ ਟੀਚਰ ਬਣਨ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰਦੇ ਹਨ, ਰੂਸ ’ਚ 6 ਫੀਸਦੀ ਲੋਕ ਹੀ ਬੱਚਿਆਂ ਨੂੰ ਇਸ ਕਰੀਅਰ ਲਈ ਤਿਆਰ ਕਰਦੇ ਹਨ।

## ਕਾਰ ਫਲੋਰ ਮੈਟ ਉੱਤੇ ਇੱਕ ਓਂਕਾਰ ਅਤੇ ਖੰਡੇ ਦੇ ਚਿੱਤਰ ਛਾਪਣ ਦੀ

ਵਾਸ਼ਿੰਗਟਨ, 8 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੀ ਇੱਕ ਆਨਲਾਈਨ ਸ਼ਾਪਿੰਗ ਕੰਪਨੀ ਨੇ ਕਾਰ ਦੇ ਫਲੋਰ ਮੈਟਾਂ 'ਤੇ ਇੱਕ ਓਂਕਾਰ ਅਤੇ ਖੰਡੇ ਦੇ ਚਿੱਤਰ ਬਣਾ ਕੇ ਲਾਏ ਸਨ। ਟਵਿੱਟਰ 'ਤੇ ਇੱਕ ਸ਼ਿਕਾਇਤ ਮਿਲਣ ਪਿੱਛੋਂ ਕੰਪਨੀ ਨੇ ਇਹ ਮੈਟ ਤੁਰੰਤ ਹਟਾ ਦਿੱਤੇ। ਪਤਾ ਲੱਗਾ ਹੈ ਕਿ ਅਮਰੀਕਾ ਦੀ ਇੱਕ ਆਨਲਾਈਨ ਮਾਰਕੀਟ ਪਲੇਸ ਕੰਪਨੀ ਜੈਜਲ ਡਾਟ ਕਾਮ ਉੱਤੇ ਖੰਡੇ ਅਤੇ ਇੱਕ ਓਂਕਾਰ ਦੇ ਡਿਜ਼ਾਈਨ ਵਾਲੇ ਕਾਰ ਫਲੋਰ ਮੈਟ ਬਣਾ ਕੇ ਆਨਲਾਈਨ ਵੇਚਣ ਲਈ ਵੈਬਸਾਈਟ 'ਤੇ ਲੋਡ ਕੀਤੇ ਹੋਏ ਸਨ। ਅਮਰੀਕਾ ਦੀ ਈਕੋ ਸਿੱਖ ਸੰਸਥਾ ਦੇ ਮੁਖੀ ਡਾਕਟਰ ਰਾਜਵੰਤ ਸਿੰਘ ਨੇ ਟਵਿੱਟਰ ਵੱਲੋਂ ਕੰਪਨੀ ਨੂੰ ਸ਼ਿਕਾਇਤ ਕੀਤੀ, ਜਿਸ ਪਿੱਛੋਂ ਕੰਪਨੀ ਨੇ ਸਿੱਖ ਧਾਰਮਿਕ ਭਾਵਨਾਵਾਂ ਦੇ ਮੱਦੇਨਜ਼ਰ ਇਸ ਨੂੰ ਹਟਾ ਲਿਆ।

ਡਾਕਟਰ ਰਾਜਵੰਤ ਸਿੰਘ ਨੇ ਦੱਸਿਆ ਕਿ ਜੈਜਲ ਅਮਰੀਕਾ ਦੀ ਆਨਲਾਈਨ ਮਾਰਕੀਟ ਪਲੇਸ ਹੈ, ਜਿੱਥੇ ਗ੍ਰਾਹਕ ਨੂੰ ਆਪਣੀ ਮਨ ਪਸੰਦ ਦੇ ਡਿਜ਼ਾਈਨ ਬਣਾ ਕੇ ਵੈਬਸਾਈਟ 'ਤੇ ਲੋਡ ਕਰਨ ਪਿੱਛੋਂ ਉਹੋ ਜਿਹੇ ਡਿਜ਼ਾਈਨ ਦਾ ਸਮਾਨ ਜਿਵੇਂ ਕੱਪੜੇ, ਕੱਪ, ਮਗ, ਮੈਟ, ਬੈਗ, ਫੋਨ ਕਵਰ ਆਦਿ ਚੀਜ਼ਾਂ ਘਰ ਬੈਠੇ ਮਿਲ ਜਾਂਦੀਆਂ ਹਨ। ਸੰਭਵ ਹੈ ਕਿ ਸਿੱਖ ਧਰਮ ਦੇ ਚਿਨ੍ਹ ਬਣਾ ਕੇ ਕੰਪਨੀ ਦੀ ਆਪਣੀ ਸੇਲ ਵਧਾਉਣ ਦੀ ਯੋਜਨਾ ਹੋਵੇ, ਪਰ ਕੰਪਨੀ ਨੂੰ ਇਨ੍ਹਾਂ ਚਿੰਨ੍ਹਾਂ ਦੇ ਮਹੱਤਵ ਬਾਰੇ ਵਿੱਚ ਸ਼ਾਇਦ ਜਾਣਕਾਰੀ ਨਹੀਂ ਸੀ। ਇਸ ਕਾਰਨ ਉਸ ਤੋਂ ਇਹ ਗਲਤੀ ਹੋ ਗਈ ਹੋਵੇ। ਕੰਪਨੀ ਨੇ ਟਵਿੱਟਰ ਉੱਤੇ ਡਾਕਟਰ ਰਾਜਵੰਤ ਦਾ ਧੰਨਵਾਦ ਕਰਦੇ ਹੋਏ ਇਨ੍ਹਾਂ ਮੈਟਾਂ ਨੂੰ ਹਟਾ ਲਿਆ ਹੈ। ਕੰਪਨੀ ਨੇ ਭਵਿੱਖ ਵਿੱਚ ਇਨ੍ਹਾਂ ਗੱਲਾਂ ਦਾ ਧਿਆਨ ਰੱਖਣ ਦਾ ਵੀ ਵਾਅਦਾ ਕੀਤਾ ਹੈ। ਡਾਕਟਰ ਰਾਜਵੰਤ ਨੇ ਕਿਹਾ ਕਿ ਇੱਕ ਓਂਕਾਰ ਸਿੱਖ ਧਰਮ ਵਿੱਚ ਸਭ ਤੋਂ ਉਪਰ ਹੈ।

ਕੰਪਨੀ ਦੇ ਮਰਾਕੀਟ ਡਾਇਰੈਕਟਰ ਐਂਡਰਿਊ ਜੂ ਨੇ ਦੱਸਿਆ ਕਿ ਇਹ ਨਿਸ਼ਾਨ ਮੰਗ 'ਤੇ ਬਣਾਉਣ ਲਈ ਕਿਸੇ ਨੇ ਪਾਏ ਸਨ। ਅਸੀਂ ਇਸ ਦੀ ਡਿਮਾਂਡ ਦੇਖਦੇ ਹੋਏ ਮੈਟ 'ਤੇ ਵੀ ਬਣਾ ਦਿੱਤਾ, ਪਰ ਸਾਨੂੰ ਇਸ ਦੀ ਮਹੱਤਤਾ ਅਤੇ ਧਾਰਮਿਕ ਪਵਿੱਤਰਤਾ ਦਾ ਗਿਆਨ ਹੁੰਦੇ ਸਾਰ ਹਟਾ ਦਿੱਤਾ ਹੈ।

## ਟਰੰਪ ਨੇ ਅਟਾਰਨੀ ਜਨਰਲ ਜੈੱਫ ਸੈਸ਼ਨਜ਼ ਨੂੰ ਵੀ ਹਟਾ ਦਿੱਤੈ



ਵਾਸ਼ਿੰਗਟਨ, 8 ਨਵੰਬਰ (ਪੋਸਟ ਬਿਊਰੋ)- ਪਾਰਲੀਮੈਂਟਰੀ ਚੋਣਾਂ ਦੇ ਨਤੀਜਿਆਂ ਵਿਚਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਟਾਰਨੀ ਜਨਰਲ ਜੈੱਫ ਸੈਸ਼ਨਜ਼ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਟਰੰਪ ਅਤੇ ਜੈੱਫ ਦਰਮਿਆਨ ਲੰਬੇ ਸਮੇਂ ਤੋਂ ਮੱਤਭੇਦ ਦੀਆਂ ਖ਼ਬਰਾਂ ਬਾਹਰ ਆ ਰਹੀਆਂ ਸਨ।

ਜੈੱਫ ਨੇ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਰੂਸ ਦੀ ਭੂਮਿਕਾ ਬਾਰੇ ਹੋ ਰਹੀ ਜਾਂਚ ਤੋਂ ਖ਼ੁਦ ਨੂੰ ਵੱਖ ਕਰ ਲਿਆ ਸੀ। ਇਸ ਕਾਰਨ ਟਰੰਪ ਦੇ ਖ਼ਿਲਾਫ਼ ਚੱਲਦੀ ਜਾਂਚ ਦੇ ਪ੍ਰਭਾਵਿਤ ਹੋਣ ਦਾ ਸ਼ੱਕ ਕੀਤਾ ਜਾ ਰਿਹਾ ਹੈ। ਟਰੰਪ ਨੇ ਬੁੱਧਵਾਰ ਨੂੰ ਟਵੀਟ ਕੀਤਾ, ‘ਸਾਨੂੰ ਇਹ ਐਲਾਨ ਕਰਦੇ ਹੋਏ ਖ਼ੁਸ਼ੀ ਹੈ ਕਿ ਨਿਆਂ ਵਿਭਾਗ ਦੇ ਨਵੇਂ ਮੁਖੀ ਮੈਥਿਊ ਜੀ ਵਿਟੈਕਰ ਹੋਣਗੇ। ਉਹ ਜੈੱਫ ਸੈਸ਼ਨਜ਼ ਦੀ ਥਾਂ ਲੈਣਗੇ। ਆਸ ਹੈ ਕਿ ਨਵੇਂ ਕਾਰਜਕਾਰੀ ਅਟਾਰਨੀ ਜਨਰਲ ਵਿਟੈਕਰ ਦੇਸ਼ ਨੂੰ ਬਿਹਤਰ ਸੇਵਾਵਾਂ ਦੇਣਗੇ। ਮੈਂ ਜੈੱਫ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਧੰਨਵਾਦ ਦਿੰਦਾ ਹਾਂ। ਸਥਾਈ ਅਟਾਰਨੀ ਜਨਰਲ ਦਾ ਐਲਾਨ ਬਾਅਦ ’ਚ ਕੀਤਾ ਜਾਵੇਗਾ।’ ਵਿਟੈਕਰ ਨੂੰ ਹਾਕਮ ਰਿਪਬਲਿਕਨ ਪਾਰਟੀ ਦਾ ਸਾਥੀ ਮੰਨਿਆ ਜਾਂਦਾ ਹੈ।

## ਸ਼ਰਾਬ ਤਸਕਰਾਂ ਨੇ ਸਿਪਾਹੀ ਨੂੰ ਐਸ ਯੂ ਵੀ ਹੇਠ ਦਰੜ ਸੁੱਟਿਆ

ਨਾਗਪੁਰ, 8 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਚੰਦਰਪੁਰ ਜ਼ਿਲੇ 'ਚ ਕੱਲ੍ਹ ਸਵੇਰੇ ਡਿਊਟੀ 'ਤੇ ਤਾਇਨਾਤ ਇਕ ਸਿਪਾਹੀ ਨੂੰ ਸ਼ਰਾਬ ਤਸਕਰਾਂ ਨੇ ਸਪੋਰਟਸ ਯੂਟੀਲਿਟੀ ਵ੍ਹੀਕਲ (ਐਸ ਯੂ ਵੀ) ਨਾਲ ਦਰੜ ਕੇ ਮਾਰ ਸੁੱਟਿਆ। ਸਿਪਾਹੀ ਛੱਤਰਪਤੀ ਚਿਦੇ ਜ਼ਿਲੇ ਦੇ ਨਾਗਭੀੜ ਥਾਣੇ 'ਚ ਤਾਇਨਾਤ ਸਨ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰੇ ਮੌਸੀ-ਚੋਰਗਾਵ ਦੇ ਨੇੜੇ ਗੋਸੀਖੁਰਦ ਨਾਲਾ ਰੋਡ ਉੱਤੇ ਛੱਤਰਪਤੀ ਚਿਦੇ ਚਾਰ ਹੋਰ ਪੁਲਸ ਮੁਲਾਜ਼ਮਾਂ ਨਾਲ ਸ਼ਰਾਬ ਦੀ ਤਸਕਰੀ ਰੋਕਣ ਲਈ ਗੱਡੀਆਂ ਦੀ ਜਾਂਚ ਕਰ ਰਹੇ ਸਨ। ਨਾਗਭੀੜ ਪੁਲਸ ਨੇ ਕਿਹਾ ਕਿ ਬ੍ਰਹਮਪੁਰੀ ਸ਼ਹਿਰ ਵੱਲ ਜਾਂਦੀ ਐਸ ਯੂ ਵੀ ਨੂੰ ਪੁਲਸ ਮੁਲਾਜ਼ਮਾਂ ਨੇ ਰੋਕਿਆ ਤੇ ਪੁਲਸ ਵਾਲੇ ਉਸ ਵੱਲ ਜਾ ਰਹੇ ਸਨ ਕਿ ਅਚਾਨਕ ਡਰਾਈਵਰ ਨੇ ਗੱਡੀ ਪਿੱਛੇ ਮੋੜੀ ਅਤੇ ਸਿਪਾਹੀ ਚਿਦੇ ਨੂੰ ਦਰੜ ਕੇ ਦੋਸ਼ੀ ਫਰਾਰ ਹੋ ਗਏ। ਜ਼ਖਮੀ ਚਿਦੇ ਨੂੰ ਬ੍ਰਹਮਪੁਰੀ ਦੇ ਹਸਪਤਾਲ ਲਿਜਾਇਆ ਗਿਆ, ਜਿਥੇ ਉਨ੍ਹਾਂ ਨੂੰ ਮ੍ਰਿਤ ਐਲਾਨ ਦਿੱਤਾ ਗਿਆ। ਚੰਦਰਪੁਰ ਦੇ ਐਸ ਪੀ ਮਹੇਸ਼ਵਰ ਰੈਡੀ ਨੇ ਕਿਹਾ ਕਿ ਪੁਲਸ ਵੱਲੋਂ ਟੀਮ ਸ਼ਰਾਬ ਤਸਕਰੀ ਖਿਲਾਫ ਨਿਯਮਤ ਮੁਹਿੰਮ ਦੌਰਾਨ ਵਾਰਦਾਤ ਹੋਈ।


### Name Changed

**I, Sunil Kumar,** resident of 19 **Sunnyvale Gate Brampton, ON, L6S6J3** do hereby declare that I have changed my name from **Sunil Kumar to Sunil Makhija.** Henceforward, I shall be known as **Sunil Makhija.** All concern to note.

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

### ਨੈਨੀ ਦੀ ਜ਼ਰੂਰਤ

ਅਬਨੀਜ਼ਰ ਅਤੇ ਗੋਰ ਦੇ ਏਰੀਏ ਵਿਚ ਕੁਕਿੰਗ ਅਤੇ ਕਲੀਨਿੰਗ ਲਈ ਅਤੇ 2 ਬੱਚਿਆਂ ਦੀ ਸਾਂਭ ਸੰਭਾਲ ਲਈ ਜੋ ਕੇ 4 ਅਤੇ 5 ਸਾਲ ਦੇ ਹਨ, ਸਕੂਲ ਜਾਂਦੇ ਹਨ, ਲਈ ਨੈਨੀ ਦੀ ਜਰੂਰਤ ਹੈ। ਆਪਣਾ ਟਰਾਂਸਪੋਟੇਸ਼ਨ ਹੋਣਾ ਅਤੇ ਪੀ ਆਰ ਦਾ ਹੋਣਾ ਜ਼ਰੂਰੀ ਹੈ। ਕੰਮ ਸ਼ਾਮ ਨੂੰ 2:30 ਤੋਂ 7:30 ਤੱਕ ਸੋਮਵਾਰ ਤੋਂ ਸ਼ੁਕਰਵਾਰ ਤੱਕ ਹੋਵੇਗਾ। ਜ਼ਿਆਦਾ ਜਾਣਕਾਰੀ ਲਈ ਦਿੱਤੇ ਨੰ. ’ਤੇ ਸੰਪਰਕ ਕੀਤਾ ਜਾ ਸਕਦਾ ਹੈ। 416-648-2455

### IN HOME CAREGIVER

Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.

Please send resume at:
mandeep.karwal@gmail.com
or Drop a Call: 647-649-8100

### ਮੰਨ ਪਸੰਦ ਦੀ ਬੇਸਮੈਂਟ ਬਣਵਾਉ

Tiling | Drywalling | Electric Works
• Complete Furnished Basement • 1st come, 1st served
• ਬਹੁਤ ਘਟ ਰੇਟ, ਸਮੇ ਸਿਰ ਕੰਮ
ਅੱਜ ਹੀ ਕਾਲ ਕਰੋ: 647-562-5577

### AZ ਡਰਾਇਵਰਾਂ ਦੀ ਲੋੜ ਹੈ

“New Drivers are welcome”
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟਰੱਕ
ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

### City Translogistics Co.

ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ।
ਜਿਆਦਾ ਜਾਣਕਾਰੀ ਲਈ: 647-632-1742

### RESIDENTIAL - COMMERCIAL PROPERTY - INDUSTRIAL

KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

### PESTAGON Ltd

PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

### JOBS! JOBS! JOBS! JOBS!

ਜੇ ਤੁਸੀਂ ਨੌਕਰੀ ਦੀ ਭਾਲ ਕਰ ਰਹੇ ਹੋ ਸਾਡੇ ਨਾਲ ਸੰਪਰਕ ਕਰੋ
D&S Deol and Song Inc.
Available Positions for full time and part time
General Labour, Order Picking, Assembly Work, Drivers
Forklift & Raymond, Packaging, Reach Operators, Wood Workers
Quality Control, Machine Operators, Office Work, Helpers
Contact Us
P: 905-847-8821 Ext 152
E: customerservice@d-n-s.ca
W: www.d-n-s.ca
Good Hourly Salary
7290 Major Mackenzie Drive Kleinberg, Ont. L0J 1C0

### V4U LOGISTIC INC. — NOW HIRING

Delivering "Satisfaction"... On Time ...Every Time.
A/Z Drivers Needed
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ: 416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

### A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ

CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

### MANN RENOVATION

ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

### GF1 Security Jobs - Security Guard Training - Licensing

Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

# ਸਾਡੇ ਖੂਹ ਉੱਤੇ ਵਸਦਾ ਰੱਬ ਨੀਂ

-ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਆਓ ਤੁਹਾਨੂੰ ਵੇਲਿਆਂ ਦੇ ਖੂਹ ਦੀ ਸੈਰ ਕਰਾਈਏ। ਸਾਡੇ ਪਿੰਡ ਦੀ ਦਾਸਕੀ ਪੱਤੀ ਦੇ ਨੇੜੇ ਖੂਹ ਸੀ। ਨੇੜੇ ਹੋਣ ਕਰ ਕੇ ਉਸ ਨੂੰ ਨਿਆਈਆਂ ਵਾਲਾ ਖੂਹ ਕਹਿੰਦੇ ਸਨ। ਉਦੋਂ ਮੈਂ ਪੰਜਵੀਂ ਵਿੱਚ ਪੜ੍ਹਦਾ ਸਾਂ। ਖੇਤਾਂ ਦੀ ਸਿੰਜਾਈ ਦਾ ਉਸ ਸਮੇਂ ਖੂਹ ਹੀ ਮੁੱਖ ਸਾਧਨ ਸੀ। ਵਾਰੀ ਅਨੁਸਾਰ ਖੂਹ ਜੋੜਿਆ ਜਾਂਦਾ। ਕਈ ਵਾਰ ਸਾਡੇ ਖੂਹ ਦੀ ਵਾਰੀ ਦਿਨ ਵੇਲੇ ਆਉਂਦੀ ਸੀ ਤੇ ਕਈ ਵਾਰ ਰਾਤ ਨੂੰ। ਖੇਤਾਂ ਨੂੰ ਸਿੰਜਾਈ ਦੀ ਲੋੜ ਨਹੀਂ ਹੁੰਦੀ ਤਾਂ ਕਈ ਕਈ ਦਿਨ ਖੂਹ ਬੰਦ ਰਹਿੰਦਾ।

ਜਦੋਂ ਖੂਹ ਦੀ ਸਾਡੀ ਵਾਰੀ ਹੁੰਦੀ ਸੀ; ਮੈਂ ਅਕਸਰ



ਕਿਤਾਬਾਂ-ਕਾਪੀਆਂ ਲੈ ਕੇ ਖੂਹ ਉੱਤੇ ਚਲਾ ਜਾਂਦਾ ਸਾਂ। ਕਈ ਵਾਰ ਖੂਹ ਚਲਾ ਰਹੇ ਪਿਤਾ ਜੀ ਦਾ ਭੱਤਾ ਲੈ ਕੇ ਜਾਂਦਾ ਸਾਂ। ਸਿਰ ਉੱਤੇ ਇਸ ਨੂੰ ਰੱਖ ਕੇ ਉਪਰ ਲੱਸੀ ਦੀ ਗੜਵੀ ਅਤੇ ਗੜਵੀ ਉਪਰ ਪੌਣੇ ਵਿੱਚ ਬੱਧੀਆਂ ਰੋਟੀਆਂ, ਆਚਾਰ ਜਾਂ ਕੋਈ ਬਿਨਾਂ ਤਰੀ ਤੋਂ ਭੋਨਵੀਂ ਸਬਜ਼ੀ ਵਿੰਗ-ਤੜਿੰਗੀ ਡੰਡੀ ਉੱਤੇ ਮੈਂ ਹੌਲੀ-ਹੌਲੀ ਤੁਰਦਾ। ਪਿਤਾ ਜੀ ਰੋਟੀ ਖਾਂਦੇ ਤੇ ਮੈਂ ਗਾਧੀ ਉੱਤੇ ਬੈਠ ਕੇ ਪੰਜਾਲੀ ਦਿੱਤੇ ਬਲਦਾਂ ਨੂੰ ਹੱਕਦਾ। ਬਲਦਾਂ ਨੂੰ ਪਰਾਣੀ ਦਿਖਾਉਣ ਦੀ ਲੋੜ ਨਹੀਂ ਸੀ। ਦੋਹਾਂ ਅੱਖਾਂ ਉੱਤੇ ਖੋਪੇ ਦਿੱਤੇ ਬਲਦ, ਹੌਲੀ-ਹੌਲੀ ਘੇਰੇ ਵਿੱਚ ਤੁਰਦੇ ਰਹਿੰਦੇ। ਬਲਦਾਂ ਦੇ ਗਲਾਂ ਨੂੰ ਬੱਧੇ ਘੁੰਗਰੂ ਛਣ-ਛਣ ਦਾ ਸੰਗੀਤ ਪੈਦਾ ਕਰਦੇ।

ਆਡ ਵਿੱਚ ਵਗਦਾ ਪਾਣੀ ਹੌਲੀ-ਹੌਲੀ ਤੁਰਦਾ। ਕਈ ਵਾਰ ਪਿਤਾ ਜੀ ਮੈਨੂੰ ਕਿਆਰੇ ਦੇ ਅਖੀਰ ਵਿੱਚ ਬੈਠ ਜਾਣ ਨੂੰ ਕਹਿੰਦੇ ਤਾਂ ਕਿ ਜਦੋਂ ਕਿਆਰਾ ਭਰ ਜਾਵੇ, ਮੈਂ ਪਿਤਾ ਜੀ ਨੂੰ ਪਾਣੀ ਅਗਲੇ ਕਿਆਰੇ ਨੂੰ ਲਾਉਣ ਲਈ ਆਵਾਜ਼ ਦੇ ਦਿਆਂ। ਫਸਲਾਂ ਮੌਲਦੀਆਂ, ਵਿਗਸਦੀਆਂ, ਮੱਕੀ ਦੇ ਟਾਂਡਿਆਂ ਨੂੰ ਛੱਲੀਆਂ ਲੱਗਦੀਆਂ। ਦੂਧੀਆ ਦਾਣੇ ਪੈਂਦੇ। ਛੱਲੀਆਂ ਨੂੰ ਕਾਂ-ਤੋਤੇ ਪੈਂਦੇ। ਮੈਂ ਗੋਪੀਆਂ ਜਾਂ ਗਲੇਲ ਲੈ ਕੇ ਪੰਛੀ ਉਡਾਉਂਦਾ। ਖਾਲੀ ਪੀਪਾ ਵਜਾਉਂਦਾ, ਪੰਛੀਆਂ ਨੂੰ ਡਰਾਉਂਦਾ, ਭਜਾਉਂਦਾ। ਕਈ ਵਾਰੀ ਖੂਹ ਉੱਤੇ ਮੈਨੂੰ ਹਨੇਰਾ ਹੋ ਜਾਂਦਾ। ਚੰਦ ਚੜ੍ਹ ਆਉਂਦਾ। ਆਡ 'ਚ ਮਸਤ ਚਾਲੇ ਤੁਰ ਰਹੇ ਪਾਣੀ ਦੇ ਨਾਲ-ਨਾਲ ਚੰਦ-ਚਾਂਦਨੀ ਤੁਰਦੀ ਲੱਗਦੀ। ਸਾਂਝੀ ਕਾਮਾ ਮੈਨੂੰ ਘਰ ਛੱਡ ਆਉਂਦਾ।

ਖੂਹ ਦੀ ਬਣਤਰ ਕੁਝ ਇਸ ਤਰ੍ਹਾਂ ਸੀ; ਖਿੰਗਾਰਾਂ ਵਾਲੀ ਮਿੱਟੀ ਦੇ ਬਣੇ ਕਰੀਬ ਦਸ ਫੁੱਟ ਦੇ ਉੱਚੇ, ਉੱਚੇ ਦੋ ਸਮਾਂਤਰ ਚੰਨੇ ਸਨ। ਦੋਵਾਂ ਚੰਨਿਆਂ ਵਿੱਚ ਫਾਸਲਾ ਕਰੀਬ ਵੀਹ ਫੁੱਟ ਦਾ ਸੀ। ਚੰਨਿਆਂ ਉਤੇ ਮੋਟਾ ਭਾਰਾ ਕਿੱਕਰ ਜਾਂ ਜੰਡ ਦਾ ਤਕੜਾ ਮੋਛਾ ਫਿੱਟ ਕੀਤਾ ਹੋਇਆ ਸੀ। ਵਿਚਾਲੇ ਦੋ ਗਰਾਰੀਦਾਰ, ਲੋਹੇ ਦੇ ਜਾਂ ਲੱਕੜ ਦੇ ਵੱਡੇ ਢੋਲ ਹੁੰਦੇ ਸਨ। ਵਿਚਾਲੇ ਧੁਰਾ ਜਾਂ ਕਾਂਜਣ ਹੁੰਦਾ ਸੀ। ਝੋਲ ਵਾਲੀ ਲੱਕੜ ਦੇ ਸਿਰੇ 'ਤੇ ਗਾਧੀ ਹੁੰਦੀ ਸੀ। ਖੂਹ ਚਲਦਾ ਸੀ। ਵੱਡੇ ਢੋਲ ਤੇ ਥੋੜ੍ਹਾ ਨਿੱਕੇ ਡੋਲ ਦੀਆਂ ਗਰਾਰੀਆਂ ਇੱਕ-ਦੂਜੀ ਵਿੱਚ ਫਸ ਕੇ ਢੋਲਾਂ ਨੂੰ ਹਰਕਤ ਵਿੱਚ ਲਿਆਉਂਦੀਆਂ ਸਨ।

ਬੈੜ ਉਪਰ ਮ੍ਹਾਲ ਨਾਲ ਬੱਧੀਆਂ ਟਿੰਡਾਂ ਹੁੰਦੀਆਂ ਸਨ। ਖੂਹ ਗਿੜਦਾ। ਮ੍ਹਾਲ ਚਲਦੀ। ਉੱਤੇ ਫਿੱਟ ਕੀਤੀਆਂ ਟਿੰਡਾਂ ਖੂਹ ਦੇ ਪਾਣੀਆਂ ਜਾਂਦੀਆਂ। ਟਿੰਡਾਂ ਪਾਣੀ ਨਾਲ ਭਰ ਕੇ ਚੇਨ ਦੇ ਸਹਾਰੇ ਉਪਰ ਨੂੰ ਆਉਂਦੀਆਂ। ਪਾਣੀ ਪਾੜਛੇ ਵਿੱਚ ਸੁੱਟਦੀਆਂ ਤੇ ਫੇਰ ਹੇਠਾਂ ਖੂਹ ਵਿੱਚ ਚਲੀਆਂ ਜਾਂਦੀਆਂ। ਪਾੜਛੇ ਦਾ ਪਾਣੀ ਲੋਹੇ ਦੇ ਪਨਾਲੇ ਰਾਹੀਂ ਔਲੂ ਵਿੱਚ ਡਿੱਗਦਾ। ਆਡ ਰਾਹੀਂ ਪੈਲੀ ਵੱਲ ਜਾਂਦਾ। ਕਿਸੇ ਸੰਕਟ ਸਮੇਂ ਖੂਹ ਕਿਤੇ ਪੁੱਠਾ ਨਾ ਗਿੜਨ ਲੱਗ ਪਏ, ਇਸ ਖਾਤਰ ਕੁੱਤਾ ਫਿੱਟ ਕੀਤਾ ਜਾਂਦਾ ਸੀ। ਖੂਹ ਚੱਲਦਾ ਤਾਂ ਕੁੱਤਾ ਟਿਕ-ਟਿਕ ਦੀ ਆਵਾਜ਼ ਦਿੰਦਾ।

ਕੁੱਤੇ ਦੀ ਟਿਕ-ਟਿਕ ਦੀ ਆਵਾਜ਼। ਪਾੜਛੇ ਵਿੱਚ ਡਿੱਗਦੇ ਪਾਣੀ ਦੀ ਛਰ-ਛਰ ਦੀ ਸੁਰ, ਆਡ ਵਿੱਚ ਚੱਲਦੇ ਪਾਣੀ ਦੀ ਸਾਂ-ਸਾਂ ਦੀ ਕਨਸੋਅ, ਰੁੱਖਾਂ ਦੇ ਪੱਤਿਆਂ ਦੀ ਖੜ-ਖੜ ਦੀ ਆਵਾਜ਼, ਬਲਦਾਂ ਦੇ ਘੁੰਗਰੀਆਂ ਦੀ ਛਣਕਾਰ, ਮੱਝਾਂ ਚਾਰਦੇ ਵਾਗੀ ਮੁੰਡੇ ਦੇ ਹੇਠਾਂ ਉੱਤੇ ਹੀਰ ਦੀ ਲੰਮੀ ਹੇਕ, ਕਸੀਦਾ ਕੱਢਦੀਆਂ ਕੁੜੀਆਂ ਦੇ ਗੀਤਾਂ ਦੀ ਮਧੁਰ ਆਵਾਜ਼, ਸੱਤ ਆਵਾਜ਼ਾਂ ਮਿਲ ਕੇ ਸਤਰੰਗੀ ਪੀਂਘ ਨੂੰ ਜਾ ਗਲਵੱਕੜੀ ਪਾਉਂਦੀ। ਖੂਹ ਦੇ ਦੋਵਾਂ ਚੰਨਿਆਂ ਤੋਂ ਥੋੜ੍ਹੀ ਦੂਰੀ 'ਤੇ ਪਿੱਪਲ ਤੇ ਬੋਹੜ ਦਾ ਜੋੜਾ ਸੀ। ਪਿੱਪਲ ਤੇ ਬੋਹੜ ਦਾ ਇੱਕ ਜੋੜਾ ਚੰਨੇ ਦੇ ਇੱਕ ਪਾਸੇ ਤੇ ਦੂਜਾ ਜੋੜਾ ਚੰਨੇ ਦੇ ਦੂਜੇ ਪਾਸੇ। ਇਹ ਚਾਰੇ ਬਿਰਖ ਬਹੁਤ ਘਣੇ, ਫੈਲੇ ਹੋਏ ਤੇ ਸੰਘਣੀ ਛਾਂ ਦਿੰਦੇ ਸਨ। ਉਪਰੋਂ ਆਪਸ ਵਿੱਚ ਇਨ੍ਹਾਂ ਪਿੱਪਲਾਂ ਦੇ ਬੋਹੜਾਂ ਨੇ ਗਲਵੱਕੜੀ ਪਾਈ ਸੀ। ਇਨ੍ਹਾਂ ਬਿਰਖਾਂ ਉੱਤੇ ਪੰਛੀ ਬੈਠਦੇ, ਆਲ੍ਹਣੇ ਬਣਾਉਂਦੇ, ਗੁਫਤਗੂ ਕਰਦੇ, ਗਾਉਂਦੇ।

ਖੂਹ ਕਿਉਂਕਿ ਪਿੰਡ ਦੇ ਬਹੁਤ ਨੇੜੇ ਸੀ, ਤੀਆਂ ਦੀ ਰੁੱਤੇ ਇਥੇ ਕੁੜੀਆਂ ਵੀ ਆ ਜਾਂਦੀਆਂ। ਬਿਰਖਾਂ ਨਾਲ ਪੀਂਘਾਂ ਪਾਉਂਦੀਆਂ। ਪੀਂਘਾਂ ਚੜ੍ਹਾਉਂਦੀਆਂ। ਅਸਮਾਨ ਦੀ ਛੱਤ ਨਾਲ ਜਾ ਲਮਕਦੀਆਂ। ਕਈ ਕੁੜੀਆਂ ਉੱਤੇ ਨੂੰ ਉਡ ਜਾਣਾ ਚਾਹੁੰਦੀਆਂ, ਅਸਮਾਨੀ ਬੱਦਲਾਂ ਵਿੱਚ ਸਮਾ ਜਾਣਾ ਚਾਹੁੰਦੀਆਂ। ਭਾਗਾਂ ਵਾਲੇ ਘਰੀਂ ਵਰ੍ਹੇ ਪੈਣਾ ਚਾਹੁੰਦੀਆਂ। ਕੁੜੀਆਂ ਪਿੱਪਲਾਂ, ਬੋਹੜਾਂ ਦੀ ਛਾਵੇਂ ਬੈਠ ਕੇ ਕੁਝ ਬੁਣਦੀਆਂ, ਕੁਝ ਕੱਢਦੀਆਂ-ਛਿੱਕੂ, ਟੋਕਰੀ, ਪਟਾਰੀ, ਪੱਖੀਆਂ, ਨਾਲੇ, ਪਰਾਂਦੇ, ਪੀਹੜੀ, ਮੂਹੜਾ, ਫੁਲਕਾਰੀ, ਸਿਰਹਾਣੇ, ਤਾਹਰੂ, ਮਖੇਰਨਾ, ਖੋਪੇ, ਬਾਗ, ਰੁਮਾਲ, ਚਾਦਰਾਂ। ਕੁੜੀਆਂ ਔਲੂ ਵਿੱਚ ਕੱਪੜੇ ਧੋਂਦੀਆਂ, ਨਾਲੇ ਗਾਉਂਦੀਆਂ। ਖੂਹ ਜਿਹੜਾ ਕਈ ਰੰਗਾਂ ਵਿੱਚ ਮਹਿਕਦਾ ਸੀ-ਹੱਸਦਾ ਸੀ, ਖੇਡਦਾ ਸੀ। ਖੂਹ ਜਿੱਥੇ ਕਦੀ ਪਤਝੜ ਨਹੀਂ ਸੀ ਆਈ, ਸਦਾ ਬਹਾਰ ਰਹਿੰਦੀ ਸੀ। ਜਿੱਥੇ ਪਿੰਡੋਂ ਬਾਹਰ ਇੱਕ ਨਿੱਕਾ ਜਿਹਾ ਪਿੰਡ ਵਸਦਾ ਸੀ।

ਕਈ ਸਾਲ ਬੀਤੇ ਇਹ ਖੂਹ ਵੀਰਾਨ ਹੈ, ਉਜਾੜ ਹੈ, ਉਦਾਸ ਹੈ। ਪਿੱਪਲਾਂ, ਬੋਹੜਾਂ ਦੇ ਜੋੜੇ ਨਹੀਂ ਰਹੇ। ਨਾ ਹੀ ਮਾਨਵੀ ਜੋੜੇ ਖੁਸ਼ ਹਨ। ਪਤਾ ਨਹੀਂ ਕਿੱਥੇ ਚਲੇ ਗਏ ਚੰਨੇ, ਢੋਲ, ਲੱਠ, ਮ੍ਹਾਲ, ਟਿੰਡਾਂ, ਪਾੜਛਾ। ਪਿੰਡ ਵਿੱਚ ਕੁੱਤੇ ਤਾਂ ਬਹੁਤ ਭੌਂਕਦੇ ਹਨ-ਵੱਢਦੇ ਵੀ ਹਨ। ਖੂਹ ਦੀ ਟਿਕ-ਟਿਕ ਕਰ ਕੇ ਸੰਗੀਤਕ ਆਵਾਜ਼ ਕੱਢਣ ਵਾਲਾ ਕੁੱਤਾ ਦੇਰ ਦਾ ਚੁੱਪ ਹੈ। ਖੂਹ ਨਹੀਂ, ਹੁਣ ਹਨੇਰੀ ਖਡੱਲ ਹੈ, ਜਿਸ ਦੀਆਂ ਕੰਧਾਂ ਵਿੱਚ ਪਿੱਪਲ ਤੇ ਬੋਹੜ ਉਗ ਪਏ ਹਨ। ਵੀਰਾਨ ਖੂਹ ਵਿੱਚ ਭੋਰਾ ਪਾਣੀ ਨਹੀਂ। ਸੌ ਸਾਲਾ ਬਿਰਧ ਬਾਬੇ ਦੀਆਂ ਡੂੰਘੀਆਂ ਅੱਖਾਂ ਵਿੱਚ ਥੋੜ੍ਹੇ ਜਿਹੇ ਹੰਝੂਆਂ ਜਿੰਨਾ ਵੀ ਪਾਣੀ ਨਹੀਂ। ਤਾਣੇ ਉਲਝ ਗਏ ਹਨ। ਧਾਗੇ ਟੁੱਟ ਗਏ ਤੇ ਰੰਗ ਖੁਰ ਗਏ ਹਨ। ਹੁਣ ਇਹ ਗੀਤ ਕੁੜੀਆਂ ਦੇ ਬੁੱਲ੍ਹਾਂ 'ਤੋਂ ਆਉਣੋ ਸੰਗਦਾ ਹੈ, 'ਬਣ ਠਣ ਨੀਂ, ਸੱਜ ਫਬ ਨੀਂ, ਸਾਡੇ ਖੂਹ ਉੱਤੇ ਵਸਦਾ ਰੱਬ ਨੀਂ।'

# ਮੇਰੇ ਹਮਸਫਰ ਡਰਾਈਵਰ

-ਡਾ. ਹਰਨੇਕ ਸਿੰਘ ਕੈਲੇ



1996 ਵਿੱਚ ਪ੍ਰਿੰਸੀਪਲ ਬਣਨ ਮਗਰੋਂ ਮੈਂ ਇਕ ਦਿਨ ਚੰਡੀਗੜ੍ਹ ਯੂਨੀਵਰਸਿਟੀ ਤੋਂ ਰਿਕਸ਼ੇ ਉੱਤੇ ਆਪਣੇ ਅਧਿਆਪਕ ਡਾ. ਡੀ ਡੀ ਜਿਓਤੀ ਦੇ ਘਰ ਉਨ੍ਹਾਂ ਨੂੰ ਮਿਲਣ ਗਿਆ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਅੱਗੇ ਤੋਂ ਏਥੇ ਰਿਕਸ਼ੇ ਉੱਤੇ ਨਹੀਂ, ਆਪਣੀ ਕਾਰ ਉੱਤੇ ਆਇਆ ਕਰਾਂ। ਮੈਂ ਕਾਰ ਖਰੀਦ ਲਈ, ਪਰ ਮੈਨੂੰ ਚਲਾਉਣੀ ਨਹੀਂ ਸੀ ਆਉਂਦੀ। ਮੈਨੂੰ ਡਰਾਈਵਰਾਂ ਉੱਤੇ ਨਿਰਭਰ ਹੋਣਾ ਪੈਂਦਾ ਸੀ। ਮੇਰਾ ਪਹਿਲਾ ਡਰਾਈਵਰ ਰਵੀ ਸੀ। ਨਾਂ ਉਸ ਦਾ ਰਾਜਿੰਦਰ ਸੀ ਤੇ ਪਿੰਡ ਵਾਲੇ ਉਸ ਨੂੰ ਭੋਲਾ ਕਹਿੰਦੇ ਸਨ, ਪਰ ਉਹ ਰਵੀ ਅਖਵਾ ਕੇ ਖੁਸ਼ ਸੀ।

ਪਹਿਲੀ ਵਾਰੀ ਮੈਂ ਉਸ ਨਾਲ ਮੁਕਤਸਰ ਸਾਹਿਬ ਗਿਆ। ਉਥੇ ਯੂਨੀਵਰਸਿਟੀ ਨੇ ਬੀ ਐਡ ਦੀ ਪ੍ਰਵੇਸ਼ ਪ੍ਰੀਖਿਆ ਵਾਸਤੇ ਮੇਰੀ ਡਿਊਟੀ ਲਾਈ ਸੀ। ਇਸ ਮਗਰੋਂ ਉਹ ਕਈ ਸਾਲ ਮੇਰੇ ਨਾਲ ਜਾਂਦਾ ਰਿਹਾ। ਉਹ ਕਿਤੇ 'ਬਾਹਰ' ਜਾਣਾ ਚਾਹੁੰਦਾ ਸੀ। ਉਸ ਦੀ ਭੈਣ ਆਸਟ੍ਰੀਆ ਰਹਿੰਦੀ ਸੀ ਤੇ ਉਸ ਨੇ ਉਥੇ ਪਹੁੰਚਣ ਵਾਸਤੇ ਕਈ ਪਾਪੜ ਵੇਲੇ ਪਰ ਗੱਲ ਨਾ ਬਣੀ। ਉਹ ਪਾਠ ਬਹੁਤ ਕਰਦਾ ਸੀ ਤੇ ਇਕ ਦਿਨ ਅੱਕਿਆ ਹੋਇਆ ਆਖਣ ਲੱਗਿਆ, 'ਰੱਬ ਨੂੰ ਪਤਾ ਨ੍ਹੀ, ਮੈਂ ਪਾਠ ਕਿਉਂ ਕਰਦਾਂ?' ਪਤਾ ਨਹੀਂ ਰੱਬ ਕਿਤੇ ਨੇੜੇ ਬੈਠਾ ਹੀ ਸੁਣਦਾ ਸੀ ਅਤੇ ਉਹ 'ਬਾਹਰ' ਚਲਿਆ ਗਿਆ।

ਗੁਰੂਸਰ ਸਧਾਰ ਤੋਂ 2002 ਵਿੱਚ ਸੇਵਾ ਮੁਕਤ ਹੋਣ ਮਗਰੋਂ ਮੈਂ ਜਿਥੇ ਵੀ ਨੌਕਰੀ ਕੀਤੀ, ਉਥੇ ਹਫਤੇ ਵਿੱਚ ਦੋ ਤਿੰਨ ਦਿਨ ਜਾਣਾ ਹੁੰਦਾ ਸੀ। ਇਸ ਕਰਕੇ ਮੇਰਾ ਕੋਈ ਪੱਕਾ ਡਰਾਈਵਰ ਨਹੀਂ ਸੀ। ਕਈ ਡਰਾਈਵਰਾਂ ਨਾਲ ਮੇਰਾ ਵਾਹ ਪਿਆ। ਮਸਤੂਆਣਾ ਸਾਹਿਬ ਕਾਲਜ ਦੀ ਨੌਕਰੀ ਵੇਲੇ ਸਭ ਤੋਂ ਪਹਿਲਾਂ ਪ੍ਰਕਾਸ਼ ਮੇਰੇ ਨਾਲ ਜਾਣ ਲੱਗਾ। ਪਹਿਲਾਂ ਕੁਝ ਦਿਨ ਮੈਨੂੰ ਉਥੇ ਜਾਣਾ ਔਖਾ ਲੱਗਾ, ਪਰ ਉਸ ਦੀ ਆਖੀ ਗੱਲ 'ਲੋਕ ਤਾਂ ਇਥੇ ਆਉਣ ਨੂੰ ਪੈਸੇ ਖਰਚਦੇ ਨੇ ਤੇ ਤੁਹਾਨੂੰ ਪੈਸੇ ਮਿਲਦੇ ਨੇ' ਨਾਲ ਮੇਰੇ ਉੱਤੇ ਬਹੁਤ ਅਸਰ ਹੋਇਆ। ਅਚਾਨਕ ਮੈਨੂੰ ਆਉਣ ਜਾਣ ਵਿੱਚ ਆਨੰਦ ਆਉਣ ਲੱਗ ਪਿਆ। ਕਦੇ-ਕਦੇ ਉਹ ਆਪਣੇ ਨਾਲ ਬੀਤੀ ਕੋਈ ਦਿਲਚਸਪ ਘਟਨਾ ਸੁਣਾਉਂਦਾ ਅਤੇ ਸਫਰ ਦੇ ਮੁੱਕਣ ਦਾ ਪਤਾ ਹੀ ਨਾ ਲੱਗਦਾ। ਉਹ ਆਮ ਤੌਰ ਉੱਤੇ ਮਿਥੇ ਵਕਤ ਤੋਂ ਲੇਟ ਪਹੁੰਚਦਾ ਸੀ। 'ਰਾਹ ਵਿੱਚ ਸੌ ਮਿਲ ਜਾਂਦੈ। ਜੇ ਦਸ ਮਿੰਟ ਖੜ ਕੇ ਗੱਲ ਨਾ ਕਰੀਏ ਤਾਂ ਅਗਲਾ ਗੁੱਸਾ ਕਰਦੈ', ਉਹ ਆਖਦਾ ਸੀ। ਮੈਂ ਉਸ ਨੂੰ ਪੰਦਰਾਂ ਮਿੰਟ ਪਹਿਲਾਂ ਵਕਤ ਦੇਣ ਲੱਗ ਪਿਆ। ਉਹ ਕਾਹਲ ਨਹੀਂ ਸੀ ਕਰਦਾ। 'ਕੋਈ ਨ੍ਹੀ, ਜਦੋਂ ਆਖੋ ਚੱਲ ਪਵਾਂਗੇ। ਘਰ ਈ ਜਾਣੈ' ਉਸ ਨੇ ਆਖਣਾ।

ਹੈਪੀ ਵੀ ਮੇਰੇ ਨਾਲ ਮਸਤੂਆਣਾ ਸਾਹਿਬ ਜਾਂਦਾ ਹੁੰਦਾ ਸੀ। ਵਾਪਸ ਮੁੜਨ ਵੇਲੇ ਉਸ ਨੂੰ ਕਈ ਵਾਰ ਕਾਹਲ ਹੁੰਦੀ ਸੀ, ਕਿਉਂਕਿ ਮੱਝ ਉਸ ਦੇ ਹੱਥ ਪਈ ਹੋਈ ਸੀ। ਅੱਜ ਕੱਲ੍ਹ ਉਹ ਕਿਤੇ ਨੌਕਰੀ ਕਰਦਾ ਤੇ ਕਦੇ ਕਦਾਈਂ ਛੁੱਟੀ ਵਾਲੇ ਦਿਨ ਉਹ ਮੇਰੇ ਨਾਲ ਚਲਿਆ ਜਾਂਦਾ ਹੈ। ਹੁਣ ਵੀ ਉਸ ਦੀ ਸ਼ਾਮ ਨੂੰ ਛੇਤੀ ਘਰ ਪਹੁੰਚਣ ਦੀ ਇੱਛਾ ਹੁੰਦੀ ਹੈ। 'ਆਪਾਂ ਛੇ ਵਜੇ ਤੱਕ ਤਾਂ ਮੁੜ ਆਵਾਂਗੇ।' ਉਹ ਚੱਲਣ ਲੱਗਿਆ ਆਖਦਾ ਹੈ, 'ਮੈਨੂੰ ਨਾਲ ਦੇ ਮੁੰਡੇ ਉਡੀਕਦੇ ਹੁੰਦੇ ਨੇ।'

ਮੇਰੇ ਨਾਲ ਮਸਤੂਆਣਾ ਸਾਹਿਬ ਜਾਣ ਵਾਲਿਆਂ ਵਿੱਚ ਰਾਜੂ ਵੀ ਸੀ। ਉਹ ਕਾਰ ਨੂੰ ਬਹੁਤ ਚਮਕਾ ਕੇ ਰੱਖਦਾ ਸੀ ਅਤੇ ਕੁਝ ਦਿਨਾਂ ਬਾਅਦ ਕਾਰ ਪਾਲਸ਼ ਵਾਲੀ ਡੱਬੀ ਮੰਗਵਾ ਲੈਂਦਾ ਸੀ। ਪਾਲ ਮੇਰੇ ਨਾਲ ਨਾਲਾਗੜ੍ਹ ਕਾਲਜ ਤੇ ਫਿਰ ਭੀਖੀ ਕਾਲਜ ਜਾਣ ਤੋਂ ਇਲਾਵਾ ਹੋਰ ਡਰਾਈਵਰਾਂ ਵਾਂਗ ਘਰੇਲੂ ਕੰਮਕਾਜ ਲਈ ਵੀ ਜਾਂਦਾ ਹੁੰਦਾ ਸੀ। ਉਹ ਸਮੇਂ ਦਾ ਪੂਰਾ ਪਾਬੰਦ ਸੀ ਤੇ ਚਾਹੁੰਦਾ ਸੀ ਕਿ ਉਸ ਦੇ ਪਹੁੰਚਣ ਵੇਲੇ ਨੂੰ ਜਾਣ ਲਈ ਤਿਆਰ ਹੋਵਾਂ। ਉਹ ਕੈਨੇਡਾ ਜਾਣ-ਜਾਣ ਕਰਦਾ ਸੀ ਅਤੇ ਉਥੇ ਪਹੁੰਚ ਹੀ ਗਿਆ।

ਇਕ ਡਰਾਈਵਰ ਨੂੰ ਮੈਂ ਭੀਖੀ ਜਾਣ ਲਈ ਲੱਭਿਆ, ਪਰ ਉਹ ਇਕੋ ਦਿਨ ਗਿਆ। ਕਾਲਜ ਪਹੁੰਚਣ ਸਾਰ ਉਸ ਨੇ ਕਾਰ ਵਿੱਚ ਅਗੇ ਪਏ ਬਾਰਾਂ ਤੇਰਾਂ ਰੁਪਇਆਂ ਦਾ ਕਿਤੋਂ ਜਰਦਾ ਲੈ ਲਿਆ ਤੇ ਇਕ ਸੇਵਾਦਾਰ ਤੋਂ ਸੌ ਰੁਪਇਆ ਫੜ ਲਿਆ। ਦਿਹਾੜੀ ਦੇ ਬਚਦੇ ਪੈਸੇ ਵੀ ਉਸ ਨੇ ਮੇਰੇ ਕੋਲੋਂ ਰਸਤੇ ਵਿੱਚ ਲੈ ਲਏ।

ਪੰਡਤ ਬਾਲ ਕ੍ਰਿਸ਼ਨ ਨੇ ਸ਼ੁਰੂ ਤੋਂ ਹੀ ਡਰਾਈਵਰੀ ਕੀਤੀ ਅਤੇ ਬੁੱਢੇ ਵਾਰੇ ਵੀ ਕਰਦਾ ਰਿਹਾ। ਜਦ ਵੀ ਕਦੇ ਮੈਂ ਉਸ ਨੂੰ ਕਿਤੇ ਜਾਣ ਲਈ ਫੋਨ ਕਰਦਾ, ਉਹ ਮਿੱਥੇ ਸਮੇਂ ਤੋਂ ਕਾਫੀ ਪਹਿਲਾਂ ਪਹੁੰਚ ਜਾਂਦਾ ਤੇ ਆ ਕੇ ਕਹਿੰਦਾ, 'ਮੈਂ ਤਾਂ ਵਿਹਲਾ ਬੈਠਾ ਸੀ, ਤੁਰ ਪਿਆ।' ਕਦੇ-ਕਦੇ ਉਹ ਸਮੇਂ ਤੋਂ ਬਹੁਤ ਪਹਿਲਾਂ ਪਹੁੰਚਣ ਲਈ ਆਪਣੀ ਸਫਾਈ ਦਿੰਦਾ। ਜੇ ਉਸ ਨੂੰ ਆਖਦਾ, 'ਪੰਡਤ ਜੀ, ਹੁਣ ਉਮਰ ਬਹੁਤ ਹੋ ਗਈ। ਵੱਡੀ ਉਮਰ ਵਿੱਚ ਨਿਗ੍ਹਾ ਘੱਟ ਜਾਂਦੀ ਐ। ਐਨਕਾਂ ਲਵਾ ਲਓ।' ਉਸ ਦਾ ਜਵਾਬ ਹੁੰਦਾ,' ਮੈਨੂੰ ਦਿੱਸੀ ਤਾਂ ਜਾਂਦੈ। ਐਨਕਾਂ ਕਿਉਂ ਲਵਾਵਾਂ?'

ਸੂਰਜ ਛਿਪਣ ਮਗਰੋਂ ਉਸ ਨੂੰ ਘੱਟ ਦਿਸਣ ਲੱਗ ਜਾਂਦਾ ਸੀ ਤੇ ਉਹ ਦਿਨ ਖੜੇ-ਖੜੇ ਵਾਪਸ ਪਹੁੰਚਣਾ ਚਾਹੁੰਦਾ ਹੁੰਦਾ ਸੀ। ਪਹਿਲਾਂ-ਪਹਿਲਾਂ ਉਹ ਕਾਰ ਦੀ ਸਪੀਡ ਘੱਟ ਰੱਖਦਾ ਹੁੰਦਾ ਸੀ, ਪਰ ਫਿਰ ਉਹ ਬਹੁਤ ਤੇਜ਼ ਚਲਾਉਣ ਲੱਗ ਪਿਆ। ਮੈਨੂੰ ਡਰ ਲੱਗਣ ਲੱਗਦਾ ਤੇ ਮੈਂ ਆਖਦਾ, 'ਪੰਡਤ ਜੀ, ਹੌਲੀ ਚੱਲੋ।' ਉਸ ਦਾ ਤੁਰੰਤ ਜਵਾਬ ਹੁੰਦਾ, 'ਇਹ ਭੱਜਦੀ ਈ ਬਾਹਲੀ ਐ।' ਉਹ ਹੱਸਦਾ ਰਹਿੰਦਾ ਅਤੇ ਕਦੇ ਤਿੰਨ ਪੰਜ ਨਹੀਂ ਸੀ ਕਰਦਾ। ਦੋ ਕੁ ਸਾਲ ਪਹਿਲਾਂ ਉਸ ਨੂੰ ਅਧਰੰਗ ਦਾ ਅਟੈਕ ਹੋ ਗਿਆ ਸੀ ਅਤੇ ਹੁਣ ਉਹ ਕਿਤੇ ਨਹੀਂ ਜਾਂਦਾ।

ਸ਼ਮਸ਼ੇਰ ਮੇਰੇ ਨਾਲ ਪਹਿਲੀ ਵਾਰ ਪੰਜ ਕੁ ਸਾਲ ਪਹਿਲਾਂ ਪੁਰਾਣਾ ਸ਼ਾਲ੍ਹਾ (ਗੁਰਦਾਸਪੁਰ) ਗਿਆ ਸੀ। ਉਦੋਂ ਤੋਂ ਜਦ ਕਦੇ ਮੈਨੂੰ ਲੋੜ ਪਵੇ ਤੇ ਉਸ ਨੂੰ ਵਿਹਲ ਹੋਵੇ, ਮੈਂ ਉਸ ਨੂੰ ਨਾਲ ਲੈ ਜਾਂਦਾ ਹਾਂ। ਜਦ ਕਦੇ ਮੈਂ ਉਸ ਨੂੰ ਜਾਣ ਲਈ ਫੋਨ ਕਰਾਂ ਤਾਂ ਉਹ ਪੱਕੀ 'ਹਾਂ' ਜਾਂ 'ਨਾਂਹ' ਕਰ ਦਿੰਦਾ ਹੈ। ਉਹ ਆਪਣੇ ਅਸੂਲ ਮੁਤਾਬਕ ਜਿਸ ਨੂੰ 'ਹਾਂ' ਕਹਿ ਦਿੰਦਾ ਹੈ, ਉਸੇ ਨਾਲ ਜਾਂਦਾ ਹੈ। ਜੇ ਕਿਸੇ ਕਾਰਨ ਉਹ ਫੋਨ ਨਾ ਉਠਾ ਸਕੇ ਤਾਂ ਮਗਰੋਂ ਆਪ ਫੋਨ ਜ਼ਰੂਰ ਕਰਦਾ ਹੈ। ਉਹ ਹਮੇਸ਼ਾ ਚੱਲਣ ਤੋਂ ਦਸ ਮਿੰਟ ਪਹਿਲਾਂ ਪਹੁੰਚਦਾ ਹੈ।

ਪੰਮਾ ਇਕ ਵਾਰ ਮੇਰੇ ਨਾਲ ਦਿੱਲੀ ਏਅਰਪੋਰਟ ਗਿਆ ਸੀ। ਹੁਣ ਵੀ ਕਦੇ ਕਦੇ 'ਹਾਂ' ਕਰ ਦਿੰਦਾ ਹੈ। ਰਸਤੇ ਵਿੱਚ ਉਹ ਗੱਲਾਂ ਦੀ ਲੜੀ ਟੁੱਟਣ ਨਹੀਂ ਦਿੰਦਾ।

ਬਹਾਦਰ ਸਿੰਘ ਵੀ ਮੇਰੇ ਨਾਲ ਕਦੇ ਕਦੇ ਜਾਣ ਵਾਲਾ ਡਰਾਈਵਰ ਹੈ। ਉਸ ਨੂੰ ਸਿੱਖ ਇਤਿਹਾਸ ਦੀ ਚੰਗੀ ਜਾਣਕਾਰੀ ਹੈ। ਲੰਮੇ ਸਫਰ ਉੱਤੇ ਜਾਂਦਿਆਂ ਉਹ ਇਤਿਹਾਸ ਦੀ ਕੋਈ ਘਟਨਾ ਜ਼ਰੂਰ ਸੁਣਾਉਂਦਾ ਹੈ। ਕੰਮਕਾਰ ਵਿੱਚ ਰੁੱਝਿਆ ਰਹਿਣ ਕਰਕੇ ਉਹ ਆਉਣ ਲੱਗਿਆ ਦੇਰ ਕਰ ਦਿੰਦਾ ਹੈ, ਪਰ ਸ਼ਾਮ ਨੂੰ ਵਾਪਸ ਮੁੜਨ ਵੇਲੇ ਉਸ ਨੂੰ ਕਦੇ ਕਾਹਲ ਨਹੀਂ ਹੁੰਦੀ। ਡਰਾਈਵਰਾਂ ਦੇ ਸਹਾਰੇ ਮੇਰੀ ਪਤਨੀ ਅਤੇ ਮੈਂ ਜਿੱਥੇ ਕਿਤੇ ਜਾਣਾ ਹੁੰਦਾ ਹੈ, ਜਾ ਆਉਂਦੇ ਹਾਂ। ਅਜਿਹੀ ਸਥਿਤੀ ਕਦੇ ਹੀ ਪੈਦਾ ਹੁੰਦੀ ਹੈ, ਜਦ ਅਸੀਂ ਕਿਤੇ ਜਾਣਾ ਹੋਵੇ ਤੇ ਕੋਈ ਡਰਾਈਵਰ ਨਾ ਮਿਲੇ।

# ਕੋਈ ਹਰਿਆ ਬੂਟ ਰਹਿਓ ਰੀ

-ਐਸ ਫੁਲਾਵਰ ਸਿੰਘ

ਮੇਰਾ ਜਨਮ ਰਾਜਸਥਾਨ ਹੱਦ ਨਾਲ ਲੱਗਦੇ ਮਾਲਵਾ ਖੇਤਰ ਵਿੱਚ ਹੋਇਆ। ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ ਕਿ ਮੈਨੂੰ ਆਰਥਿਕ ਤੌਰ 'ਤੇ ਗਰੀਬ, ਪਰ ਉਚੀ ਸੁੱਚੀ ਸੋਚ ਰੱਖਣ ਵਾਲੇ ਲੋਕਾਂ ਵਿੱਚ ਖੇਡਣ ਮੱਲ੍ਹਣ ਦਾ ਮੌਕਾ ਮਿਲਿਆ। ਸਾਡੇ ਘਰ ਦੇ ਚੁਫੇਰੇ ਮੇਘਵਾਲ (ਰਾਜਸਥਾਨੀ ਲੋਕ) ਤਰਖਾਣ, ਮਜ਼੍ਹਬੀ ਸਿੱਖ ਤੇ ਰਮਦਾਸੀ ਭਾਈਚਾਰੇ ਦੇ ਘਰ ਸਨ। ਇਨ੍ਹਾਂ ਵਿੱਚੋਂ ਰਵਿਦਾਸੀਆ ਜਾਤੀ ਦੀ ਤਾਈ ਨੰਦ ਕੌਰ ਵਿਧਵਾ ਦਾ ਛੋਟਾ ਜਿਹਾ ਕੱਚਾ ਘਰ ਸਾਡੇ ਲਈ ਸਵਰਗ ਸਮਾਨ ਸੀ। ਉਸ ਦਾ ਇਕੋ-ਇਕ ਪੁੱਤ ਬੀਰੀ (ਬਲਬੀਰ ਸਿੰਘ) ਬੱਕਰੀਆਂ ਚਾਰਦਾ ਜਵਾਨ ਹੋਇਆ। ਉਹ ਸਾਡੇ ਘਰ ਦਿਹਾੜੀ ਕਰਦਾ ਸੀ। ਨੰਦ ਕੌਰ ਨੇ ਦੋ ਧੀਆਂ ਸਾਡੀ ਸੁਰਤ ਸੰਭਾਲਣ ਤੋਂ ਪਹਿਲਾਂ ਵਿਆਹ ਦਿੱਤੀਆਂ ਸਨ। ਤਾਈ ਦਾ ਦੋਹਤਾ ਪ੍ਰਾਇਮਰੀ ਤੱਕ ਮੇਰੇ ਨਾਲ ਪੜ੍ਹਿਆ ਸੀ। ਜਦੋਂ ਅਸੀਂ ਸਕੂਲੋਂ ਅੱਧੀ ਛੁੱਟੀ ਵੇਲੇ ਘਰ ਆਉਣਾ ਤਾਂ ਉਸ ਲੜਕੇ ਨੂੰ ਕੂੰਡੇ ਵਿੱਚ ਥੋੜ੍ਹੀ ਪਾਣੀ ਛਿੜਕ ਕੇ ਸੁੱਕੀ ਚਟਨੀ ਨੂੰ ਗਿੱਲੀ ਕਰਕੇ ਕੂੰਡੇ ਵਿੱਚ ਰੋਟੀ ਘਸਾ ਕੇ ਖਾਂਦੇ ਨੂੰ ਦੇਖਣਾ ਤਾਂ ਅਸੀਂ ਵੀ ਹਿੱਸਾ ਵੰਡਾਉਣ ਲੱਗ ਪੈਣਾ। ਤਾਈ ਸਾਡੀ ਰੋਟੀ ਵੀ ਬਣਾ ਕੇ ਰੱਖ ਦਿੰਦੀ ਤੇ ਨਾਲ ਕਹਿ ਦਿੰਦੀ, 'ਵੇ ਜੈ ਖਾਣਿਓ! ਤੁਸੀਂ ਭਿੱਟੇ ਜਾਉਂਗੇ। ਤੇਰੀ ਦਾਦੀ ਨੂੰ ਪਤਾ ਲੱਗਾ ਤਾਂ ਪਹਿਲਾਂ ਮੇਰੀ ਗੁੱਤ ਪੱਟੂ ਤੇ ਫੇਰ ਤੇਰਾ ਜੂੜਾ।'

ਬੀਰੀ ਦੇ ਜਵਾਨ ਹੋਣ ਉੱਤੇ ਉਸ ਦਾ ਵਿਆਹ ਰੱਖਿਆ ਗਿਆ। ਵਿਆਹ ਬੜੇ ਚਾਵਾਂ ਨਾਲ ਹੋਇਆ। ਬੀਰੀ ਦੀ ਵਹੁਟੀ ਵੀ ਬੜੀ ਸੋਹਣੀ, ਸਿਆਣੀ ਤੇ ਭਲੀ ਮਾਂ ਦੀ ਜਾਈ ਸੀ। ਸਾਰਾ ਦਿਨ ਕੰਮ ਕਰਦੀ ਤੇ ਸੱਸ ਨੂੰ ਮੰਜੇ ਤੋਂ ਥੱਲੇ ਨਾ ਉਤਰਨ ਦਿੰਦੀ। ਨੰਦ ਕੌਰ ਨੂੰਹ ਦੀਆਂ ਸਿਫਤਾਂ ਕਰਦੀ ਨਾ ਥੱਕਦੀ। ਸਮਾਂ ਆਪਣੀ ਤੋਰ ਤੁਰਦਾ ਰਿਹਾ। ਸਾਲ ਬਾਅਦ ਬੀਰੀ ਦੇ ਘਰ ਲੜਕੀ ਪੈਦਾ ਹੋਈ। ਤਾਈ ਦਾ ਸਾਰਾ ਦਿਨ ਪੋਤੀ ਨੂੰ ਖਿਡਾਉਂਦਿਆਂ ਲੰਘ ਜਾਂਦਾ। ਇਹ ਖੁਸ਼ੀ ਜ਼ਿਆਦਾ ਦੇਰ ਨਾ ਰਹੀ। ਉਸ ਵਸਦੇ ਰਸਦੇ ਘਰ ਨੂੰ ਉਦੋਂ ਗ੍ਰਹਿਣ ਲੱਗ ਗਿਆ, ਜਦੋਂ ਬੀਰੀ ਗਰਮੀ ਰੁੱਤੇ ਕੋਠੇ ਉੱਤੇ ਸੁੱਤਾ ਹੋਇਆ ਭੁਲੇਖੇ ਨਾਲ ਥੱਲੇ ਡਿੱਗ ਪਿਆ। ਇਲਾਜ ਲਈ ਉਸ ਨੂੰ ਨੇੜੇ ਦੇ ਸ਼ਹਿਰ ਦੇ ਹਸਪਤਾਲ ਵੀ ਲੈ ਕੇ ਗਏ। ਉਥੋਂ ਜਵਾਬ ਮਿਲਣ ਉੱਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪੀ ਜੀ ਆਈ ਚੰਡੀਗੜ੍ਹ ਲੈ ਕੇ ਗਏ, ਪਰ ਉਹ ਬਚ ਨਾ ਸਕਿਆ। ਪਿੰਡ ਵਿੱਚ ਭੋਗ ਤੱਕ ਸੋਗ ਪਿਆ ਰਿਹਾ। ਸਮਾਂ ਬੀਤਦਾ ਗਿਆ। ਨੂੰਹ ਰੱਬ ਦਾ ਭਾਣਾ ਮੰਨ ਕੇ ਸੱਸ ਦੀ ਸੇਵਾ ਕਰਦੀ ਰਹੀ। ਉਹ ਆਪ ਭਾਵੇਂ ਅੰਦਰ ਵੜ ਕੇ ਰੋ ਲੈਂਦੀ, ਪਰ ਸੱਸ ਨੂੰ ਹੌਸਲਾ ਦਿੰਦੀ ਰਹਿੰਦੀ। ਆਖਰ ਮਾਪਿਆਂ ਨੂੰ ਆਪਣੀ ਜਵਾਨ ਧੀ ਦਾ ਫਿਕਰ ਸੀ ਕਿ ਕਿਤੇ ਹੋਰ ਤੋਰਿਆ ਜਾਵੇ। ਨੂੰਹ ਨੇ ਨੰਦ ਕੌਰ ਨੂੰ ਦੱਸਿਆ, 'ਬੇਬੇ ਜੀ! ਮੈਨੂੰ ਮੇਰਾ ਬਾਪੂ ਕਿਤੇ ਹੋਰ ਤੋਰਨ ਨੂੰ ਫਿਰਦੈ। ਤੂੰ ਕਿਸੇ ਰਿਸ਼ਤੇਦਾਰੀ ਵਿੱਚੋਂ ਮੇਰੇ ਲਈ ਥਾਂ ਭਾਲ ਲੈ, ਨਹੀਂ ਤਾਂ ਆਪਣੀ ਤਿੰਨਾਂ ਦੀ ਜੂਨ ਖਰਾਬ ਹੋਜੂਗੀ। ਤੂੰ ਧੀਆਂ ਦੇ ਬਾਰ ਬੈਠੇਂਗੀ, ਇਹ ਜਵਾਕੜੀ ਰੁਲਦੀ ਮੈਥੋਂ ਨ੍ਹੀਂ ਜਰੀ ਜਾਣੀ।' ਤਿੰਨ ਸਾਲ ਤੱਕ ਉਹ ਕੁੜੀ ਮਾਪਿਆਂ ਨੂੰ ਜਵਾਬ ਦਿੰਦੀ ਰਹੀ। ਆਖਰ ਸਾਰੇ ਰਿਸ਼ਤੇਦਾਰਾਂ ਨੇ ਚੰਗਾ ਘਰਾਣਾ ਲੱਭ ਕੇ ਗੱਲ ਚਲਾਈ। ਉਸ ਕੁੜੀ ਨੇ ਸਾਰੀਆਂ ਸੰਗਾਂ ਸ਼ਰਮਾਂ ਲਾਹ ਕੇ ਖੁਦ ਉਨ੍ਹਾਂ ਤੋਂ ਪੁੱਛਿਆ, 'ਜੇ ਮੇਰੀ ਸੱਸ ਦੀ ਆਪਣੀ ਮਾਂ ਬਰਾਬਰ ਸਾਂਭ ਸੰਭਾਲ ਕਰੋਗੇ ਤਾਂ ਹਾਂ ਕਰਿਓ, ਨਹੀਂ ਤਾਂ ਅਸੀਂ ਆਪਦੇ ਘਰੇ ਚੰਗੀਆਂ ਹਾਂ।'

ਕਈਆਂ ਨੇ ਇਸ ਦਾ ਬੁਰਾ ਮਨਾਇਆ ਤੇ ਕਈਆਂ ਨੇ ਸੱਸ ਪ੍ਰਤੀ ਮੋਹ ਦੀ ਪ੍ਰਸੰਸਾ ਕੀਤੀ। ਆਖਰ ਰਿਸ਼ਤਾ ਪੱਕਾ ਹੋ ਗਿਆ ਤੇ ਕੁੜੀ ਨੂੰ ਪੇਕੇ ਘਰੋਂ ਤੋਰਿਆ ਗਿਆ। ਕੁਝ ਸਮੇਂ ਬਾਅਦ ਉਹ ਆਪਣੀ ਸੱਸ ਨੂੰ ਕੋਲ ਲੈ ਗਈ। ਇਕ ਪਾਸੇ ਜਿਥੇ ਨੰਦ ਕੌਰ ਨੂੰ ਆਪਣਾ ਘਰ ਉਜੜਨ ਦੀ ਗਮੀ ਸੀ, ਉਥੇ ਨੂੰਹ ਨੂੰ ਚੰਗਾ ਟਿਕਾਣਾ ਮਿਲਣ ਦਾ ਭਰੋਸਾ ਅਤੇ ਖੁਸ਼ੀ ਸੀ। ਇਸ ਭਲੀ ਲੜਕੀ ਦੀ ਸਿਆਣਪ ਨੇ ਮੁੜ ਤੋਂ ਘਰ ਹਸਦਾ ਵਸਦਾ ਕਰ ਲਿਆ। ਹਦਾਇਤ ਅਨੁਸਾਰ ਮੁੰਡਾ ਖੇਤੋਂ ਆਉਂਦੇ ਸਾਰ ਹੀ ਪਹਿਲਾਂ ਤਾਈ ਨੰਦ ਕੌਰ ਦਾ ਹਾਲ ਪੁੱਛਦਾ ਤੇ ਪਿੱਛੋਂ ਆਪਣੀ ਸਕੀ ਮਾਂ ਦਾ।

ਕੁਝ ਸਾਲ ਪਹਿਲਾਂ ਨੰਦ ਕੌਰ ਦੀ ਪੋਤਰੀ ਦਾ ਵਿਆਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਅਮਰਜੀਤ (ਨੂੰਹ ਦਾ ਫਰਜ਼ੀ ਨਾਂ) ਦੇ ਪਰਵਾਰ ਵੱਲੋਂ ਕੀਤਾ ਗਿਆ। ਮਰਨ ਕਿਨਾਰੇ ਪਈ ਨੰਦ ਕੌਰ ਸ਼ਰੀਕੇ ਕਬੀਲੇ ਨੂੰ ਦੇਖ ਕੇ ਅੰਤਾਂ ਦੀ ਖੁਸ਼ ਹੋਈ, ਪਰ ਵਿਆਹ ਤੋਂ ਥੋੜ੍ਹੇ ਦਿਨ ਮਗਰੋਂ ਉਹ ਚੱਲ ਵਸੀ। ਅਮਰਜੀਤ ਨੇ ਭਾਵੇਂ ਨਵੀਂ ਦੁਨੀਆ ਵਸਾ ਲਈ ਪਰ ਉਸ ਵੱਲੋਂ ਗਰੀਬੀ ਦੀ ਜ਼ਿੱਲਤ ਦੌਰਾਨ ਵੀ ਸੱਸ ਦੀ ਸੇਵਾ ਟਹਿਲ ਦੇ ਮੱਦੇਨਜ਼ਰ ਉਸ ਪ੍ਰਤੀ ਸਤਿਕਾਰ ਹੁਣ ਵੀ ਪੂਰੇ ਪਿੰਡ ਵਾਸੀਆਂ ਦੇ ਮਨਾਂ ਵਿੱਚ ਹੈ।

## ਮਿਨੀ ਕਹਾਣੀ

### ਫਾਲਤੂ ਤੇਲ

-ਮਾ. ਬੋਹੜ ਸਿੰਘ ਮੱਲ੍ਹਣ

ਹਰਨਾਮ ਸਿੰਘ ਹੁਰੀਂ ਚਾਰ ਭਰਾ ਸਨ। ਉਨ੍ਹਾਂ ਦਿਨਾਂ ਵਿੱਚ ਜ਼ਮੀਨਾਂ ਚਾਹੇ ਥੋੜ੍ਹੀਆਂ ਸਨ ਜਾਂ ਬਹੁਤੀਆਂ, ਨਹਿਰੂ ਪਾਣੀ ਦੀ ਘਾਟ ਕਰ ਕੇ ਬਰਾਨੀ ਖੇਤੀ ਤੋਂ ਫਸਲਾਂ ਘੱਟ ਹੁੰਦੀਆਂ ਸਨ। ਫਲਸਰੂਪ ਹਰਨਾਮ ਸਿੰਘ ਦਾ ਵਿਆਹ ਨਾ ਹੋ ਸਕਿਆ, ਜਦ ਕਿ ਬਾਕੀ ਤਿੰਨੇ ਵਿਆਹੇ ਗਏ। ਉਹ ਸ਼ੁਰੂ ਤੋਂ ਹੀ ਆਪਣੇ ਇੱਕ ਭਰਾ ਦੇ ਪੁੱਤਰ ਯਾਨੀ ਭਤੀਜੇ ਨਾਲ ਹੀ ਰਹਿੰਦਾ ਸੀ। ਉਹ ਭਤੀਜਾ ਉਸ ਦੀ ਤਨੋਂ-ਮਨੋਂ ਸੇਵਾ ਸੰਭਾਲ ਕਰਦਾ ਕਦੇ ਵੀ ਮੱਥੇ ਵੱਟ ਨਹੀਂ ਪਾਉਂਦਾ ਸੀ।

ਉਸ ਦੇ ਭਤੀਜੇ ਦੀ ਅਚਾਨਕ ਮੌਤ ਹੋ ਗਈ। ਕੁਝ ਸਮਾਂ ਬੀਤਣ ਮਗਰੋਂ ਆਪਣਾ ਅੰਤ ਸਮਾਂ ਨੇੜੇ ਸਮਝਦਿਆਂ ਹਰਨਾਮ ਸਿੰਘ ਨੇ ਆਪਣੇ ਹਿੱਸੇ ਦੀ ਜ਼ਮੀਨ ਆਪਣੇ ਉਸ ਭਤੀਜੇ ਦੇ ਦੋਵਾਂ ਪੁੱਤਰਾਂ ਦੇ ਨਾਂਅ ਇੱਕੋ ਜਿੰਨੀ ਕਰਵਾ ਦਿੱਤੀ ਸੀ। ਉਸ ਦੀ ਮੌਤ ਤੋਂ ਬਾਅਦ ਨਿਯਮਾਂ ਅਨੁਸਾਰ ਦੋਵਾਂ ਦੇ ਨਾਂਅ ਇੰਤਕਾਲ ਹੋ ਗਿਆ ਤੇ ਉਹ ਮਾਲਕ ਅਤੇ ਕਾਬਜ਼ ਹੋ ਗਏ। ਹਰਨਾਮ ਸਿੰਘ ਦੀ ਮੌਤ ਬਾਅਦ ਪਹਿਲੀ ਦੀਵਾਲੀ ਆਈ। ਸਭ ਲੋਕ ਆਪਣੇ ਜਹਾਨੋਂ ਤੁਰ ਗਏ ਪਿੱਤਰਾਂ ਦੀ ਯਾਦ ਵਿੱਚ ਸ਼ਮਸ਼ਾਨਘਾਟ ਵਿਖੇ ਦੀਵੇ ਜਗਾਉਣ ਦੀਆਂ ਤਿਆਰੀਆਂ ਕਰ ਰਹੇ ਸਨ। ਹਰਨਾਮ ਸਿੰਘ ਦੇ ਦੋਵਾਂ ਵਾਰਸਾਂ ਵਿੱਚੋਂ ਛੋਟਾ ਵੱਡੇ ਨੂੰ ਕਹਿੰਦਾ, ''ਵੀਰੇ! ਚੱਲ ਆਪਾਂ ਵੀ ਬਾਪੂ ਦੇ ਸਿਵੇ ਤੇ ਦੀਵੇ ਬਾਲ ਆਈਏ।''

ਵੱਡੇ ਨੇ ਝੱਟ ਮੋੜਵਾਂ ਜਵਾਬ ਦਿੱਤਾ, ''ਨਿੱਕੇ! ਬਾਪੂ ਦੀ ਜ਼ਮੀਨ ਉਤੇ ਆਪਣਾ ਹੱਕ ਸੀ, ਸਾਨੂੰ ਮਿਲ ਗਈ। ਆਪਾਂ ਕਿਉਂ ਉਥੇ ਜਾ ਕੇ ਫਾਲਤੂ ਤੇਲ ਫੂਕੀਏ। ਚੱਲ! ਪਟਾਕੇ ਚਲਾਈਏ ਤੇ ਮਠਿਆਈ ਖਾਈਏ।''

ਘਰ ਵਿੱਚ ਖੁਸ਼ੀਆਂ, ਖੇੜੇ ਤੇ ਚਾਨਣ ਸੀ, ਪ੍ਰੰਤੂ ਹਰਨਾਮ ਸਿੰਘ ਦੇ ਸਿਵੇ ਉੱਤੇ ਪਹਿਲੀ ਦੀਵਾਲੀ ਸਮੇਂ ਹੀ ਔਂਤਰਿਆਂ ਵਰਗਾ ਹਨੇਰਾ ਸੀ।

Action Kitchen & Bath Inc

MANUFACTURE OF FINE CUSTOM KITCHEN AND BATH VANITIES

BUY DIRECT FROM THE FACTORY AND SAVE

ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ

SPECIAL DISCOUNT FOR CONTRACTORS

Custom Kitchen & Vanities • Granite Countertops

Complete Kitchen & Bathroom Renovations

3D Computer Design

We will beat any written quote by 10%

Call for FREE In-Home Estimate

905-799-7277 or 1-800-536-2480

Mon - Fri : 9am to 6pm Sat: 11am - 4pm

Sun: APPOINTMENT ONLY

actionkitchen@live.ca

www.actionkitchen.ca

8 Starthern Ave, Unit 1 & 2, Brampton (South of Steeles facing Dixie)



BEST CANADIAN TRUCK & FORKLIFT TRAINING CENTRE

Registered as a Private Career College Under the Private Career Colleges Act. 2005



* AZ Tractor Trailer Program

* Manual Transmission & Backup Training Everyday

* We Welcome Welfare & Workers Compensation Clients

Cell: 416-670-3173

Tell: 905-799-7333

**SPECIAL** Forklift Re-Certification Only $69

Open 7 Days

27-B Edvac Drive, Brampton, ON L6S 5X8



Karnail Singh

# ਮੇਰਾ ਸੁਫਨਾ ਪੂਰਾ ਹੋ ਗਿਆ : ਕਾਰਤਿਕ ਆਰੀਅਨ



ਡਾਇਰੈਕਟਰ ਲਵ ਰੰਜਨ ਨਾਲ ਸੁਪਰਹਿੱਟ ਫਿਲਮਾਂ ਕਰ ਰਹੇ ਕਾਰਤਿਕ ਆਰੀਅਨ ਦੇ ਕੋਲ ਇਨ੍ਹੀਂ ਦਿਨੀਂ ਕ੍ਰਿਤੀ ਸਨਨ ਦੇ ਨਾਲ 'ਲੁਕਾ ਛੁਪੀ' ਮੌਜੂਦ ਹੈ। ਪੇਸ਼ ਹਨ ਇਸੇ ਸਿਲਸਿਲੇ ਵਿੱਚ ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼:

* ਕਾਮਯਾਬੀ ਨੇ ਤੁਹਾਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਕਿਹਾ ਜਾ ਰਿਹਾ ਹੈ ਕਿ ਤੁਸੀਂ ਆਪਣੀ ਫੀਸ ਅਚਾਨਕ ਕਾਫੀ ਵਧਾ ਦਿੱਤੀ ਹੈ?

– ਮੈਂ ਐਕਟਿੰਗ ਨੂੰ ਆਪਣਾ ਕਰੀਅਰ ਬਣਾਉਣ ਲਈ ਕਾਫੀ ਸੰਘਰਸ਼ ਕੀਤਾ ਹੈ। ਕਈ ਰਿਜੈਕਸ਼ਨ ਦੇ ਬਾਅਦ ਮੈਨੂੰ ਇੱਕ ਐਡ ਮਿਲੀ ਤੇ ਉਸ ਇੱਕੋ ਐਡ ਨੇ ਮੈਨੂੰ ਬੁਰੇ ਵਕਤ ਨੂੰ ਚੰਗੇ ਵਿੱਚ ਬਦਲਣ ਦੀ ਤਾਕਤ ਦਿੱਤੀ। ਕਿਸਮਤ ਨੇ ਮੇਰਾ ਸਾਥ ਦਿੱਤਾ ਅਤੇ ਅਚਾਨਕ ਮੈਨੂੰ 'ਪਿਆਰ ਕਾ ਪੰਚਨਾਮਾ' ਮਿਲੀ। ਉਸ ਦੇ ਬਾਅਦ ਮੇਰਾ ਸਫਰ ਸ਼ੁਰੂ ਹੋ ਸਕਿਆ। ਮੈਂ ਅੱਜ ਵੀ ਆਪਣੇ ਉਹ ਵਕਤ ਭੁੱਲਿਆ ਨਹੀਂ, ਇਸ ਲਈ ਬਦਲਣ ਦਾ ਸਵਾਲ ਨਹੀਂ। ਜਿੱਥੋਂ ਤੱਕ ਫੀਸ ਦੀ ਗੱਲ ਹੈ, ਮੈਨੂੰ ਆਪਣੀ ਪਹਿਲੀ ਫਿਲਮ ਦੇ ਮੁਕਾਬਲੇ 20 ਗੁਣਾ ਜ਼ਿਆਦਾ ਫੀਸ ਮਿਲ ਰਹੀ ਹੈ, ਪਰ ਇਹ ਸਭ ਕੁਝ ਆਪਣੇ ਆਪ ਹੋਇਆ ਹੈ।

* ਤਾਂ ਕੀ ਅੱਜ ਤੁਸੀਂ ਸੰਘਰਸ਼ ਵਾਲੇ ਦੌਰ ਵਿੱਚੋਂ ਬਾਹਰ ਆ ਚੁੱਕੇ ਹੋ?

– ਨਹੀਂ, ਮੇਰਾ ਸੰਘਰਸ਼ ਅੱਜ ਵੀ ਪਹਿਲਾਂ ਵਾਂਗ ਜਾਰੀ ਹੈ। ਪਹਿਲਾਂ ਕੰਮ ਹਾਸਲ ਕਰਨ ਲਈ ਸੰਘਰਸ਼ ਕਰਦਾ ਸੀ ਤੇ ਅੱਜ ਚੰਗਾ ਕੰਮ ਹਾਸਲ ਕਰਨ ਲਈ ਕਰਦਾ ਹਾਂ। ਮੈਨੂੰ ਲੱਗਦਾ ਹੈ ਕਿ ਇਹ ਸੰਘਰਸ਼ ਕਦੇ ਖਤਮ ਹੋਣ ਵਾਲਾ ਨਹੀਂ, ਕਿਉਂਕਿ ਮੈਂ ਇਸ ਨੂੰ ਕਦੇ ਖਤਮ ਨਾ ਹੋਣ ਵਾਲੀ ਪ੍ਰਕਿਰਿਆ ਮੰਨਦਾ ਹਾਂ।

* ਤੁਸੀਂ ਅੱਜ ਤੱਕ ਲਵ ਰੰਜਨ ਨਾਲ ਜ਼ਿਆਦਾਤਰ ਫਿਲਮਾਂ ਕੀਤੀਆਂ ਹਨ। ਤੁਹਾਡੀ ਜ਼ਿੰਦਗੀ ਵਿੱਚ ਉਨ੍ਹਾਂ ਦਾ ਕੀ ਦਰਜਾ ਹੈ? ਕੀ ਤੁਸੀਂ ਉਨ੍ਹਾਂ ਨੂੰ ਆਪਣਾ ਗਾਡਫਾਦਰ ਮੰਨਦੇ ਹੋ?

– ਮੈਂ ਉਨ੍ਹਾਂ ਨੂੰ ਗਾਡਫਾਦਰ ਨਹੀਂ, ਇੱਕ ਮੂਰਤੀਕਾਰ ਕਹਿਣਾ ਚਾਹਾਂਗਾ। ਉਹ ਮੇਰੇ ਲਈ ਕਿਸੇ ਮਸੀਹਾ ਦੀ ਤਰ੍ਹਾਂ ਸਾਬਿਤ ਹੋਏ ਹਨ। ਮੈਂ ਉਨ੍ਹਾਂ ਨਾਲ ਅੱਠ ਸਾਲ ਤੋਂ ਜੁੜਿਆ ਹਾਂ। ਉਨ੍ਹਾਂ ਨੇ ਮੈਨੂੰ ਮੇਰੀ ਪਹਿਲੀ ਫਿਲਮ 'ਪਿਆਰ ਕਾ ਪੰਚਨਾਮਾ' ਤੋਂ ਲੈ ਕੇ 'ਸੋਨੂੰ ਕੇ ਟੀਟੂ ਕੀ ਸਵੀਟੀ' ਤੱਕ ਕਾਫੀ ਤਰਾਸ਼ਿਆ ਹੈ।

* ਤੁਸੀਂ ਕਰਣ ਜੌਹਰ ਦੇ ਧਰਮਾ ਪ੍ਰੋਡਕਸ਼ਨ ਲਈ ਰਾਜ ਮਹਿਤਾ ਦੇ ਡਾਇਰੈਕਸ਼ਨ ਵਿੱਚ ਫਿਲਮ ਕਰਨ ਜਾ ਰਹੇ ਹੋ। ਉਸ ਦੇ ਬਾਰੇ ਕੁਝ ਦੱਸੋ?

– ਹਰ ਅਭਿਨੇਤਾ ਦਾ ਸੁਫਨਾ ਹੁੰਦਾ ਹੈ ਕਿ ਉਸ ਨੂੰ ਕਰਣ ਜੌਹਰ ਦੇ ਬੈਨਰ ਨਾਲ ਕੰਮ ਕਰਨ ਦਾ ਮੌਕਾ ਮਿਲੇ। ਇਹ ਸੁਫਨਾ ਮੈਂ ਵੀ ਦੇਖਿਆ ਸੀ। ਉਨ੍ਹਾਂ ਦੀਆਂ ਕਈ ਫਿਲਮਾਂ ਲਈ ਆਡੀਸ਼ਨ ਦੇ ਚੁੱਕਾ ਸੀ। ਫਿਰ ਕਿਤੇ ਉਨ੍ਹਾਂ ਦੇ ਬੈਨਰ ਦੀ ਫਿਲਮ ਸਾਈਨ ਕੀਤੀ ਹੈ। ਮੈਂ ਖੁਦ ਨੂੰ ਖੁਸ਼ਕਿਸਮਤ ਮੰਨਦਾ ਹਾਂ ਕਿ ਇੰਨੀ ਜਲਦੀ ਮੇਰਾ ਸੁਫਨਾ ਪੂਰਾ ਹੋ ਗਿਆ ਹੈ।

* 'ਲੁਕੀ ਛੁਪੀ' ਦੇ ਬਾਰੇ ਕੁਝ ਦੱਸੋ?

– ਇਸ ਫਿਲਮ ਵਿੱਚ ਕ੍ਰਿਤੀ ਸਨਨ ਨਾਲ ਕੰਮ ਕਰ ਰਿਹਾ ਹਾਂ। ਉਹ ਉੱਤਰ ਪ੍ਰਦੇਸ਼ ਦੇ ਸ਼ਹਿਰ ਮਥੁਰਾ ਦੀ ਲਵ ਸਟੋਰੀ ਹੈ। ਇਸ ਵਿੱਚ ਮੈਂ ਮਥੁਰਾ ਦੇ ਲੋਕਲ ਟੀ ਵੀ ਚੈਨਲ ਦੇ ਰਿਪੋਰਟਰ ਦਾ ਕਿਰਦਾਰ ਨਿਭਾ ਰਿਹਾ ਹਾਂ ਅਤੇ ਕ੍ਰਿਤੀ ਇੱਕ ਮਾਡਰਨ ਲੜਕੀ ਹੈ, ਜੋ ਮੇਰਾ ਲਵ ਇੰਟ੍ਰਸਟ ਹੈ। ਇਹ 2019 ਵਿੱਚ ਰਿਲੀਜ਼ ਹੋਵੇਗੀ।

# ਕੰਪੀਟੀਸ਼ਨ ਵਿੱਚ ਵਿਸ਼ਵਾਸ ਨਹੀਂ : ਜਾਹਨਵੀ

ਸ੍ਰੀਦੇਵੀ ਤੇ ਬੋਨੀ ਕਪੂਰ ਦੀ ਵੱਡੀ ਬੇਟੀ ਜਾਹਨਵੀ ਕਪੂਰ ਨੇ ਕਰਣ ਜੌਹਰ ਦੇ ਧਰਮਾ ਪ੍ਰੋਡਕਸ਼ਨ ਵੱਲੋਂ ਨਿਰਮਿਤ, ਸ਼ਸ਼ਾਂਕ ਖੇਤਾਨ ਦੇ ਨਿਰਦੇਸ਼ਨ ਵਾਲੀ 'ਧੜਕ' ਨਾਲ ਬਾਲੀਵੁੱਡ ਵਿੱਚ ਡੈਬਿਊ ਕੀਤਾ, ਪਰ ਸੈਲੀਬ੍ਰਿਟੀਜ਼ ਦੀ ਬੇਟੀ ਹੋਣ ਦੇ ਕਾਰਨ ਆਪਣੇ ਡੈਬਿਊ ਤੋਂ ਪਹਿਲਾਂ ਹੀ ਉਹ ਸਟਾਰ ਬਣ ਚੁੱਕੀ ਸੀ। ਸਟਾਰ ਕਿਡ ਹੋਣ ਕਾਰਨ ਜਾਹਨਵੀ 'ਤੇ ਕਾਮਯਾਬੀ ਦਾ ਜ਼ਬਰਦਸਤ ਦਬਾਅ ਸੀ। ਜਾਹਨਵੀ ਨੇ ਦਬਾਅ ਦੇ ਬਾਵਜੂਦ ਖੁਦ ਨੂੰ ਸਾਬਿਤ ਕਰ ਦਿਖਾਇਆ। 'ਧੜਕ' ਦੇ ਬਾਅਦ ਕਰਣ ਜੌਹਰ ਦੀ ਅਗਲੀ ਫਿਲਮ 'ਤਖਤ' ਵਿੱਚ ਜਾਹਨਵੀ, ਰਣਵੀਰ ਸਿੰਘ, ਕਰੀਨਾ ਕਪੂਰ, ਆਲੀਆ ਭੱਟ, ਅਨਿਲ ਕਪੂਰ ਤੇ ਵਿੱਕੀ ਕੌਸ਼ਲ ਦੇ ਨਾਲ ਮਹੱਤਵ ਪੂਰਨ ਕਿਰਦਾਰ ਨਿਭਾਅ ਰਹੀ ਹੈ। ਕਿਹਾ ਜਾਂਦਾ ਹੈ ਕਿ ਕਰਣ ਜੌਹਰ, ਸ਼ਾਹਰੁਖ ਖਾਨ ਦੇ ਬੇਟੇ ਆਰੀਅਨ ਖਾਨ ਦੇ ਆਪੋਜ਼ਿਟ ਜਾਹਨਵੀ ਨੂੰ ਲੈ ਕੇ ਇੱਕ ਫਿਲਮ ਸ਼ੁਰੂ ਕਰਨਾ ਚਾਹੁੰਦੇ ਸਨ, ਪਰ ਸ਼ਾਹਰੁਖ ਨੇ ਦਿਲਚਸਪੀ ਨਹੀਂ ਦਿਖਾਈ। ਚਰਚਾ ਹੈ ਕਿ ਕਰਣ ਜੌਹਰ ਜਾਹਨਵੀ ਕਪੂਰ ਦੇ ਨਾਲ ਇੰਡੀਅਨ ਏਅਰ ਫੋਰਸ ਦੀ ਪਹਿਲੀ ਮਹਿਲਾ ਚਾਪਰ ਪਾਇਲਟ ਗੁੰਜਨ ਸਕਸੈਨਾ ਦੀ ਬਾਇਓਪਿਕ ਬਣਾਉਣ ਜਾ ਰਹੇ ਹਨ। ਗੁੰਜਨ ਸਕਸੈਨਾ ਉਹੀ ਲੜਕੀ ਹੈ ਜਿਸ ਨੇ 1999 ਵਿੱਚ ਕਾਰਗਿਲ ਯੁੱਧ ਦੇ ਦੌਰਾਨ ਬਹਾਦਰੀ ਦਾ ਸਬੂਤ ਦਿੰਦੇ ਹੋਏ ਕਈ ਫੌਜੀਆਂ ਦੀ ਜਾਨ ਬਚਾਈ ਸੀ। ਪੇਸ਼ ਹਨ ਜਾਹਨਵੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਜਦ ਤੁਹਾਡੇ ਪਾਪਾ ਅਤੇ ਭੈਣ ਖੁਸ਼ੀ ਨੇ ਪਹਿਲੀ ਵਾਰ 'ਧੜਕ' ਦੇਖੀ, ਉਨ੍ਹਾਂ ਦੀ ਕਿਸ ਤਰ੍ਹਾਂ ਦੀ ਪ੍ਰਤੀਕਿਰਿਆ ਸੀ?

– ਉਹ ਫਿਲਮ ਵਿੱਚ ਮੇਰੇ ਕੰਮ ਤੋਂ ਜਿੰਨੇ ਖੁਸ਼ ਸਨ, ਉਸ ਤੋਂ ਕਿਤੇ ਵੱਧ ਫਿਲਮ ਨੂੰ ਮਿਲਦੀ ਲੋਕਾਂ ਦੀ ਪ੍ਰਤੀਕਿਰਿਆ ਤੋਂ ਖੁਸ਼ ਸਨ। ਜਦ ਡੈਡੀ ਨੂੰ ਪਤਾ ਲੱਗਾ ਕਿ ਫਿਲਮ ਹਿਟ ਹੋ ਚੁੱਕੀ ਹੈ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਸਨ। ਮੈਂ ਇਸ ਨੂੰ ਮੰਮੀ ਦਾ ਅਸ਼ੀਰਵਾਦ ਮੰਨਦੀ ਹਾਂ ਕਿ ਫਿਲਮ ਨੂੰ ਇੰਨੀ ਸਕਾਰਾਤਮਕ ਪ੍ਰਤੀਕਿਰਿਆ ਮਿਲ ਸਕੀ।

* ਕੀ ਕਦੇ ਇਹ ਮਹਿਸੂਸ ਹੋਇਆ ਕਿ ਇੱਕ ਫਿਲਮੀ ਪਰਵਾਰ ਨਾਲ ਸੰਬੰਧਤ ਹੋਣ ਦੇ ਕਾਰਨ ਤੁਹਾਨੂੰ ਅਭਿਨੇਤਰੀ ਬਣਨ ਦਾ ਮੌਕਾ ਮਿਲਿਆ

– ਯਕੀਨਨ ਇਸ ਪਹਿਲੇ ਮੌਕੇ ਲਈ ਮੈਂ ਪ੍ਰੋਡਕਸ਼ਨ ਹਾਊਸ, ਕ੍ਰਿਟਿਕਸ ਤੇ ਦਰਸ਼ਕ ਸਾਰਿਆਂ ਦੀ ਧੰਨਵਾਦੀ ਹਾਂ, ਪਰ ਮੈਨੂੰ ਆਪਣੇ ਫਰਜ਼ ਦਾ ਅਹਿਸਾਸ ਸ਼ੁਰੂ ਤੋਂ ਰਿਹਾ ਹੈ, ਇਸ ਲਈ ਮੈਂ ਲਾਭ ਲੈਣ ਦੀ ਕੋਸ਼ਿਸ਼ ਨਹੀਂ ਕੀਤੀ, ਸਖਤ ਮਿਹਨਤ ਕਰ ਕੇ ਖੁਦ ਨੂੰ ਸਾਬਿਤ ਕੀਤਾ ਹੈ।

* ਆਉਂਦੇ ਸਮੇਂ ਵਿੱਚ ਸਾਰਾ ਅਲੀ ਖਾਨ, ਅਨੰਨਿਆ ਪਾਂਡੇ ਤੇ ਤਾਰਾ ਸੁਤਾਰੀਆ ਆਦਿ ਕਈ ਅਭਿਨੇਤਰੀਆਂ ਬਾਲੀਵੁੱਡ ਡੈਬਿਊ ਕਰਨ ਜਾ ਰਹੀਆਂ ਹਨ। ਕੀ ਉਨ੍ਹਾਂ ਨੂੰ ਲੈ ਕੇ ਮਨ ਵਿੱਚ ਥੋੜ੍ਹੀ ਅਸੁਰੱਖਿਆ ਹੁੰਦੀ ਹੈ?

– ਕਿਸੇ ਨਾਲ ਕੰਪੀਟੀਸ਼ਨ ਕਰਨਾ ਮੈਨੂੰ ਕਦੇ ਚੰਗਾ ਨਹੀਂ ਲੱਗਦਾ। ਮੈਂ ਇਸ ਨੂੰ ਇੱਕ ਬੜੀ ਬੁਰੀ ਚੀਜ਼ ਮੰਨਦੀ ਹਾਂ। ਅਸੀਂ ਇੱਕ ਦੂਸਰੇ ਦੀ ਸਫਲਤਾ ਅਤੇ ਖੁਸ਼ੀਆਂ ਵਿੱਚ ਬਰਾਬਰ ਸ਼ਰੀਕ ਰਹਿ ਕੇ ਇੰਜੁਆਏ ਕਰ ਸਕਦੇ ਹਾਂ। ਇਹ ਦੇਖਣਾ ਚੰਗਾ ਲੱਗਦਾ ਹੈ ਕਿ ਇੰਡਸਟਰੀ ਵਿੱਚ ਲਗਾਤਾਰ ਨਿਊ ਟੈਲੇਂਟ ਆਉਂਦੇ ਹਨ। ਜੇ ਤੁਸੀਂ ਚੰਗਾ ਕੰਮ ਕਰ ਰਹੇ ਹੋ ਤਾਂ ਦੂਸਰੇ ਦਾ ਚੰਗਾ ਕੰਮ ਵੀ ਤੁਹਾਨੂੰ ਐਕਸੈਪਟ ਕਰਨਾ ਚਾਹੀਦਾ ਹੈ। ਮੈਂ ਬਤੌਰ ਦਰਸ਼ਕ ਸਾਰਾ, ਅਨੰਨਿਆ ਅਤੇ ਤਾਰਾ ਦੀਆਂ ਫਿਲਮਾਂ ਦੇਖਣ ਦੇ ਲਈ ਬੇਹੱਦ ਐਕਸਾਈਟਿਡ ਹਾਂ। ਮੈਂ ਸਕਰੀਨ 'ਤੇ ਉਨ੍ਹਾਂ ਦਾ ਮੈਜਿਕ ਦੇਖਣਾ ਚਾਹੁੰਦੀ ਹਾਂ।

* 'ਧੜਕ' ਦੇ ਬਾਅਦ ਜਦ ਕਰਣ ਜੌਹਰ ਦੇ ਪ੍ਰੋਡਕਸ਼ਨ ਵਿੱਚ 'ਤਖਤ' ਵਿੱਚ ਦੋਬਾਰਾ ਕੰਮ ਕਰਨ ਦਾ ਮੌਕਾ ਮਿਲਿਆ, ਤਦ ਕਿਹੋ ਜਿਹਾ ਮਹਿਸੂਸ ਹੋਇਆ?

– 'ਤਖਤ' ਵਿੱਚ ਕੰਮ ਕਰਨ ਦਾ ਮੌਕਾ ਮਿਲਣ ਦੀ ਗੱਲ ਸੁਣ ਕੇ ਮੈਂ ਬੇਹੱਦ ਹੈਰਾਨ ਹੋਈ ਸੀ। ਇੱਕ ਲੰਬੇ ਵਕਤ ਤੱਕ ਤਾਂ ਮੈਨੂੰ ਯਕੀਨ ਹੀ ਨਹੀਂ ਹੋਇਆ। ਮੈਂ ਖੁਦ ਨੂੰ ਖੁਸ਼ਕਿਸਮਤ ਮੰਨਦੀ ਹਾਂ ਕਿ ਇੱਕ ਵਾਰ ਫਿਰ ਉਨ੍ਹਾਂ ਦੀ ਫਿਲਮ ਵਿੱਚ ਮੈਨੂੰ ਕੰਮ ਕਰਨ ਦਾ ਮੌਕਾ ਮਿਲ ਰਿਹਾ ਹੈ।

* 'ਧੜਕ' ਦੌਰਾਨ ਸ਼ਸ਼ਾਂਕ ਖੇਤਾਨ ਨੂੰ ਤੁਸੀਂ ਪਾਪਾ ਕਹਿ ਕੇ ਸੰਬੋਧਨ ਕਰਦੇ ਸੀ?

– ਜੀ ਬਿਲਕੁਲ, ਕਿਉਂਕਿ ਆਪਣੀ ਜ਼ਿੰਦਗੀ ਵਿੱਚ ਮੈਂ ਉਨ੍ਹਾਂ ਨੂੰ ਇੱਕ ਅਸ਼ੀਰਵਾਦ ਦੀ ਤਰ੍ਹਾਂ ਦੇਖਦੀ ਹਾਂ। ਮੈਂ ਖੁਸ਼ਕਿਸਮਤ ਹਾਂ, ਜੋ ਮੈਨੂੰ ਆਪਣੀ ਪਹਿਲੀ ਫਿਲਮ ਵਿੱਚ ਉਨ੍ਹਾਂ ਵਰਗਾ ਨਿਰਦੇਸ਼ਕ ਮਿਲਿਆ। ਉਹ ਜਿੰਨੇ ਚੰਗੇ ਇਨਸਾਨ ਹਨ, ਉਸ ਤੋਂ ਕਿਤੇ ਵਧ ਕੇ ਉਮਦਾ ਇਨਸਾਨ ਹਨ। ਉਨ੍ਹਾਂ ਦੇ ਕੋਲੋਂ ਕੋਈ ਵੀ ਸਕਾਰ-ਾਤਮਕ ਊਰਜਾ ਪ੍ਰਾਪਤ ਕਰ ਸਕਦੀ ਹੈ। ਉਨ੍ਹਾਂ ਤੋ ਮੈਂ ਬਹੁਤ ਕੁਝ ਸਿਖਿਆ। ਉਨ੍ਹਾਂ ਨੇ ਨਾ ਕੇਵਲ ਮੈਨੂੰ ਪ੍ਰੇਰਨਾ ਦਿੱਤੀ ਬਲਕਿ ਲਗਾਤਾਰ ਮੇਰਾ ਸਪੋਰਟ ਸਿਸਟਮ ਵੀ ਬਣੇ ਰਹੇ।



# 'ਕਾਗਜ਼' ਲਈ ਪੰਕਜ ਤ੍ਰਿਪਾਠੀ ਨੇ ਘਟਾਇਆ ਅੱਠ ਕਿਲੋ ਵਜ਼ਨ



ਪੰਕਜ ਤ੍ਰਿਪਾਠੀ ਇਨ੍ਹੀਂ ਦਿਨੀਂ 'ਕਾਗਜ਼' ਫਿਲਮ ਦੀ ਸ਼ੂਟਿੰਗ ਵਿੱਚ ਬਿਜ਼ੀ ਹਨ। ਇਸ ਫਿਲਮ ਵਿੱਚ ਉਹ ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਦੇ ਕਿਸਾਨ ਭਰਤ ਲਾਲ ਉਰਫ ਲਾਲ ਬਿਹਾਰੀ ਦਾ ਕਿਰਦਾਰ ਨਿਭਾ ਰਹੇ ਹਨ। ਫਿਲਮ ਕਹਾਣੀ ਮੁਤਾਬਕ ਭਰਤ ਲਾਲ ਆਪਣੇ ਆਪ ਨੂੰ ਜ਼ਿੰਦਾ ਸਾਬਿਤ ਕਰਨ ਲਈ 18 ਸਾਲਾਂ ਤੱਕ ਕੋਰਟ ਦੇ ਚੱਕਰ ਲਾਉਂਦਾ ਹੈ। ਇਸ ਕਰੈਕਟਰ ਨੂੰ ਅਸਲੀ ਦਿਖਾਉਣ ਦੇ ਲਈ ਪੰਕਜ ਨੇ ਸੱਤ ਤੋਂ ਅੱਠ ਕਿਲੋ ਵਜ਼ਨ ਘਟਾਇਆ ਹੈ।

ਪੰਕਜ ਨੇ 'ਸ਼ਕੀਲਾ' ਬਾਇਓਪਿਕ ਦੇ ਆਖਰੀ ਸ਼ੂਟਿੰਗ ਸ਼ਡਿਊਲ ਤੋਂ ਹੀ ਵਜ਼ਨ ਘੱਟ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦੀ ਸ਼ੂਟਿੰਗ ਦੌਰਾਨ ਸੈਟ 'ਤੇ ਘੰਟਿਆਂ ਬੱਧੀ ਉਹ ਧੁੱਪ ਵਿੱਚ ਰਹਿੰਦੇ ਸਨ। ਇਸ ਦੇ ਇਲਾਵਾ ਪੰਕਜ ਨੇ ਗਰਮ ਪਾਣੀ ਵਿੱਚ ਸ਼ਹਿਦ, ਨਿੰਬੂ ਆਦਿ ਮਿਲਾ ਕੇ ਪੀਣ ਵਰਗੇ ਘਰੇਲੂ ਨੁਸਖੇ ਇਸਤੇਮਾਲ ਕੀਤੇ ਹਨ। ਸੂਤਰਾਂ ਦੀ ਮੰਨੀਏ ਤਾਂ ਉਨ੍ਹਾਂ ਨੇ ਤਕਰੀਬਨ ਇੱਕ ਮਹੀਨੇ ਵਿੱਚ ਸੱਤ ਤੋਂ ਅੱਠ ਕਿਲੋ ਵਜ਼ਨ ਘੱਟ ਕੀਤਾ। ਇਸ ਫਿਲਮ ਦੀ ਸ਼ੂਟਿੰਗ ਬਿਹਾਰ ਦੇ ਇੱਕ ਪਿੰਡ ਵਿੱਚ ਹੋ ਰਹੀ ਹੈ, ਫਿਲਮ ਦਾ ਨਿਰਦੇਸ਼ਨ ਸਤੀਸ਼ ਕੌਸ਼ਿਕ ਕਰ ਰਹੇ ਹਨ। ਇਸ ਨੂੰ ਅਗਲੇ ਸਾਲ ਰਿਲੀਜ਼ ਕੀਤਾ ਜਾਏਗਾ।


NEED A LAWYER ??
Red Seal NOTARY
KAUR LAW OFFICE
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਮੂੰਹੋ ਬੋਲਦੀ ਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor
ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
Squire Ellis Dr
Countryside Dr

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3



www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232


Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*
*Some Conditions Apply

Top 1% Ranked In Broker


Call For a Quick & Free Home Evaluation
www.BramptonQuickHomeEvaluation.com

(**2016,2015,2014,2013 2012,2011,2010) **(2009,2008) **(2010) **(2014)


Urgently Need New Listing in Brampton/GTA Call Jag Today To Sell Your Property For Top $$$ & Accurate Price




BRAMPTON $689,905
ਚਿੰਗਕੁਜ਼ੀ/ਵੀਲੀਅਮ ਪਾਕ੍ਰਵੇ
ਬਹੁਤ ਹੀ ਸੋਹਣਾ 4+1 ਬੈਡਰੂਮ ਐਡ 4 ਵਾਸ਼ਰੂਮ ਘਰ , ਨਵਾਂ ਪੇਂਟ, ਲੇਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਸਟੇਨਲੈਸ ਸਟੀਲ ਅਪਲਾਇੰਸਸ, ਨਵੇਂ ਰੂਫ ਸ਼ਿੰਗਲ 2018, ਗਰੇਨਾਇਟ ਕਾਂਉਟਰ ਟਾਪ, ਮਾਸਟਰ ਬੈਡਰੂਮ ਨੂੰ 5 ਪੀਸ ਇੰਨ ਸੂਟ, ਆਦਿ ਸਹੂਲਤਾਂ ਦੇ ਨੇੜੇ।




BRAMPTON $934,905
ਏਅਰਪੋਰਟ/ਬ੍ਰੇਡਨ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਡ 5 ਵਾਸ਼ਰੂਮ ਡਿਟੈਚ ਡਬਲ ਸਟੋਰੀ ਘਰ, ਫਿਨਿਸ਼ਡ ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, 9 ਫੁੱਟ ਸਿਲਿੰਗ, ਅਪਗ੍ਰੇਡਿਡ ਕਿਚਨ, ਡਬਲ ਡੋਰ ਗਰਾਜ਼, ਮਾਸਟਰ ਬੈਡਰੂਮ 6 ਪੀਸ ਈਨਸੂਟ੍, ਸਟਨਲੈਸ ਸਟੀਲ ਅਪਲਾਇੰਸਿਸ, ਆਦਿ ਸਹੂਲਤਾਂ ਦੇ ਨੇੜੇ।




BRAMPTON $1,069,905
ਜੇਮਜ਼ ਪੋਟਰ/ਬੋਣੀ ਬਰੇਸ
ਬਹੁਤ ਸੋਹਣਾ 4+1 ਬੈਡਰੂਮ ਐਡ 5 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, 3359 ਸਕੇਅਰ ਫੁੱਟ ਵਿੱਚ, ਫਿਨਿਸ਼ਡ ਬੈਸਮੈਂਟ, ਹਾਰਡਵੁਡ ਫਲੌਰ, ਮਾਸਟਰ ਬੈਡਰੂਮ 5 ਪੀਸ ਈਨਸੂਟ,ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ




BRAMPTON $787,905
ਏਅਰਪ੍ਰੋਟ ਰੋਡ/ ਕੈਸਲਮੋਰ
ਬਹੁਤ ਸੋਹਣਾ 4 ਬੈਡਰੂਮ ਐਡ 3 ਵਾਸ਼ਰੂਮ ਦਾ ਡਿਟੈਚਡ ਘਰ, 25 ਪੋਟ ਲਾਇਟਸ, ਓਪਨ ਕਾਂਸੈਪਟ, ਹਾਰਡਵੂਡ ਫਲੌਰ, ਅਪਗ੍ਰੇਡਡ ਕਿਚਨ, 4 ਕਾਰਾਂ ਦੀ ਪਾਰ੍ਕਿੰਗ, ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।




MISSISSAUGA $879,905
ਡੈਰੀ ਰੋਡ/ਹਾਇਵੇ 407
ਬਹੁਤ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਐਡ 4 ਵਾਸ਼ਰੂਮ ਡਿਟੈਚ ਘਰ, ਫੀਨਿਸ਼ਡ ਬੈਸਮੈਂਟ, ਓਕ ਸਟੇਅਰਕੇਸ , ਕਿਚਨ ਨੂੰ ਗ੍ਰੇਨਾਇਟ ਕਾਉਂਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਡਬਲ ਡੋਰ ਗਰਾਜ਼, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।



BRAMPTON $1,469,905
ਗੋਰਵੇ/ਕੰਟਰੀਸਾਇਡ
ਬਹੁਤ ਹੀ ਸੋਹਣਾ 4 ਬੈਡਰੂਮ ਐਡ 5 ਵਾਸ਼ਰੂਮ ਵਾਸ਼ਰੂਮ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਕਿਚਨ ਨੂੰ ਗ੍ਰੇਨਾਇਟ ਕਾਉਂਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।



BRAMPTON $1,729,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਸੋਹਣਾ 5+1 ਬੈਡਰੂਮ ਐਡ 5 ਵਾਸ਼ਰੂਮ ਘਰ+3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੂਡ ਫਲੌਰ, ਆਦਿ ਸਹੂਲਤਾਂ ਦੇ ਨੇੜੇ।



BRAMPTON $839,905
ਵੀਲਿਅਮਜ਼ ਪਾਕ੍ਰਵੇ/ਜੇਮਜ਼ ਪੋਟਰ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਡ 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੁਟ ਏਂਟਰੈਂਸ, 9 ਫੁੱਟ ਸਿਲਿੰਗ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।



IFS
INTERSTATE FREIGHT SYSTEMS INC.
A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Also Hiring Owner Operators for local work

Please Send Resume at: jgill@interstatefreightsystem.com
Call: 416-452-0677, 647-448-3500 (Monday to Friday | 10am to 5pm)



REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779



RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com





Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂੰਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com






LIGHT SPEED Logistics Inc.
"Always There For You"

Web: www.lslinc.com
Email: safedrivers@lslinc.com

NOW HIRING

Owner Operators:
- US Team(ON to Midwest) (Loaded/Empty) $1.80*
- US Team(Open Board) $1.73*
- US Single(ON to Midwest) $1.70*
- US Single(Open Board) $1.63*
- Canadian Team $1.66*
- Canadian Singles(AB to BC) $1.91*
- Canadian Singles(Open Board) $1.56*
- Hourly Waiting Pay
- Paid Meat Inspection

*Rates are based on the current fuel surcharge.

Company Drivers(Up to):
- US Single(ON to Midwest) $0.62
- US Single(Open Board) $0.54
- US Team $0.66
- Canadian Team $0.62
- Canadian Singles(AB to BC) $0.59
- Canadian Singles(Open Board) $0.50
- Hourly Waiting Pay
- Paid Meat Inspection

Plus Paid: Plates, Permits, HVUT, Insurance, Practical Miles, FCA Fuel Surcharge Program, Tolls, Satellite, Transponder/E-Z Pass

Cell: 416.768.5441 Off: 905.696.0700 Ext#3
6015 Kestrel Rd, Mississauga, ON L5T 1S8